# ਭਾਰਤ ਇੱਕ ਜਾਣ-ਪਛਾਣ

## ਪਾਠ-1

- **ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਸਹੀ ਉੱਤਰ ਤੇ ਸਹੀ(✓) ਠੀਕ ਦਾ ਨਿਸ਼ਾਨ ਲਗਾਓ**

1. ਭਾਰਤ ਦੀ ਉੱਤਰ ਤੋਂ ਦੱਖਣ ਤੱਕ ਲੰਬਾਈ ਹੈ।

(ੳ) 2933 ਕਿ.ਮੀ. (ਅ) 3214 ਕਿ.ਮੀ. ✓
(ੲ) 143● ਕਿ.ਮੀ. (ਸ) 1722

**ਉੱਤਰ (ਅ)**

2.ਹੇਠ ਲਿਖੀਆਂ ਵਿੱਚੋਂ ਕਿਹੜਾ ਦੇਸ਼ ਸਾਰਕ ਦਾ ਮੈਂਬਰ ਨਹੀਂ

(ੳ)ਨੇਪਾਲ (ਅ) ਭੂਟਾਨ
(ੲ) ਮਾਲਦੀਪ (ਸ) ਚੀਨ✓

**ਉੱਤਰ (ਸ)**

3. ਭਾਰਤ ਇੰਗਲੈਂਡ ਤੋਂ ਕਿਨ੍ਹੇ ਗੁਣਾਂ ਵੱਡਾ ਹੈ

(ੳ) ਅੱਠ ਗੁਣਾ (ਅ) ਦੱਸ ਗੁਣਾ
(ੲ) ਬਾਰ੍ਹਾਂ ਗੁਣਾ✓ (ਸ) ਚੌਂਹਦਾਂ ਗੁਣਾ

**ਉੱਤਰ (ੲ)**

- **ਖਾਲੀ ਥਾਵਾਂ ਲਈ ਸਹੀ ਉੱਤਰ ਚੁਣੋ:-**

1. ਆਰੀਆ ਕਾਲ ਵਿੱਚ ਭਾਰਤ ਨੂੰ ...................................... ਨਾ ਦਿੱਤਾ ਗਿਆ?
   ✓
   (ਆਰੀਆਵਰਤ, ਸਿੰਧੂ)
2. ਭਾਰਤ ਨੂੰ............................... ਦੋ ਬਰਾਬਰ ਹਿੱਸਿਆਂ ਵਿੱਚ ਵੰਡਦੀ ਹੈ।
   ✓
   (ਗੰਗਾ, ਕਰਕਰੇਖਾ)
3. ਖੇਤਰਫਲ ਪੱਖੋਂ........................... ਸਭ ਤੋਂ ਰਾਜ ਹੈ।
   ✓
   (ਰਾਜਸਥਾਨ, ਕ੍ਰਿਸ਼ਨਨਦੀ)
4. ਵਸੋਂ ਦੇ ਪੱਖੋਂ ਭਾਰਤ ਨੂੰ ਸੰਸਾਰ ਵਿੱਚ...................... ਸਥਾਨ ਪ੍ਰਾਪਤ ਹੈ।
   ✓
   (ਦੂਜਾ, ਸਮਤਲ)
5. ਭਾਰਤ ਵਿੱਚ ਕੇਂਦਰ ਸ਼ਾਸਿਤ ਪ੍ਰਦੇਸ਼....................... ਹਨ
   ✓
   (ਸੱਤ, ਡੈਲਟਾ)

- **ਸਹੀ ਉੱਤਰ ਨਾਲ ਮਿਲਾਨ ਕਰੋ**

| | |
|---|---|
| 1. ਰਾਜਧਾਨੀ | ਹਿੰਦ ਮਹਾਂਸਾਗਰ(7) |
| 2. ਕੇਂਦਰ ਸ਼ਾਸਿਤ ਪ੍ਰਦੇਸ਼ | ਸੰਸਕ੍ਰਿਤ(4) |
| 3. ਮਹਾਂਦੀਪ | ਦਿੱਲੀ(1) |
| 4. ਵੈਦਿਕ ਮੰਤਰ | ਲਕਸ਼ਦੀਪ(2) |
| 5. ਜਾਮਾ ਮਸਜਿਦ | ਥਾਰ(6) |
| 6. ਮਾਰੂਥਲ | ਏਸ਼ੀਆ(3) |
| 7. ਮਹਾਂਸਾਗਰ | ਮਸਜਿਦ(5) |

- **ਸਹੀ ਲਈ (✓) ਠੀਕ ਦਾ ਨਿਸ਼ਾਨ ਲਗਾਓ ਅਤੇ ਗਲਤ ਲਈ (x) ਗਲਤ ਦਾ ਨਿਸ਼ਾਨ ਲਗਾਓ।**

| | |
|---|---|
| 1. ਭਾਰਤ ਏਸ਼ੀਆ ਮਹਾਂਦੀਪ ਵਿੱਚ ਸਥਿਤ ਹੈ। | (✓) |
| 2. ਭਾਰਤ ਤੇ ਉੱਤਰ ਵਿੱਚ ਅਰਬ ਸਾਗਰ ਹੈ। | **(x)** |
| 3. ਭਾਰਤ ਵਿੱਚ 29 ਰਾਜ ਹਨ। | (✓) |
| 4. ਭੂ-ਮੱਧ ਰੇਖਾ ਭਾਰਤ ਨੂੰ ਦੋ ਸਮਾਨ ਭਾਗਾਂ ਵਿੱਚ ਵੰਡਦੀ ਹੈ। | **(x)** |
| 5. ਖੇਤਰਫਲ ਪੱਖੋਂ ਸੰਸਾਰ ਵਿੱਚ ਭਾਰਤ ਨੂੰ ਸੱਤਵਾਂ ਸਥਾਨ ਪ੍ਰਾਪਤ ਹੈ। | (✓) |
| 6. ਥਾਰ ਮਾਰੂਥਲ ਵਿੱਚ ਸਭ ਤੋਂ ਵਰਖਾ ਹੁੰਦੀ ਹੈ। | **(x)** |
| 7. ਪੰਜਾਬ ਅਤੇ ਹਰਿਆਣਾ ਦੀ ਸੰਯੁਕਤ ਰਾਜਧਾਨੀ ਚੰਡੀਗੜ੍ਹ ਹੈ | (✓) |

- **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦੋ ਜਾਂ ਤਿੰਨ ਲਾਇਨਾਂ ਵਿੱਚ ਦਿਓ:-**

ਪ੍ਰਸ਼ਨ:1 ਭਾਰਤ ਦੇ ਕੋਈ ਦੋ ਗੁਆਂਢੀ ਦੇਸ਼ਾਂ ਦੇ ਨਾਂ ਦੱਸੋ?
ਉੱਤਰ:- ਸ਼੍ਰੀਲੰਕਾ, ਨੇਪਾਲ
ਪ੍ਰਸ਼ਨ:2 ਪੰਜਾਬ ਰਾਜ ਕਦੋਂ ਹੋਂਦ ਵਿੱਚ ਆਇਆ?
ਉੱਤਰ 1 ਨਵੰਬਰ 1966
ਪ੍ਰਸ਼ਨ:3 ਭਾਰਤ ਦੇ ਪੱਛਮ ਵਿੱਚ ਸਥਿਤ ਵਿਸ਼ਾਲ ਮਾਰੂਥਲ ਦਾ ਨਾਂ ਦੱਸੋ?
ਉੱਤਰ ਥਾਰ ਮਾਰੂਥਲ
ਪ੍ਰਸ਼ਨ:4 ਸੰਸਾਰ ਦੀ ਸਭ ਤੋਂ ਵੱਧ ਵਰਖਾ ਕਿੱਥੇ ਹੁੰਦੀ ਹੈ?
ਉੱਤਰ ਚਿਰਾਪੂੰਜੀ(ਮਸ਼ੀਨਰਾਮ)
ਪ੍ਰਸ਼ਨ:5 ਭਾਰਤ ਦਾ ਪੂਰਬ-ਪੱਛਮੀ ਵਿਸਥਾਰ(ਲੰਬਾਈ)ਦੱਸੋ?
ਉੱਤਰ 2933 ਕਿਲੋਮੀਟਰ

- **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਚਾਰ ਜਾਂ ਪੰਜ ਲਾਇਨਾਂ ਵਿੱਚ ਦਿਓ:-**

**ਪ੍ਰਸ਼ਨ 2 ਭਾਰਤ ਵਿੱਚ ਅਨੇਕਤਾਵਾਂ ਹੁੰਦੇ ਹੋਏ ਵੀ ਏਕਤਾ ਹੈ, ਸਪੱਸ਼ਟ ਕਰੋ?**

ਉੱਤਰ ਭਾਰਤ ਵਿੱਚ ਭਾਵੇਂ ਬਹੁਤ ਅਨੇਕਤਾਵਾਂ ਮੌਜੂਦ ਹਨ। ਪਰ ਫਿਰ ਵੀ ਬਹੁਤ ਸਾਰੇ ਤੱਤ ਅਜਿਹੇ ਹਨ ਜੋ ਭਾਰਤ ਨੂੰ ਏਕਤਾ ਪ੍ਰਦਾਨ ਕਰਦੇ ਹਨ। ਜਿਵੇਂ

1. ਮੌਨਸੂਨ ਰੁੱਤ :- ਸਾਰੇ ਦੇਸ਼ ਦੀ ਖੇਤੀਬਾੜੀ ਅਤੇ ਆਰਥਿਕਤਾ ਮੌਨਸੂਨਤੇ ਨਿਰਭਰ ਕਰਦੀ ਹੈ। ਭਾਰਤ ਵਿੱਚ ਜਿਆਦਾਤਰ ਵਰਖਾ ਗਰਮੀਆਂ ਦੀ ਰੁੱਤ ਵਿੱਚ ਮੌਨਸੂਨ ਪੌਣਾਂ ਦੁਆਰਾ ਹੀ ਹੁੰਦੀ ਹੈ।
2. ਧਰਮ ਅਤੇ ਸੰਸਕ੍ਰਿਤੀ- ਧਾਰਮਿਕ ਸਥਾਨਾਂ ਤੇ ਪੂਜਾ-ਪਾਠ ਕਰਨ ਲਈ ਕੋਨੇ-ਕੋਨੇ ਤੋਂ ਲੋਕ ਇੱਕਠੇ ਹੁੰਦੇ ਹਨ।

3. ਧਾਰਮਿਕ ਸਥਾਨਾਂ ਤੋਂ ਇਲਾਵਾ ਧਾਰਮਿਕ ਗੁਰੂਆਂ ਪੀਰ ਪੈਗੰਬਰ ਅਤੇ ਸੂਫੀ ਸੰਤ ਆਪਣੇ ਰੂਹਾਨੀ ਸਤਸੰਗ ਦੁਆਰਾ ਭਾਈਚਾਰਕ ਏਕਤਾ ਪੈਦਾ ਕਰਦੇ ਹਨ।
4. ਭਾਸ਼ਾ ਅਤੇ ਲੋਕ ਕਲਾ- ਦੇਸ਼ ਦੇ ਵੱਖ-ਵੱਖ ਖੇਤਰਾਂ ਦੀ ਸੰਸਕ੍ਰਿਤੀ ਦੇ ਪ੍ਰਸਾਰ ਲਈ ਭਾਸ਼ਾ ਦਾ ਵੱਡਮੁਲਾ ਯੋਗਦਾਨ ਰਿਹਾ ਹੈ। ਧਾਰਮਿਕ ਪੁਸਤਕਾਂ , ਵੇਦ, ਉਪਵੇਦ ਤੇ ਮਹਾਂਕਾਵਿ ਜਿਵੇਂ ਰਮਾਇਣ ਅਤੇ ਮਹਾਂਭਾਰਤ ਵਰਗੇ ਗ੍ਰੰਥਾਂ ਨੂੰ ਭਾਰਤ ਵਿਚੋ ਇਕੋ ਜਿਹੀ ਸੰਸਕ੍ਰਿਤ ਲਿਆਉਣ ਵਿੱਚ ਮਦਦ ਕੀਤੀ ਹੈ।
5. ਆਵਾਜਾਈ ਅਤੇ ਸੰਚਾਰ ਦੇ ਸਾਧਨ-ਆਵਾਜਾਈ ਅਤੇ ਸੰਚਾਰ ਦੇ ਸਾਧਨ ਵਿਕਸਤ ਹੋਣ ਨਾਲ ਦੇਸ਼ ਦੇ ਇੱਕ ਕੋਨੇ ਦੇ ਲੋਕਾਂ ਦਾ ਦੇਸ਼ ਦੇ ਦੂਜੇ ਕੋਨੇ ਦੇ ਲੋਕਾਂ ਨਾਲ ਮੇਲ-ਜੋਲ ਵਧਿਆ ਹੈ। ਇਸ ਮੇਲ-ਜੋਲ ਨੇ ਆਜਾਦੀ ਦੀ ਲੜਾਈ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

- **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜ ਜਾਂ ਛੇ ਲਾਇਨਾਂ ਵਿੱਚ ਦਿਓ:-**

**1. ਭਾਰਤ ਦਾ ਇਹ ਨਾਂ ਕਿਵੇਂ ਪਿਆ ਹੈ, ਵਰਣਨ ਕਰੋ?**

ਉੱਤਰ:-ਪੁਰਾਤਨ ਲਿਖਤਾਂ ਅਨੁਸਾਰ ਭਾਰਤ ਦੇਸ਼ ਦੇ ਨਾਂ ਦੀਆਂ ਬਹੁਤ ਸਾਰੀਆਂ ਧਾਰਨਾਵਾਂ ਮਿਲਦੀਆਂ ਹਨ। ਇੱਕ ਧਾਰਨਾ ਮੁਤਾਬਕ ਇਸ ਦਾ ਪਹਿਲਾ ਨਾਂ 'ਹਿਮਾਚਲ ਸੇਤੂ -ਪ੍ਰਯਤਮ' ਸੀ। ਜਿਸਦਾ ਅਰਥ ਹੈ ਉਹ ਭਾਗ ਤੋਂ ਹੈ ਜੋ ਹਿਮਾਚਲ ਅਤੇ ਰਮੇਸ਼ਵਰਮ ਦੇ ਵਿਚਾਲੇ ਹੈ। ਆਰੀਆਂ ਜਾਤੀ ਦੇ ਇੱਥੇ ਆ ਕੇ ਵੱਸ ਜਾਣ ਕਾਰਨ ਇਸ ਦਾ ਨਾਂ ਆਰੀਆ ਵਰਤ ਪੈ ਗਿਆ । ਰਿਗਵੇਦ ਵਿੱਚ ਵਰਣਨ ਧਾਰਨਾ ਅਨੁਸਾਰ ਇੱਕ ਤਾਕਤਵਰ ਭਰਤ ਨਾਮੀ ਰਾਜੇ ਦੇ ਨਾਂ ਤੋਂ ਇਸ ਦਾ ਨਾਂ ਪਿਆ ਜੋ ਕਿ ਰਾਜਾ ਦੁਸਅੰਤ ਅਤੇ ਸ਼ਕੁੰਤਲਾ ਦਾ ਪੁੱਤਰ ਸੀ। ਅਖਰੀਲੀ ਧਾਰਨਾ ਇਸ ਦੇ ਆਧੁਨਿਕ ਨਾਂ ਇੰਡੀਆ ਸ਼ਬਦ ਤੇ ਅਧਾਰਿਤ ਹੈ। ਆਰੀਆ ਲੋਕਾਂ ਨੇ ਇਸ ਦੇ ਉਤਰ ਪੱਛਮ ਵਿੱਚ ਵਗਦੇ ਸਿੰਧ ਦਰਿਆ ਦਾ ਨਾਂ ਤੇ ਇਸ ਦਾ ਨਾਮ ਸਿੰਧੂ ਰੱਖਿਆ । ਇਸ ਸਿੰਧੂ ਸ਼ਬਦ ਨੂੰ ਇਰਾਨ ਦੇ ਲੋਕਾਂ ਨੇ ਹਿੰਦੂ ਕਹਿ ਕੇ ਪਕਾਰਿਆ। ਇਸ ਦਰਿਆ ਦੇ ਆਸ-ਪਾਸ ਰਹਿਣ ਵਾਲੇ ਲੋਕਾਂ ਨੂੰ ਹਿੰਦੂਸਤਾਨ ਦੇ ਵਾਸੀ ਮੰਨਿਆ ਹਿੰਦੂ ਸ਼ਬਦ ਨੂੰ ਯੂਨਾਨ ਦੇ ਲੋਕਾਂ ਨੇ ਇੰਡੋਸ ਵਿੱਚ ਬਦਲ ਦਿੱਤਾ। ਰੋਮਨਾਂ ਨੇ ਇਸ ਸ਼ਬਦ ਨੂੰ ਸੁਧਾਰ ਕੇ ਇੰਡਸ ਬਣਾ ਦਿੱਤਾ। ਇਸ ਪ੍ਰਕਾਰ ਅੱਜ ਦੇ ਸਾਡੇ ਭਾਰਤ ਦੇ ਇਤਿਹਾਸ ਵਿੱਚ ਕਈ ਨਾਮ ਕ੍ਰਮਵਾਰ ਇੰਡੀਆਂ, ਹਿੰਦੂਸਤਾਨ ਅਤੇ ਭਾਰਤ ਵਰਗੇ ਕਈ ਨਾਮ ਚੱਲਦੇ ਆ ਰਹੇ ਹਨ।

**2. 'ਭਾਰਤ ਇੱਕ ਭਿੰਨਤਾਵਾਂ ਵਾਲਾ ਦੇਸ਼ ਹੈ' ਇਸ ਕਥਨ ਦੀ ਵਿਆਖਿਆ ਕਰੋ**

ਉੱਤਰ ਭਾਰਤ ਦਾ ਵਿਸ਼ਾਲ ਖੇਤਰ ਹੋਣ ਕਰਕੇ ਹੀ ਇਸ ਵਿੱਚ ਕਈ ਤਰ੍ਹਾ ਦੀਆਂ ਭਿੰਨਤਾਵਾਂ ਪਾਈਆਂ ਜਾਂਦੀਆਂ ਹਨ। ਇਸ ਕਰਕੇ ਭਾਰਤ ਨੂੰ ਅਨੇਕਤਾਵਾਂ ਵਾਲਾ ਦੇਸ਼ ਵੀ ਕਿਹਾ ਜਾਂਦਾ ਹੈ। ਇਹ ਅਨੇਕਤਾਵਾਂ ਮੁੱਖ ਤੌਰ ਤੇ ਹੇਠ ਲਿਖੇ ਤੱਤਾਂ ਦੁਆਰਾ ਪੈਦਾ ਕੀਤੀਆਂ ਜਾਂਦੀਆਂ ਹਨ:-

1. **ਵਿਸ਼ਾਲ ਖੇਤਰ**:- ਭਾਰਤ ਦਾ ਉੱਤਰ ਤੋਂ ਦਖੱਣ ਅਤੇ ਪੂਰਬ ਤੋਂ ਪੱਛਮ ਦਾ ਵਿਸਥਾਰ ਵਿਸ਼ਾਲ ਹੋਣ ਕਰਕੇ ਇਸ ਵਿਚ ਅਨੇਕਤਾਵਾਂ ਪਾਈਆਂ ਜਾਂਦੀਆਂ ਹਨ।
2. **ਧਰਾਤਲ**:- ਭਾਰਤ ਵਿੱਚ ਉਚੇ ਪਰਬਤ, ਪਠਾਰ, ਮੈਦਾਨ ਤੱਟ ਵਰਤੀ ਮੈਦਾਨ ਅਤੇ ਦੀਪ ਸਮੂਹ ਪਾਏ ਜਾਂਦੇ ਹਨ।
3. **ਜਲਵਾਯੂ**:- ਕਰਕ ਰੇਖਾ ਭਾਰਤ ਦੇ ਵਿੱਚ ਲੰਘਦੀ ਹੈ। ਇਸ ਦੇ ਉੱਤਰੀ ਭਾਗ ਵਿੱਚ ਸ਼ੀਤ ਊਸ਼ਣ ਕਿਸਮ ਦੀ ਜਲਵਾਯੂ ਮਿਲਦੀ ਹੈ। ਕਈ ਖੇਤਰ ਸਮੁੰਦਰ ਤੋਂ ਜਿਆਦਾ ਦੂਰ ਹੋਣ ਕਰਕੇ ਅਤੇ ਕਠੋਰ ਜਲਵਾਯੂ ਗ੍ਰਹਿ ਕਰਦੇ ਹਨ। ਤੱਟੀ ਇਲਾਕਿਆ ਵਿੱਚ ਸਮ-ਜਲਵਾਯੂ ਪਾਇਆ ਜਾਂਦਾ ਹੈ।
4. **ਪ੍ਰਵਾਸ**:- ਹਜਾਰਾ ਸਾਲਾ ਤੋਂ ਭਾਰਤ ਵਿੱਚ ਵੱਖ-ਵੱਖ ਕਬੀਲੇ, ਜਾਤੀਆਂ , ਧਰਮ ਪ੍ਰਚਾਰਕ, ਹਮਲਾਵਰਾਂ, ਕਾਫਲੇ ਗਵਾਂਢੀਆਂ ਅਤੇ ਬਹੁਤ ਦੂਰ ਦੇ ਦੇਸ਼ਾਂ ਤੋਂ ਵੱਖ-ਵੱਖ ਰਸਤਿਆ ਰਾਹੀ ਪ੍ਰਵੇਸ਼ ਕਰਦੇ ਰਹੇ ਹਨ। ਜਿਸ ਕਰਕੇ ਭਾਰਤ ਵਿੱਚ ਕਈ ਧਰਮਾਂ ਅਤੇ ਨਸਲਾਂ ਦੇ ਲੋਕ ਪਾਏ ਜਾਂਦੇ ਹਨ।
5. **ਸੱਭਿਆਚਾਰ-** ਭਾਰਤ ਦੇ ਵੱਖ-ਵੱਖ ਖੇਤਰਾਂ ਵਿੱਚ ਵੱਖਰੀ ਕਿਸਮ ਦਾ ਭਾਸ਼ਾਵਾਂ ਰੀਤੀ-ਰਿਵਾਜ ਲੋਕ ਮੰਚ, ਵੱਖਰੀ ਵੱਖਰੇ ਹਨ।

# Lesson-2
## ਧਰਾਤਲ

- **ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਸਹੀ ਉੱਤਰ ਤੇ ਸਹੀ(✓) ਠੀਕ ਦਾ ਨਿਸ਼ਾਨ ਲਗਾਓ**

1) ਹਿਮਾਲਾ ਪਰਬਤ ਖੇਤਰ ਦੀ ਉਤਪਤੀ ਕਿਹੜੇ ਸਾਗਰ ਤੋਂ ਹੋਈ?

(a) ✓ ਟੈਥੀਜ ਸਾਗਰ (b) ਖਾੜੀ ਬੰਗਾਲ (c) ਪੰਜਾਬ (d) ਮਾਲਾਬਾਰ ਤੱਟ

**ਉੱਤਰ (a)**

2) ਹਿਮਾਲਾ ਦੀਆਂ ਪੂਰਬੀ ਸ਼ਾਖਾਵਾਂ ਨੂੰ ਕਿਹਾ ਜਾਂਦਾ ਹੈ?

(a) ✓ ਪੂਰਵਾਂਚਲ (b)ਕੋਂਕਣ ਤੱਟ (c)ਦੂਨ (d) ਪ੍ਰਾਇਦੀਪੀ ਪਠਾਰ

**ਉੱਤਰ (a)**

3) ਪੰਜਾਬ ਵਿੱਚ ਖਾਦਰ ਦੇ ਮੈਦਾਨਾਂ ਨੂੰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ?

(a) ਬਾਂਗਰ (b)ਸ਼੍ਰੀਲੰਕਾ (c) ✓ ਬੇਟ (d)ਨਰਮਦਾ ਨਦੀ

**ਉੱਤਰ (c)**

4) ਗੋਆ ਤੋਂ ਲੈ ਕੇ ਬੈਗਲੌਰ ਤੱਕ ਤਟਵਰਤੀ ਖੇਤਰ ਦਾ ਨਾਂ ਦੱਸੋ?

(a) ਕੌਂਕਣ ਤੱਟ (b) ✓ ਮਾਲਾਬਾਰ ਤੱਟ (c) ਕੋਰੋਮੰਡਲ ਤੱਟ (d) ਉੱਤਕਲ ਤੱਟ

**ਉੱਤਰ (B)**

- **ਖਾਲੀ ਥਾਵਾਂ ਲਈ ਸਹੀ ਉਤਰ ਚੁਣੋ:**

1. ਭਾਰਤ ਦੇ ਪ੍ਰਾਚੀਨ ਪਰਬਤ.......................... ਹਨ
   (✓ ਅਰਾਵਲੀ, ਕ੍ਰਿਸ਼ਨਾ ਨਦੀ)
2. ............................ ਭਾਰਤ ਦੀ ਮੁੱਖ ਦੂਨ ਘਾਟੀ ਹੈ।
   (✓ ਦੇਹਰਾਦੂਨ, ਪਠਾਰ)
3. ਨਦੀ ਦੇ ਹੇਠਲੇ ਭਾਗ ਵਿੱਚ ਬਣੇ ਥਲ-ਰੂਪ ਨੂੰ......................... ਕਹਿੰਦੇ ਹਨ।
   (✓ ਡੈਲਟਾ, ਖਾੜੀ ਬੰਗਾਲ)
4. ਉੱਤਰੀ ਭਾਰਤ ਦੀਆਂ ਨਦੀਆਂ ਸਾਰਾ ਸਾਲ.......................... ਹਨ।
   (✓ ਵਗਦੀਆਂ, ਸੁੱਕ ਜਾਂਦੀਆਂ)
5. ਉੱਤਰੀ ਵਿਸ਼ਾਲ ਮੈਦਾਨ...................... ਵੱਲੋਂ ਲਿਆਂਦੀ ਉਪਜਾਊ ਮਿੱਟੀ ਨਾਲ ਬਣੇ ਹਨ।
   (✓ ਨਦੀਆਂ , ਬਿਹਾਰ)
6. ਭਾਰਤ ਦੇ ਵਿਸ਼ਾਲ ਮੈਦਾਨ ਪੂਰੇ ਦੇਸ਼ ਲਈ.............................. ਦਾ ਭੰਡਾਰ ਹਨ।
   (✓ ਅੰਨ, ਰਾਜਧਾਨੀ)

- **ਸਹੀ ਉੱਤਰ ਮਿਲਾਨ ਕਰੋ:-**

| | | |
|---|---|---|
| 1. | ਪੰਜਾਬ | ਦੱਖਣੀ ਸੀਮਾ ਬਿੰਦੂ(4) |
| 2. | ਚਿਲਕਾ ਝੀਲ | ਅਰਾਵਲੀ(7) |
| 3. | ਲਕਸ਼ਦੀਪ | ਦਰ੍ਹ (5) |
| 4. | ਇੰਦਰਾ ਪੁਆਇੰਟ | ਸਾਗਰ(6) |
| 5. | ਸ਼ਿਪਕੀ ਲਾ | ਚੰਡੀਗੜ੍ਹ(1) |
| 6. | ਟੈਥੀਜ਼ | ਉੜੀਸ਼ਾ(2) |
| 7. | ਪ੍ਰਾਚੀਨ ਪਰਬਤ | ਭਾਰਤੀ ਦੀਪ (3) |

- **ਸਹੀ ਲਈ (✓) ਠੀਕ ਦਾ ਨਿਸ਼ਾਨ ਲਗਾਓ ਅਤੇ ਗਲਤ ਲਈ (x) ਗਲਤ ਦਾ ਨਿਸ਼ਾਨ ਲਗਾਓ।**

1. ਹਿਮਾਲਾ ਪਰਬਤ ਹਿੰਦ ਮਹਾਂਸਾਗਰ ਤੱਕ ਫੈਲੇ ਹੋਏ ਹਨ (**x**)
2. ਉੱਤਰ ਭਾਰਤ ਦੀਆਂ ਨਦੀਆਂ ਸਾਰਾ ਸਾਲ ਵਗਦੀਆਂ ਹਨ (✓)
3. ਅਰਾਵਲੀ ਪਰਬਤ ਸ਼੍ਰੇਣੀ ਦੱਖਣ ਵਿੱਚ ਸਥਿਤ ਹੈ। (**x**)
4. ਨਦੀ ਦੇ ਹੇਠਲੇ ਭਾਗ ਵਿੱਚ ਬਣੇ ਥਲ ਰੂਪ ਨੂੰ ਡੈਲਟਾ ਆਖਦੇ ਹਨ। (✓)

- **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ:-**

ਪ੍ਰਸ਼ਨ-1: ਭਾਰਤ ਦੇ ਜੁਆਨ ਪਰਬਤਾਂ ਦੇ ਨਾਂ ਲਿਖੋ?
ਉੱਤਰ ਹਿਮਾਲਿਆ ਪਰਬਤ
ਪ੍ਰਸ਼ਨ-2: ਚਿਲਕਾ ਝੀਲ ਕਿਸ ਰਾਜ ਵਿੱਚ ਹੈ?
ਉੱਤਰ ਉੜੀਸ਼ਾ
ਪ੍ਰਸ਼ਨ-3: ਮਾਊਂਟ ਐਵਰੇਸਟ ਦੀ ਉਚਾਈ ਕਿੰਨੀ ਹੈ?
ਉੱਤਰ 8848 ਕਿ:ਮੀਟਰ

- **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਦੋ ਜਾਂ ਤਿੰਨ ਸ਼ਬਦਾਂ ਵਿੱਚ ਦਿਓ:-**

**1. ਥਾਰ ਮਾਰੂਥਲ ਤੇ ਇੱਕ ਭੂਗੋਲਿਕ ਨੋਟ ਲਿਖੋ?**

ਉੱਤਰ ਪੰਜਾਬ ਅਤੇ ਹਰਿਆਣੇ ਦੇ ਦੱਖਣੀ ਭਾਗਾਂ ਤੋਂ ਲੈ ਕੇ ਗੁਜਰਾਤ ਦੇ ਰਣ ਆਫ ਕੱਛ ਤੱਕ ਫੈਲੇ ਖੁਸ਼ਕ ਅਤੇ ਸਮਤਲ ਭਾਗ ਨੂੰ ਥਾਰ ਦਾ ਮਾਰੂਥਲ ਦਾ ਮੈਦਾਨ ਕਿਹਾ ਜਾਂਦਾ ਹੈ। ਅਰਾਵਲੀ ਪਰਬਤ ਸ਼੍ਰੇਣੀ ਇਸ ਦੀ ਪੂਰਬੀ ਸੀਮਾ ਬਣਾਉਂਦੇ ਹਨ। ਪੱਛਮ ਵਾਲੇ ਪਾਸੇ ਅੰਤਰ-ਰਾਸ਼ਟਰੀ ਸੀਮਾ ਲੱਗਦੀ ਹੈ। ਇਹ ਮੈਦਾਨ ਲੱਗਭਗ 64● ਕਿਲੋਮੀਟਰ ਲੰਬ ਤੇ 3●● ਕਿਲੋਮੀਟਰ ਚੌੜਾ ਮੈਦਾਨ ਹੈ। ਇਸ ਦਾ ਖੇਤਰਫਲ ਲੱਗਭਗ175●●●ਵਰਗ ਕਿਲੋਮੀਟਰ ਹੈ। ਇਸ ਦੀ ਸਮੁੰਦਰ ਤਲ ਤੋਂ ਉੱਚਾਈ 12● ਮੀਟਰ ਲੈ ਕੇ 15● ਮੀਟਰ ਤੱਕ ਹੈ।

- **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਤਿੰਨ ਜਾਂ ਚਾਰ ਸ਼ਬਦਾਂ ਵਿੱਚ ਦਿਓ:-**

**2. ਹਿਮਾਲਿਆ ਦੀਆਂ ਪੂਰਬੀ ਸ਼ਾਖਾਵਾਂ ਦਾ ਵਰਣਨ ਕਰੋ?**

ਉੱਤਰ 1. ਇਹਨਾਂ ਸ਼ਾਖਾਵਾਂ ਨੂੰ ਪੂਰਬ ਆਂਚਲ ਦੇ ਨਾਲ ਵੀ ਜਾਣਿਆ ਜਾਂਦਾ ਹੈ।

2. ਅਰੁਣਾਚਲ ਪ੍ਰਦੇਸ਼ ਵਿੱਚ ਬ੍ਰਹਮਪੁੱਤਰ ਦਰਿਆ ਦੀ ਦਹਾਂਗ ਖੱਡ ਤੋਂ ਸ਼ੁਰੂ ਹੋ ਕੇ ਇਹ ਲੜੀਆਂ ਅਗਕਾਨ ਯੋਮ ਪਰਬਤੀ ਲੜੀਆਂ ਰਾਹੀਂ ਪੂਰਬੀ ਭਾਰਤ ਅਤੇ ਮਿਆਂਮਾਰ (ਬਰਮਾ) ਦੀ ਸੀਮਾ ਬਣਾਉਦੀਆਂ ਹੋਈਆਂ ਦੋ ਹਿੱਸਿਆ ਵਿੱਚ ਵੰਡੀਆਂ ਜਾਂਦੀਆਂ ਹਨ।

3.ਇੱਕ ਉਪ ਸ਼ਾਖਾ ਗੰਗਾ, ਬ੍ਰਹਮਪੁਤਰ ਦੁਆਰਾ ਨਿਰਮਿਤ ਬੰਗਲਾ ਦੇਸ਼ ਦੇ ਮੈਦਾਨਾਂ ਤੱਕ ਪਹੁੰਚਦੀ ਹੈ। ਇਸ ਵਿੱਚ ਡਫਾਬੰਮ, ਪਟਕੋਈ ਗਾਰੋ ਅਤੇ ਪ੍ਰਾਂਸੀ ਦੀਆਂ ਪਹਾੜੀਆਂ ਸਥਿੱਤ ਹਨ।

4. ਦੂਜੀ ਸ਼ਾਖਾ ਪਟਕੋਈ ਬੰਮ ਤੋਂ ਸ਼ੁਰੂ ਹੋ ਕੇ ਨਾਗਾਪਰਬਤ ਲੁਸਾਈ ਰਾਹੀਂ ਹੁੰਦੀਆਂ ਹੋਈਆਂ ਇਰਾਵਦੀ ਦੇ ਡੈਲਟੇ ਤੱਕ ਪਹੁੰਚਦੀਆਂ ਹਨ।

- **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਚਾਰ ਜਾਂ ਪੰਜ ਸ਼ਬਦਾਂ ਵਿੱਚ ਦਿਓ:-**

**1. ਹਿਮਾਲਾ ਪਰਬਤ ਦੀਆਂ ਚਾਰ ਵਿਸ਼ੇਸ਼ਤਾਵਾਂ ਦੱਸੋ?**

ਉੱਤਰ 1. ਇਹਨਾਂ ਪਰਬਤੀ ਖੇਤਰਾਂ ਦਾ ਜਨਮ ਅੱਜ ਤੋਂ 4●● ਲੱਖ ਸਾਲ ਪਹਿਲਾਂ ਹੋਇਆਂ ਹੈ।

2. ਭਾਰਤ ਦੇ ਪੱਛਮ ਤੋਂ ਪੂਰਬ ਤੱਕ ਇਹ ਉਤਕਲ ਚਾਪ ਦੀ ਤਰ੍ਹਾਂ ਫੈਲੇ ਹੋਏ ਹਨ

3. ਹਿਮਾਲਿਆ ਪਰਬਤ ਦੀ ਭਾਰਤ ਵੱਲ ਦੀ ਦੱਖਣੀ ਢਲਣ ਬਹੁਤ ਤਿੱਖੀ ਹੈ।

4. ਉਚਾਈ ਦੇ ਅਧਾਰ ਤੇ ਇਹਨਾਂ ਨੂੰ ਉੱਤਰ ਤੋਂ ਦੱਖਣ ਵੱਲ ਪੰਜ ਉਪ ਭਾਗਾਂ ਵਿੱਚ ਵੀ ਵੰਡਿਆ ਗਿਆ ਹੈ।

5. ਇਹਨਾਂ ਪਰਬਤਾਂ ਵਿੱਚ ਬਹੁਤ ਹੀ ਸਿਹਤ ਵਰਧਕ ਤੇ ਰਮਣੀਕ ਥਾਵਾਂ ਹਨ।

4.

- **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਪੰਜ ਜਾਂ ਛੇ ਸ਼ਬਦਾਂ ਵਿੱਚ ਦਿਓ:-**

2. ਉੱਤਰੀ ਵਿਸ਼ਾਲ ਮੈਦਾਨਾਂ ਵਿੱਚ ਕਿਹੜੇ-ਕਿਹੜੇ ਜਲੋਢੀ ਮੈਦਾਨਾਂ ਦਾ ਨਿਰਮਾਣ ਹੋਇਆ ਹੈ?

ਉੱਤਰ ਉੱਤਰੀ ਵਿਸ਼ਾਲ ਮੈਦਾਨਾਂ ਵਿੱਚ ਹੇਠ ਲਿਖੇ ਜਲੋਢੀ ਮੈਦਾਨਾਂ ਦਾ ਨਿਰਮਾਣ ਹੋਇਆ ਹੈ:-

1. **ਖਾਦਰ ਦੇ ਮੈਦਾਨ**:-ਉੱਤਰ ਪ੍ਰਦੇਸ਼, ਬਿਹਾਰ ਅਤੇ ਪੱਛਮੀ ਬੰਗਾਲ ਦੇ ਦਰਿਆਵਾਂ ਵਿੱਚ ਹਰੇਕ ਸਾਲ ਹੜ੍ਹ ਆ ਜਾਣ ਕਾਰਨ ਮਿੱਟੀ ਦੀਆਂ ਨਵੀਆਂ ਤਹਿ ਵਿਛ ਜਾਂਦੀਆਂ ਹਨ। ਅਜਿਹੇ ਦਰਿਆਵਾਂ ਦੀਆਂ ਹੜ੍ਹ ਵਾਲੇ ਖੇਤਰਾਂ ਨੂੰ ਖਾਦਰ ਦੇ ਮੈਦਾਨ ਕਹਿੰਦੇ ਹਨ। ਪੰਜਾਬ ਵਿੱਚ ਅਜਿਹੇ ਮੈਦਾਨੀ ਖੇਤਰਾਂ ਨੂੰ ਬੇਟ ਦੇ ਖੇਤਰ ਕਿਹਾ ਜਾਂਦਾ ਹੈ।

2. **ਬਾਂਗਰ ਦੇ ਮੈਦਾਨ**:-ਉੱਚੀ ਮੈਦਾਨੀ ਖੇਤਰ ਜਿੱਥੇ ਹੜ੍ਹਾਂ ਰਾਹੀਂ ਦਰਿਆਵਾਂ ਦਾ ਪਾਣੀ ਨਹੀਂ ਪਹੁੰਚ ਸਕਦਾ ਅਤੇ ਇੱਥੇ ਪੁਰਾਣੀ ਜੰਮੀਤਲਡੱਟ ਵਿੱਚ ਚੂਨੇ ਦੇ ਪੱਥਰ ਜਿਆਦਾ ਮਿਲਦੇ ਹਨ। ਬਾਂਗਰ ਦੇ ਇਲਾਕੇ ਕਿਹਾ ਜਾਂਦਾ ਹੈ। ਪੰਜਾਬ ਹਰਿਆਣਾ ਅਤੇ ਉੱਤਰਾਖੰਡ ਵਿੱਚ ਇਹਨਾਂ ਨੂੰ ਰੇਹ, ਕੱਲਰ ਜਾਂ ਢਾਹਿਆ ਵੀ ਕਿਹਾ ਜਾਂਦਾ ਹੈ।

3. **ਭਾਂਬਰ ਦੇ ਮੈਦਾਨ**:-ਜਦੋਂ ਉੱਤਰ ਭਾਰਤ ਦੇ ਦਰਿਆ ਸ਼ਿਵਾਲਿਕ ਪਹਾੜੀ ਖੇਤਰਾਂ ਨੂੰ ਛੱਡ ਕੇ ਇੱਕ ਦਮ ਪਧਰੇ ਇਲਾਕੇ ਵਿੱਚ ਪ੍ਰਵੇਸ਼ ਕਰਦੇ ਹਨ ਤਾਂ ਆਪਣੇ ਨਾਲ ਲਿਆਂਦੀ ਰੇਤ, ਕੰਕਰ, ਮਿੱਟੀ , ਬਜਰੀ, ਪੱਧਰ ਤੇ ਗੀਟੇ ਆਦਿ ਦੇ ਜਮਾਅ ਨਾਲ ਜੋ ਮੈਦਾਨ ਹੋਂਦ ਵਿਚ ਆਉਂਦੇ ਹਨ ਉਹਨਾਂ ਨੂੰ ਭਾਂਬਰ ਦੇ ਮੈਦਾਨ ਕਿਹਾ ਜਾਂਦਾ ਹੈ। ਇਹਨਾਂ ਨੂੰ ਘਾਰ ਦੇ ਮੈਦਾਨ ਵੀ ਕਿਹਾ ਜਾਂਦਾ ਹੈ। ਉਪਰੋਕਤ ਤੋਂ ਇਲਾਵਾ ਉੱਤਰ ਵਿਸ਼ਾਲ ਮੈਦਾਨਾਂ ਵਿੱਚ ਤਰਾਈ ਦੇ ਮੈਦਾਨ ਅਤੇ ਬੰਜਰ ਦੇ ਮੈਦਾਨ ਵੀ ਪਾਏ ਜਾਂਦੇ ਹਨ।

# Lesson-3

## ਜਲਵਾਯੂ

- **ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਸਹੀ ਉੱਤਰ ਤੇ ਸਹੀ(✓) ਠੀਕ ਦਾ ਨਿਸ਼ਾਨ ਲਗਾਓ**

1) ਮਾਨਸੂਨ ਸ਼ਬਦ ਦੀ ਉੱਤਪਤੀ ਕਿਹੜੇ ਸ਼ਬਦ ਤੋਂ ਹੋਈ ਹੈ?

(a) ਮੌਸਮ ✓ (b) ਬਸੰਤ (c) ਸੁਨਾਮੀ (d) ਲੂ

**ਉੱਤਰ (a)**

2) ਤੂਫ਼ਾਨੀ ਚੱਕਰਵਾਤਾਂ ਨੂੰ ਪੱਛਮੀ ਬੰਗਾਲ ਵਿੱਚ ਕੀ ਕਿਹਾ ਜਾਂਦਾ ਹੈ?

(a) ਸੁਨਾਮੀ (b)ਪਠਾਰ (c) ਕਾਲ ਵੈਸਾਖੀ ✓ (d) ਬਸੰਤ ਰੁੱਤ

**ਉੱਤਰ (c)**

3) ਭਾਰਤ ਵਿੱਚ ਸਭ ਤੋਂ ਵੱਧ ਵਰਖਾ ਵਾਲੇ ਦੋ ਮਹੀਨੇ ਕਿਹੜੇ ਹਨ?

(a) ਜੁਲਾਈ ਤੇ ਅਗਸਤ ✓ (b) ਜਨਵਰੀ ਤੇ ਮਾਰਚ (c)ਜੂਨ ਤੇ ਦਸੰਬਰ (d)ਮਈ ਤੇ ਜੂਨ

**ਉੱਤਰ (a)**

4) ਧਰਾਤਲ ਤੋਂ ਤਿੰਨ ਕਿਲੋਮੀਟਰ ਦੀ ਉਚਾਈ ਤੇ ਵਗਣ ਵਾਲੀ ਉਪਰਲੀ ਹਵਾ ਨੂੰ ਕੀ ਕਿਹਾ ਜਾਂਦਾ ਹੈ?

(a) ਲੂ (b)ਜੱਟ ਸਟ੍ਰੀਮ ✓ (c) ਗਰਮੀ (d) ਵਰਖਾ

**ਉੱਤਰ (b)**

- **ਖਾਲੀ ਥਾਵਾਂ ਸਹੀ ਉੱਤਰ ਚੁਣੋ:-**

1. ਥਾਰ ਮਾਰੂਥਲ ........................................ ਖੇਤਰ ਹੈ
   ✓
   (ਖੁਸ਼ਕ, ਗਿੱਲਾ)
2. ਐਲਨੀਨੋ ਸਮੁੰਦਰੀ ਧਾਰਾ................................ ਵਿੱਚ ਵਹਿੰਦੀ ਹੈ
   ✓
   (ਸ਼ਾਂਤਮਹਾਸਾਗਰ, ਪਤਝੜ)
3. ਸ਼ਿਮਲਾ............................ ਤੋਂ ਠੰਡਾ ਹੈ।
   ✓
   (ਜੈਸਲਮੇਰ, ਲੂ)
4. ਵੱਧ ਤਾਪਮਾਨ ਵਾਲਾ ਸਥਾਨ............................
   ✓
   (ਚੇਨੱਈ, ਕਸ਼ਮੀਰ)
5. ਭਾਰਤ ਦੇ ਵਾਰਸ਼ਿਕ ਰੁੱਤ ਚੱਕਰ ਵਿੱਚ...................................ਮੁੱਖ ਰੁੱਤਾਂ ਹੁੰਦੀਆਂ ਹਨ।
   ✓
   (ਚਾਰ, ਐਲਨੀਨੋ)

- **ਸਹੀ ਉੱਤਰ ਮਿਲਾਨ ਕਰੋ:-**

| | |
|---|---|
| 1. ਸਮੁੰਦਰੀ ਧਾਰਾ | ਮਸ਼ੀਨਰਮ(3) |
| 2. ਅੰਬਾਂ ਦੀ ਵਾਛੜ | ਐਲਨੀਨੋ(1) |

3. ਵੱਧ ਵਰਖਾ ਵਾਲਾ ਖੇਤਰ ਪੱਛਮੀ ਬੰਗਾਲ(5)
4. ਕਠੋਰ ਜਲਵਾਯੂ ਕਰਨਾਟਕ(2)
5. ਕਾਲ ਵੈਸਾਖੀ ਅੰਮ੍ਰਿਤਸਰ(4)

- **ਸਹੀ ਲਈ (✓) ਠੀਕ ਦਾ ਨਿਸ਼ਾਨ ਲਗਾਓ ਅਤੇ ਗਲਤ ਲਈ (x) ਗਲਤ ਦਾ ਨਿਸ਼ਾਨ ਲਗਾਓ।**

1. ਮੇਘਾਲਿਆ ਵਿੱਚ ਸਾਰਾ ਸਾਲ ਬੱਦਲ ਨਹੀ ਦਿਖਦੇ (**x**)
2. ਅੰਮ੍ਰਿਤਸਰ ਵਿੱਚ ਸਾਰਾ ਸਾਲ ਵਰਖਾ ਹੁੰਦੀ ਰਹਿੰਦੀ ਹੈ (**x**)
3. ਸਰਦੀਆਂ ਦੀ ਵਰਖਾ ਹਾੜੀ ਦੀ ਫਸਲ ਲਈ ਫਾਇਦੇਮੰਦ ਹੁੰਦੀ ਹੈ। (✓)

- **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਵਿੱਚ ਦਿਓ:**

ਪ੍ਰਸ਼ਨ-1: ਭਾਰਤ ਦੇ ਉੱਤਰੀ ਮੇਦਾਨਾਂ ਵਿੱਚ ਗਰਮੀਆਂ ਵਿੱਚ ਚੱਲਣ ਵਾਲੀ ਗਰਮ ਸਥਾਨਕ ਪੌਣ ਦਾ ਕੀ ਨਾਂ ਹੈ?

ਉੱਤਰ ਲੂ

ਪ੍ਰਸ਼ਨ-2: ਸੰਸਾਰ ਦੀ ਸਭ ਤੋਂ ਵੱਧ ਵਰਖਾ ਕਿੱਥੇ ਹੁੰਦੀ ਹੈ?

ਉੱਤਰ ਚਿਰਾਪੂੰਜੀ/ਮਸ਼ੀਨਰਮ

ਪ੍ਰਸ਼ਨ-3: ਭਾਰਤ ਵਿੱਚ ਮਾਨਸੂਨ ਵਰਖਾ ਕਿਹੜੇ ਮਹੀਨਿਆਂ ਵਿੱਚ ਹੁੰਦੀ ਹੈ?

ਉੱਤਰ ਜੂਨ ਤੋਂ ਸਤੰਬਰ

ਪ੍ਰਸ਼ਨ-4: ਦੇਸ਼ ਦੇ ਖੁਸ਼ਕ ਜਲਵਾਯੂ ਵਾਲੇ ਸ਼ਹਿਰ ਦਾ ਨਾਂ ਦੱਸੋ?

ਉੱਤਰ ਜੋਧਪੁਰ

ਪ੍ਰਸ਼ਨ-5: ਭਾਰਤ ਦੇ ਕਿਹੜੇ ਭਾਗਾਂ ਵਿੱਚ ਕਠੋਰ ਸਰਦੀ ਦੀ ਰੁੱਤ ਨਹੀ ਹੁੰਦੀ ?

ਉੱਤਰ ਦੱਖਣੀ ਭਾਰਤ

- **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਤਿੰਨ ਜਾਂ ਚਾਰ ਸ਼ਬਦ ਵਿੱਚ ਦਿਓ:**

**1. ਦੇਸ਼ ਵਿੱਚ ਵੱਧ ਵਰਖਾ ਵਾਲੇ ਕਿਹੜੇ ਸਥਾਨ ਹਨ?**

ਉੱਤਰ ਦੇਸ਼ ਵਿੱਚ ਵੱਧ ਵਰਖਾ ਵਾਲੇ ਸਥਾਨ ਪੂਰੇ ਦੇਸ਼ ਵਿੱਚ ਅਲੱਗ-ਅਲੱਗ ਥਾਵਾਂ ਤੇ ਤਿੰਨ ਅਜਿਹੇ ਖੇਤਰ ਹਨ ਜਿੱਥੇ 150 ਤੋਂ 200 ਸੈਂਟੀਮੀਟਰ ਤੱਕ ਵਰਖਾ ਹੁੰਦੀ ਹੈ।

1. ਇੱਕ ਬਹੁਤ ਹੀ ਤੰਗ ਪੱਟੀ 20 ਕਿਲੋਮੀਟਰ ਦੀ ਚੌੜਾਈ ਵਿੱਚ ਪੱਛਮੀ ਘਾਟ ਦੇ ਨਾਲ-ਨਾਲ ਉੱਤਰ ਦੱਖਣੀ ਦਿਸ਼ਾ ਵਿੱਚ ਤਾਪਤੀ ਨਦੀ ਦੇ ਮੁਹਾਨੇ ਤੋਂ ਲੈ ਕੇ ਕੇਰਲਾ ਦੇ ਮੈਦਾਨ ਤੱਕ ਫੈਲੀ ਹੋਈ ਹੈ।
2. ਜਿਆਦਾ ਵਰਖਾ ਵਾਲੀ ਦੂਜੀ ਪੱਟੀ ਹਿਮਾਲਿਆ ਦੀਆਂ ਢਲਾਣਾਂ ਦੇ ਨਾਲ-ਨਾਲ ਹਿਮਾਚਲ ਪ੍ਰਦੇਸ਼ ਤੋਂ ਲੈਕੇ ਕਮਾਊਂ ਹਿਮਾਲਿਆ ਰਾਹੀਂ ਹੁੰਦੀ ਹੋਈ ਆਸਾਮ ਦੀ ਹੇਠਲੀ ਘਾਟੀ ਤੱਕ ਪਹੁੰਚਦੀ ਹੈ।
3. ਤੀਸਰੀ ਉੱਤਰ ਦੱਖਣ ਦਿਸ਼ਾ ਵਿੱਚ ਫੈਲੀ ਹੋਈ ਪੱਟੀ ਵਿੱਚ ਤ੍ਰਿਪੁਰਾ ਮਨੀਪੁਰ ਦੀਆਂ ਪਹਾੜੀਆਂ ਆਉਂਦੀਆਂ ਹਨ।

**2. ਅੰਬਾਂ ਦੀ ਵਾਛੜ ਅਤੇ ਕਾਲ ਵੈਸਾਖੀ ਵਿੱਚ ਅੰਤਰ ਸਪੱਸ਼ਟ ਕਰੋ।**

ਉੱਤਰ ਅੰਬਾਂ ਦੀ ਵਾਛੜ-ਦੱਖਣੀ ਭਾਰਤ ਦੇ ਕੇਰਲਾ ਅਤੇ ਦੱਖਣੀ ਕਰਨਾਟਕ ਪ੍ਰਦੇਸ਼ਾਂ ਵਿੱਚ ਆਸ-ਪਾਸ ਦੀਆਂ ਸਮੁੰਦਰੀ ਪੌਣਾਂ ਆ ਜਾਣ ਕਰਕੇ ਮੋਟੀਆਂ-ਮੋਟੀਆਂ ਬੂੰਦਾਂ ਵਾਲੀ ਪੂਰਬ ਮਾਨਸੂਨ ਵਰਖਾ ਹੋ ਜਾਂਦੀ ਹੈ ਜਿਸ ਨੂੰ ਸਥਾਨਕ ਭਾਸ਼ਾ ਵਿੱਚ ਅੰਬਾਂ ਦੀ ਵਾਛੜ ਜਾਂ ਫੁੱਲਾਂ ਦੀ ਵਾਛੜ ਕਿਹਾ ਜਾਂਦਾ ਹੈ।

**ਕਾਲ ਵੈਸਾਖੀ**-ਗਰਮੀ ਦੇ ਮੌਸਮ ਵਿੱਚ ਉੱਤਰ ਪੱਛਮੀ ਭਾਗਾਂ ਤੋਂ ਆ ਰਹੀ ਗਰਮ ਅਤੇ ਖੁਸ਼ਕ ਲੂ ਜਦੋਂ ਛੋਟਾ ਨਾਗਪੁਰ ਦੀ ਪਠਾਰ ਦੇ ਪਾਸ ਦੀ ਖਾੜੀ ਬੰਗਾਲ ਤੋਂ ਆ ਰਹੀ ਗਰਮ ਅਤੇ ਸਿੱਲੀ ਹਵਾ ਨਾਲ ਮੇਲ ਖਾਂਦੀ ਹੈ ਤਾਂ ਤੂਫਾਨੀ ਚੱਕਰਵਾਤਾਂ ਦੀ ਉਤਪਤੀ ਹੋ ਜਾਂਦੀ ਹੈ। ਜਿਸ ਨੂੰ ਦੱਖਣ ਪੱਛਮੀ ਮਾਨਸੂਨ ਪੌਣਾਂ ਤਾਕਤਵਰ ਹੋਣ ਕਰਕੇ ਫਿਰ ਉੱਤਰ ਪੱਛਮ ਭਾਰਤ ਵੱਲ ਧੱਕ ਦਿੰਦੀਆਂ ਹਨ। ਇਹਨਾਂ ਤੂਫਾਨੀ ਚਕਰਵਾਤਾਂ ਨੂੰ ਪੱਛਮੀ ਬੰਗਾਲ ਵਿੱਚ ਕਾਲ ਵੈਸਾਖੀ ਜਾਂ ਨੌਰਵੈਸਟਰ ਕਿਹਾ ਜਾਂਦਾ ਹੈ।

- **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਪੰਜ ਜਾਂ ਛੇ ਸ਼ਬਦਾਂ ਵਿੱਚ ਦਿਓ:**

**1. ਭਾਰਤ ਦੇ ਜਲਵਾਯੂ ਦੀਆਂ ਖੇਤਰੀ ਭਿੰਨਤਾਵਾਂ ਕੀ ਹਨ?**

ਉੱਤਰ ਭਾਰਤ ਦੇ ਜਲਵਾਯੂ ਦੀਆਂ ਖੇਤਰੀ ਭਿੰਨਤਾਵਾਂ ਹੇਠ ਲਿਖੇ ਅਨੁਸਾਰ ਹੈ:-

1. ਤਾਪਮਾਨ ਪੱਖੋਂ ਸਰਦੀਆਂ ਦਾ ਘੱਟ ਤੋਂ ਘੱਟ ਤਾਪਮਾਨ ਕਾਰਗਿਲ ਦੇ ਨੇੜੇ ਦਰਾਸ ਨਾਮਕ ਸਥਾਨ ਤੇ -45° ਸੈਲਸੀਅਸ ਤੱਕ ਗਿਰ ਜਾਂਦਾ ਹੈ। ਜਦ ਕਿ ਤਾਮਿਲਨਾਡੂ ਵਿੱਚ ਚੇਨਈ ਦੇ ਸਥਾਨ ਤੇ 20° ਸੈਲਸੀਅਸ ਤਾਪਮਾਨ ਰਹਿੰਦਾ ਹੈ।
2. ਵਰਖਾ ਦੇ ਹਿਸਾਬ ਨਾਲ ਖਾਸੀ ਦੀਆਂ ਪਹਾੜੀਆਂ ਵਿੱਚ ਚਿਰਾਪੂੰਜੀ ਦੇ ਆਸ-ਪਾਸ ਮਸੀਨਰਮ ਪਿੰਡ ਵਿੱਚ ਦੇਸ਼ ਦੀ ਵੱਧ ਤੋਂ ਵੱਧ ਔਸਤ ਸਾਲਾਨਾ ਵਰਖਾ 1080 ਸੈਂਟੀਮੀਟਰ ਹੁੰਦੀ ਹੈ। ਜਦਕਿ ਪੱਛਮੀ ਥਾਰਮਾਰੂਥਲ ਵਿੱਚ ਸਲਾਨਾ ਵਰਖਾ 12 ਸੈਂਟੀਮੀਟਰ ਹੁੰਦੀ ਹੈ।
3. ਬਾਰਮੇੜ ਅਤੇ ਜੈਸਲਮੇਰ ਵਿੱਚ ਜਿੱਥੇ ਲੋਕ ਬਦੱਲਾਂ ਨੂੰ ਤਰਸ ਰਹੇ ਹੁੰਦੇ ਹਨ। ਉੱਥੇ ਮੈਘਾਲਿਆ ਵਿੱਚ ਸਾਰਾ ਸਾਲ ਅਕਾਸ਼ ਦੇ ਬੱਦਲ ਛਾਏ ਰਹਿੰਦੇ ਹਨ।
4. ਮੁੰਬਈ ਅਤੇ ਹੋਰ ਤੱਟੀ ਖੇਤਰਾਂ ਵਿੱਚ ਸਮੁੰਦਰ ਦਾ ਅਸਰ ਹੋਣ ਕਰਕੇ ਸਮ-ਜਲਵਾਯੂ ਪਾਇਆ ਜਾਂਦਾ ਹੈ ਜਦਕਿ ਦਿੱਲੀ, ਚੰਡੀਗੜ੍ਹ ਅਤੇ ਲੁਧਿਆਣੇ ਦੇ ਅੰਦਰੂਨੀ ਭਾਗਾਂ ਵਿੱਚ ਜਲਵਾਯੂ ਅਤੀ ਕਠੋਰ ਕਿਸਮ ਦਾ ਪਾਇਆ ਜਾਂਦਾ ਹੈ।

- **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਪੰਜ ਜਾਂ ਛੇ ਸ਼ਬਦਾਂ ਵਿੱਚ ਦਿਓ:.**

2. ਭਾਰਤ ਦੇ ਜਲਵਾਯੂ ਨੂੰ ਕਿਹੜੇ-ਕਿਹੜੇ ਤੱਤ ਪ੍ਰਭਾਵਿਤ ਕਰਦੇ ਹਨ?

ਉੱਤਰ ਭਾਰਤ ਦੇ ਜਲਵਾਯੂ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ:-

1. ਭੂ-ਮੱਧ ਰੇਖਾ ਤੋਂ ਦੂਰੀ- ਭਾਰਤ ਦੇਸ਼ ਧਰਤੀ ਦੇ ਉੱਤਰੀ ਗੋਲਾਅਰਧ ਵਿੱਚ ਭੂ-ਮੱਧ ਰੇਖਾ ਦੇ ਨੇੜੇ ਹੈ> ਇਸ ਕਰਕੇ ਹਿਮਾਲਿਆ ਪਰਬਤ ਨੂੰ ਛੱਡ ਕੇ ਸਾਰੇ ਦੇਸ਼ ਵਿੱਚ ਤਾਪਮਾਨ ਉੱਚਾ ਹੁੰਦਾ ਹੈ।
2. ਧਰਾਤਲ- ਭਾਰਤ ਦੇ ਉੱਤਰ ਪੱਛਮ ਦਿਸ਼ਾ ਵਿੱਚ ਫੈਲੀ ਹੋਈ ਹਿਮਾਲਿਆ ਪਰਬਤ ਮਾਲਾ ਦੇਸ਼ ਦੇ ਜਲਵਾਯੂ ਉੱਤੇ ਡੂੰਘਾ ਪ੍ਰਭਾਵ ਪਾਉਂਦੀ ਹੈ।
3. ਵਾਯੂ ਦਾਬ ਪ੍ਰਣਾਲੀ-ਗਰਮੀ ਦੀ ਰੁੱਤ ਸ਼ੁਰੂ ਹੋਣ ਨਾਲ ਹੀ ਸੂਰਜ ਦੀਆਂ ਸਿੱਧੀਆਂ ਕਿਰਣਾਂ ਉੱਤਰੀ ਗੋਲਾ-ਅਰਧ ਵਿੱਚ ਕਰਕ ਰੇਖਾ ਤੇ ਸਿੱਧੀਆਂ ਪੈਣ ਲੱਗਦੀਆਂ ਹਨ। ਜਿਸ ਦੇ ਨਤੀਜੇ ਵਜੋਂ ਦੇਸ਼ ਦੇ ਉੱਤਰੀ ਭਾਰਤ ਦਾ ਤਾਪਮਾਨ ਵੱਧਣ ਲੱਗਦਾ ਹੈ ਤੇ ਵਾਯੂ ਦਾ ਦਾਬ ਘੱਟ ਜਾਂਦਾ ਹੈ। ਇਸ ਕਰਕੇ ਸਮੁੰਦਰ ਤੋਂ ਉੱਤਰੀ ਭਾਗ ਵੱਲ ਨੂੰ ਮਾਨਸੂਨ ਪੌਣਾਂ ਦੀ ਆਮਦ ਹੋਣ ਲੱਗਦੀ ਹੈ।
4. ਦੇਸ਼ ਦੇ ਅੰਦਰ ਗਰਮੀ ਅਤੇ ਸਰਦੀ ਦੇ ਮੌਸਮ ਸਮੇਂ ਹਵਾ ਦਾ ਦਬਾਅ ਦੀ ਤਬਦੀਲੀ ਹੋਣ ਕਰਕੇ ਮੌਸਮ ਪੌਣਾਂ ਚਲਦੀਆਂ ਹਨ।ਗਰਮੀਆਂ ਦੇ ਛੇ ਮਹੀਨੇ ਸਮੁੰਦਰ ਤੋਂ ਥੱਲ ਵੱਲ ਨੂੰ ਚਲਦੀਆਂ ਹਨ ਅਤੇ ਸਰਦੀਆਂ ਵਿੱਚ 6 ਮਹੀਨੇ ਥਲ ਤੋਂ ਸਮੁੰਦਰ ਵੱਲ ਚਲਦੀਆਂ ਹਨ।

5. ਹਿੰਦ ਮਹਾਂਸਾਗਰ ਦੀ ਨੇੜਤਾ – ਸਮੁੱਚੇ ਦੇਸ਼ ਦੇ ਜਲਵਾਯੂ ਤੇ ਨਾਲ ਲੱਗਦੇ ਵਿਸ਼ਾਲ ਹਿੰਦ ਮਹਾਂਸਾਗਰ ਨੇ ਅਮਿੱਟ ਤਾਪ ਛੱਡੀ ਹੈ। ਦੱਖਣੀ ਪਠਾਰ ਦੇ ਤਿੰਨ ਪਾਸੇ ਸਮੁੰਦਰ ਹੋਣ ਕਰਕੇ ਦੱਖਣੀ ਭਾਰਤ ਦਾ ਤਾਪਮਾਨ ਜਿਆਦਾ ਨਹੀਂ ਵੱਧਦਾ ਅਤੇ ਨਾ ਹੀ ਇੱਥੇ ਜਿਆਦਾ ਸਰਦੀ ਪੈਂਦੀ ਹੈ।

# Lesson-10
## ਜਨਸੰਖਿਆ

- **ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਸਹੀ ਉੱਤਰ ਤੇ ਸਹੀ(✓) ਠੀਕ ਦਾ ਨਿਸ਼ਾਨ ਲਗਾਓ**

1) ਉਮਰ ਬਣਤਰ ਨੂੰ ਨਿਰਧਾਰਿਤ ਕਰਨ ਵਾਲੇ ਤੱਤ ਕਿਹੜੇ-ਕਿਹੜੇ ਹਨ?

(a) ਪੈਦਾਇਸ਼ (b) ਮ੍ਰਿਤਕਤਾ (c) ਪ੍ਰਵਾਸ (d) ਸਾਰੇ ਹੀ ✓

**ਉੱਤਰ (d)**

2) ਦੇਸ਼ ਦਾ ਸਭ ਤੋਂ ਘੱਟ ਜਨ-ਸੰਖਿਆ ਵਾਲਾ ਰਾਜ ਕਿਹੜਾ ਹੈ?

(a) ਬਿਹਾਰ (b) ਸਿਕਿੱਮ ✓ (c) ਹਰਿਆਣਾ (d) ਭੂਟਾਨ

**ਉੱਤਰ (b)**

3) ਭਾਰਤ ਦੇ ਕਿਸ ਰਾਜ ਵਿੱਚ ਲਿੰਗ-ਅਨੁਪਾਤ ਸਭ ਤੋਂ ਵੱਧ ਹੈ?

(a) ਅਮਰੀਕਾ (b) ਕੇਰਲ ✓ (c) ਜਨਗਣਨਾ (d) ਭਾਰਤ

**ਉੱਤਰ (b)**

4) ਦੇਸ਼ ਦੇ ਸੰਵਿਧਾਨ ਅਨੁਸਾਰ ਕਿੰਨੇ ਸਾਲ ਦੀ ਉਮਰ ਤੱਕ ਦੇ ਬੱਚਿਆਂ ਨੂੰ ਮੁਫਤ ਅਤੇ ਲਾਜ਼ਮੀ ਸਿੱਖਿਆ ਦੇਣੀ ਸਰਕਾਰ ਦੀ ਜਿੰਮੇਵਾਰੀ ਹੈ?

(a) ਬਾਲਗ (b) 6-14 ✓ (c) ਪ੍ਰਾਇਮਰੀ (d) ਬਜੁਰਗ

**ਉੱਤਰ (b)**

5) ਪ੍ਰਤੀ ਹਜਾਰ ਮਰਦਾ ਪਿੱਛੇ ਔਰਤਾਂ ਦੀ ਗਿਣਤੀ ਨੂੰ ਕੀ ਕਿਹਾ ਜਾਂਦਾ ਹੈ?

(a) ਲਿੰਗ-ਅਨੁਪਾਤ ✓ (b) ਜਨਸੰਖਿਆ (c) ਸਾਖਰਤਾ (d) ਪੰਜਵਾਂ

**ਉੱਤਰ (a)**

- **ਖਾਲੀ ਥਾਵਾਂ ਲਈ ਸਹੀ ਉੱਤਰ ਚੁਣੋ:-**

1) ਉਪਜਾਊ ਭੂਮੀ ਵਾਲੇ ਖੇਤਰਾਂ ਵਿੱਚ ਜਨਸੰਖਿਆ ਘਣਤਾ.......................... ਹੈ

(ਵੱਧ ✓, ਸਮਤਲ)

2) ............................. ਸਭ ਤੋਂ ਘੱਟ ਜਨਸੰਖਿਆ ਘਣਤਾ ਵਾਲਾ ਰਾਜ ਹੈ।

(ਅਰੁਣਾਚਲ ਪ੍ਰਦੇਸ਼ ✓, ਬਿਹਾਰ)

3) ਭਾਰਤ ਦੀ ਜਨਸੰਖਿਆ ਦਾ ਬਹੁਤਾ ਹਿੱਸਾ..................... ਉੱਤੇ ਨਿਰਭਰ ਹੈ।

(ਖੇਤੀਬਾੜੀ ✓, ਅਧਿਆਪਨ)

4) ਮੌਤ ਦਰ ਵਿੱਚ ਤੇਜੀ ਨਾਲ ਗਿਰਾਵਟ ਦਾ ਮੁੱਖ ਕਾਰਣ .......................... ਹੈ

(ਸਿਹਤ ਸੇਵਾਵਾਂ ✓, ਵਾਤਾਵਰਣ)

- **ਸਹੀ ਉੱਤਰ ਨਾਲ ਮਿਲਾਨ ਕਰੋ:-**

| | |
|---|---|
| 1) ਬਿਹਾਰ | ਉਤਰ ਪ੍ਰਦੇਸ਼(4) |
| 2) ਵੱਧ ਸਾਖਰਤਾ ਵਾਲਾ ਰਾਜ | ਵੱਧ ਘਣਤਾ ਵਾਲਾ ਰਾਜ(1) |
| 3) ਖੁਸ਼ਕ ਖੇਤਰ | ਮੁੱਖ ਕਾਮੇ(5) |
| 4) ਵੱਧ ਜਨਸੰਖਿਆ ਵਾਲਾ ਰਾਜ | ਮਾਰੂਥਲ(3) |
| 5) ਆਰਥਿਕ ਕਿਰਿਆਵਾਂ ਵਿੱਚ ਲੱਗੇ ਲੋਕ | ਕੇਰਲ((2) |
| 6) ਅਰਥਸ਼ਾਸਤਰੀ | ਅਰੁਣਾਚਲ ਪ੍ਰਦੇਸ਼(7) |
| 7) ਘੱਟ ਘਣਤਾ ਵਾਲਾ ਰਾਜ | ਪ੍ਰੋ: ਅਮਰੱਤਿਆ ਸੇਨ(6) |

- **ਸਹੀ ਲਈ (✓) ਠੀਕ ਦਾ ਨਿਸ਼ਾਨ ਲਗਾਓ ਅਤੇ ਗਲਤ ਲਈ (x) ਗਲਤ ਦਾ ਨਿਸ਼ਾਨ ਲਗਾਓ।**

1. ਉੱਤਰੀ ਭਾਰਤ ਦੇ ਮੈਦਾਨੀ ਖੇਤਰੀ ਵਿਰਲੀ ਵਸੋਂ ਵਾਲੇ ਹਨ। (**x**)
2. ਨਿਰਭਰ ਜਨਸੰਖਿਆ ਦਾ ਅਰਥ ਉਹ ਜਨਸੰਖਿਆ ਜੋ ਖੁਦ ਕਮਾਈ ਨਹੀ ਕਰਦੇ (✓)
3. ਮੁੱਖ ਕਾਮੇ ਹੁੰਦੇ ਹਨ ਜੋ ਆਰਥਿਕ ਕ੍ਰਿਆ ਨਹੀਂ ਕਰਦੇ । (**x)**

- **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਵਿੱਚ ਦਿਓ:**

1) 2011 ਦੀ ਜਣਗਣਨਾ ਅਨੁਸਾਰ ਭਾਰਤ ਦਾ ਜਨਸੰਖਿਆ ਕਿੰਨੀ ਸੀ?
ਉੱਤਰ 121 ਕਰੋੜ
2) ਵਸੋਂ ਦੇ ਪੱਖੋਂ ਭਾਰਤ ਦਾ ਸੰਸਾਰ ਵਿੱਚ ਕੀ ਸਥਾਨ ਹੈ?
ਉੱਤਰ ਦੂਜਾ
3) ਭਾਰਤ ਵਿੱਚ ਸਭ ਤੋਂ ਵੱਧ ਜਨਸੰਖਿਆ ਘਣਤਾ ਵਾਲਾ ਰਾਜ ਕਿਹਾੜਾ ਹੈ?
ਉੱਤਰ ਬਿਹਾਰ
4) ਪੰਜਾਬ ਦੀ ਜਨਸੰਖਿਆ ਘਣਤਾ ਕਿੰਨੀ ਹੈ?
ਉੱਤਰ 551 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ
5) ਪ੍ਰਤੀ ਹਜਾਰ ਮਰਦਾਂ ਦੇ ਪਿੱਛੇ ਔਰਤਾਂ ਦੀ ਗਿਣਤੀ ਤੋਂ ਕੀ ਭਾਵ ਹੈ?!
ਉੱਤਰ ਲਿੰਗ ਅਨੁਪਾਤ

- **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਤਿੰਨ ਜਾਂ ਚਾਰ ਸ਼ਬਦ ਵਿੱਚ ਦਿਓ:**

**1. ਭਾਰਤ ਵਿੱਚ ਜਨਸੰਖਿਆ ਵਾਧੇ ਦੇ ਤਿੰਨ ਬੁਰੇ ਪ੍ਰਭਾਵ ਦੱਸੋ?**

ਉੱਤਰ ਵੱਧ ਜਨ-ਸੰਖਿਆ ਦੇ ਬੁਰੇ ਪ੍ਰਭਾਵ:-

1. ਵੱਧ ਜਨ-ਸੰਖਿਆ ਕਾਰਣ ਬੇਰੁਜਗਾਰੀ ਵਿੱਚ ਵਾਧਾ ਹੋਇਆ ਹੈ।
2. ਵੱਧ ਜਨ-ਸੰਖਿਆ ਦੇ ਕਾਰਣ ਗਰੀਬੀ ਜਿਆਦਾ ਪਾਈ ਜਾਂਦੀ ਹੈ ਜੋ ਕਿ ਦੇਸ਼ ਦੇ ਲੋਕਤੰਤਰ ਦੇ ਰਸਤੇ ਵਿੱਚ ਰੁਕਾਵਟ ਬਣਦੀ ਹੈ।
3. ਸਿੱਖਿਆ, ਪਾਣੀ ਦੀ ਪੂਰਤੀ ਤੇ ਸਿਹਤ ਵਰਗੀਆਂ ਕਈ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ।

**2. ਲਿੰਗ ਅਨੁਪਾਤ ਤੋਂ ਕੀ ਭਾਵ ਹੈ?ਕਿਸ ਰਾਜ ਦਾ ਲਿੰਗ ਅਨੁਪਾ ਸਭ ਤੋਂ ਵੱਧ ਹੈ?**

ਉੱਤਰ ਹਜਾਰ ਮਰਦਾਂ ਪਿੱਛੇ ਔਰਤਾਂ ਦੀ ਸੰਖਿਆ ਨੂੰ ਲਿੰਗ ਅਨੁਪਾਤ ਕਿਹਾ ਜਾਂਦਾ ਹੈ। ਭਾਰਤ ਵਿੱਚ 2011 ਦੀ ਜਨਗਣਨਾ ਅਨੁਸਾਰ ਲਿੰਗ ਅਨੁਪਾਤ 1000 ਮਰਦਾਂ ਪਿੱਛੇ 940 ਔਰਤਾਂ ਦਾ ਹੈ।

ਭਾਰਤ ਵਿੱਚ ਕੇਰਲਾ ਰਾਜ ਦਾ ਲਿੰਗ ਅਨੁਪਾਤ ਸਭ ਤੋਂ ਜਿਆਦਾ ਹੈ। ਪ੍ਰਤੀ ਹਜਾਰ ਮਰਦਾ ਪਿੱਛੇ 1●84 ਔਰਤਾਂ ਪਾਈਆਂ ਜਾਂਦੀਆ ਹਨ।

3. **ਦੇਸ਼ ਵਿੱਚ ਲਿੰਗ -ਅਨੁਪਾਤ ਦੇ ਤੇਜੀ ਨਾਲ ਘੱਟਣ ਦੇ ਕੀ ਕਾਰਨ ਹਨ?**

ਉੱਤਰ 1. ਭਾਰਤੀ ਸਮਾਜ ਵਿੱਚ ਇਸਤਰੀ ਦਾ ਦਰਜਾ ਛੋਟਾ ਹੋਣਾ।

2. ਦਾਜ ਦੀ ਸਮੱਸਿਆ
3. ਭਰੂਣ ਹੱਤਿਆ
4. ਸ਼ਿਸ਼ੂ ਲੜਕੀ ਦੀ ਸਿਹਤ ਵੱਲ ਘੱਟ ਧਿਆਨ ਦੇਣਾ।

- **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਪੰਜ ਜਾਂ ਛੇ ਸ਼ਬਦ ਵਿੱਚ ਦਿਓ:**

**3. ਦੇਸ਼ ਦੇ ਵੱਧ ਜਨਸੰਖਿਅਕ ਘਣਤਾ ਵਾਲੇ ਖੇਤਰ ਕਿਹੜੇ ਹਨ?**

ਉੱਤਰ 1. ਬਿਹਾਰ ਵਿੱਚ ਸੱਭ ਤੋਂ ਵੱਧ ਵੱਸੋ ਘਣਤਾ ਪਾਈ ਜਾਂਦੀ ਹੈ।

2. ਦਿੱਲੀ ਸਬੰਧੀ ਖੇਤਰ
3. ਉੱਤਰੀ ਭਾਰਤ ਵਿੱਚ ਪੰਜਾਬ , ਹਰਿਆਣਾ ਅਤੇ ਉੱਤਰ ਪ੍ਰਦੇਸ਼
4. ਪੂਰਬੀ ਅਤੇ ਪੱਛਮੀ ਤੱਟਵਰਤੀ ਮੈਦਾਨਾਂ ਵਿਚ ਵੀ ਵੱਸੋ ਘਣਤਾ ਜਿਆਦਾ ਹੈ।
5. ਸਤਲੁਜ ਗੰਗਾ, ਬ੍ਰਹਮਪੁੱਤਰ ਕਿਸ਼ਨਾ ਦੇ ਡੈਲਟਾਈ ਭਾਗਾਂ ਵਿੱਚ ਉਪਜਾਊ ਮਿੱਟੀ ਹੋਣ ਕਰਕੇ ਵੱਸੋਂ ਘਣਤਾ ਜਿਆਦਾ ਪਾਈ ਜਾਂਦੀ ਹੈ।
6. ਦੇਸ਼ ਦੇ ਵੱਡੇ-ਵੱਡੇ ਸ਼ਹਿਰਾਂ ਵਿੱਚ ਉਦਯੋਗੀਕਰਣ ਅਤੇ ਰੋਜਗਾਰ ਦੇ ਮੌਕੇ ਉਪਲਬੱਧ ਹੋਣ ਕਾਰਕੇ ਵੀ ਇਹਨਾਂ ਸ਼ਹਿਰਾਂ ਵਿੱਚ ਵੱਸੋਂ ਘਣਤਾ ਜਿਆਦਾ ਪਾਈ ਜਾਂਦੀ ਹੈ। ਜਿਵੇਂ ਮੁੰਬਾਈ, ਕੋਲਕਾਤਾ, ਅਹਿਮਦਾਬਾਦ ਆਦਿ।

4. **ਦੇਸ਼ ਦੀ ਜਨਸੰਖਿਆ ਦੀ ਬਣਤਰ ਦਾ ਅਧਿਐਨ ਕਰਨਾ ਕਿਉ ਜਰੂਰੀ ਹੈ?**

ਉੱਤਰ: ਦੇਸ਼ ਦੀ ਜਨਸੰਖਿਆ ਦੀ ਬਣਤਰ ਦਾ ਅਧਿਐਨ ਹੇਠ ਲਿਖੇ ਕਾਰਣਾਂ ਕਰਕੇ ਕਰਨਾ ਜਰੂਰੀ ਹੈ:-

ਸਮਾਜਿਕ ਅਤੇ ਆਰਥਿਕ ਯੋਜਨਾਵਾਂ ਬਣਾਉਣ ਲਈ ਜਨਸੰਖਿਆ ਦਾ ਅਧਿਐਨ ਜਰੂਰੀ ਹੈ। ਜਨਸੰਖਿਆ ਦੀ ਬਣਤਰ ਦੇ ਵੱਖ-ਵੱਖ ਤੱਤਾਂ ਦਾ ਆਰਥਿਕ ਵਿਕਾਸ ਨਾਲ ਗੂੜ੍ਹਾ ਸੰਬਧ ਹੁੰਦਾ ਹੈ। ਗਰੀਬ ਅਤੇ ਪਛੜੇ ਵਰਗ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਜਨਸੰਖਿਆ ਦੀ ਬਣਤਰ ਦਾ ਅਧਿਐਨ ਜਰੂਰੀ ਹੈ। ਸਮੁੱਚੇ ਲੋਕਾਂ ਦੇ ਜੀਵਨ ਪੱਧਰ ਅਤੇ ਲੋਕਾਂ ਨੂੰ ਮੁੱਖ ਰੱਖਦੇ ਹੋਏ ਵੀ ਜਨਸੰਖਿਆ ਦੀ ਬਣਤਰ ਦਾ ਅਧਿਐਨ ਜਰੂਰੀ ਹੈ। ਸਿਹਤ ਸਹੂਲਤਾਂ ਆਵਾਜਾਈ ਤੇ ਸਿੱਖਿਆ ਸਹੂਲਤਾਂ ਦਾ ਜਾਇਜਾ ਲੈਣ ਲਈ ਵੀ ਦੇਸ਼ ਦੀ ਜਨ-ਸੰਖਿਆ ਦੀ ਬਣਤਰ ਦਾ ਅਧਿਐਨ ਜਰੂਰੀ ਹੈ।

**5. ਦੇਸ਼ ਦੇ ਮੈਦਾਨੀ ਭਾਗਾਂ ਵਿੱਚ ਜਨਸੰਖਿਆ ਘਣਤਾ ਵੱਧ ਹੋਣ ਦੇ ਤਿੰਨ ਕੀ ਕਾਰਨ ਹਨ?**

ਉੱਤਰ: ਦੇਸ਼ ਦੇ ਮੈਦਾਨੀ ਭਾਗਾਂ ਵਿੱਚ ਜਨ-ਸੰਖਿਆ ਘਣਤਾ ਵੱਧ ਹੋਣ ਦੇ ਕਾਰਣ

1. ਆਵਾਜਾਈ ਦੀਆਂ ਸਹੂਲਤਾਂ ਜਿਵੇਂ ਸੜਕਾਂ, ਰੇਲਮਾਰਗ ਵੱਧ ਹੋਣ ਕਾਰਣ ਇਹਨਾਂ ਖੇਤਰਾਂ ਵਿੱਚ ਵੱਸੋਂ ਜਿਆਦਾ ਹੈ।
2. ਰੋਜਗਾਰ ਦੇ ਸਾਧਨ ਜਿਆਦਾ ਹੋਣ ਕਾਰਨ
3. ਮਿੱਟੀ ਦੀ ਉਪਜਾਊ ਹੋਣ ਕਾਰਣ ਲੋਕ ਇੱਥੇ ਵਸਣਾ ਪਸੰਦ ਕਰਦੇ ਹਨ।
4. ਪਾਣੀ ਦੀ ਸਹੂਲਤ ਕਾਰਣ ਇਹਨਾਂ ਖੇਤਰਾਂ ਦੀ ਵੱਸੋਂ ਜਿਆਦਾ ਹੈ।

## Lesson-4
## ਕੁਦਰਤੀ ਬਨਸਪਤੀ, ਜੀਵ ਜੰਤੂ ਤੇ ਮਿੱਟੀਆ

- **ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਸਹੀ ਉੱਤਰ ਤੇ ਸਹੀ(✓) ਠੀਕ ਦਾ ਨਿਸ਼ਾਨ ਲਗਾਓ**

1) ਕਾਲੀ ਮਿੱਟੀ ਕਿਸ ਉਪਜ ਲਈ ਉਤੱਮ ਮੰਨੀ ਜਾਂਦੀ ਹੈ?

(a) ਗੰਨਾ (b) ਸੇਬ (c) ਕਪਾਹ ✓ (d) ਬਨਸਪਤੀ

**ਉੱਤਰ(c)**

2) ਕਿਸ ਮਿੱਟੀ ਵਿੱਚ ਲੋਹੇ ਅਤੇ ਐਲੂਮੀਨੀਅਮ ਦੀ ਮਾਤਰਾ ਜਿਆਦਾ ਹੁੰਦੀ ਹੈ?

(a) ਲੈਟਰਾਈਟ ✓ (b) ਜੰਗਲ (c) ਬਨਸਪਤੀ (d) ਸ਼ੋਲਾ ਵਣ

**ਉੱਤਰ(a)**

3) ਥਾਰ ਮਾਰੂਥਲ ਦਾ ਸਾਧਾਰਨ ਪਸ਼ੂ ਕਿਹਾੜਾ ਹੈ ?

(a) ਊਠ ✓ (b) ਕਣਕ (c) ਸ਼ੇਰ (d) ਬਨਸਪਤੀ

**ਉੱਤਰ(a)**

4) ਅਗਨੀ ਚਟਾਨਾਂ ਦੇ ਟੁੱਟਣ ਨਾਲ ਬਣੀ ਮਿੱਟੀ ਨੂੰ ਕੀ ਕਿਹਾ ਜਾਂਦਾ ਹੈ?

(a) ਕਾਲੀ ਮਿੱਟੀ ✓ (b) ਭੂੜ (c) ਫਸਲਾਂ (d) ਮਾਰੂਥਲ

**ਉੱਤਰ(a)**

5) ਰਬੜ, ਬਾਂਸ, ਨਾਰੀਅਲ, ਰੋਜਵੁੱਡ ਆਦਿ ਕਿਸ ਤਰ੍ਹਾਂ ਦੀਆਂ ਬਨਸਪਤੀ ਦੀਆਂ ਕਿਸਮਾਂ ਹਨ?

(a) ਊਸ਼ਣ ਸਦਾਬਹਾਰ ਬਨਸਪਤੀ ✓ (b) ਪਰਬਤੀ ਖੇਤਰ (c) ਖੁਸ਼ਕ ਬਨਸਪਤੀ (d) ਮਾਰੂਥਲੀ

**ਉੱਤਰ(a)**

- **ਖਾਲੀ ਥਾਵਾ ਲਈ ਸਹੀ ਉੱਤਰ ਚੁਣੋ:**

**1.** ਦੇਸ਼ ਦੀ ਘੱਟੋਂ-ਘੱਟ ..................................... ਭੂਮੀ ਜੰਗਲਾਂ ਨਾਲ ਢੱਕੀ ਹੋਵੇ

(33% ✓, 1951 )

2. ਫਰਨੀਚਰ, ਸਮੁੰਦਰੀ ਜਹਾਜ ਆਦਿ ਬਣਾਉਣ ਲਈ....................... ਦੀ ਲਕੜੀ ਸਭ ਤੋਂ ਚੰਗੀ ਹੈ।

(ਸਗਵਾਨ ✓, ਝਾੜੀਆ)

3. ਕਿੱਕਰ ਅਤੇ ਬਬੂਲ........................... ਦੇ ਰੁੱਖ ਹਨ।

(ਖੁਸ਼ਕ ਬਨਸਪਤੀ ✓, ਸਾਗਰ)

- **ਸਹੀ ਉੱਤਰ ਮਿਲਾਨ ਕਰੋ:-**

| | |
|---|---|
| 1. ਕਾਲੀ ਮਿੱਟੀ | ਰਾਸ਼ਟਰੀ ਪਸ਼ੂ(6) |
| 2. ਥਾਰ ਮਾਰੂਥਲ | ਖੁਸ਼ਕ ਬਨਸਪਤੀ(8) |
| 3. ਕਾਂਗਰਸੀ ਘਾਹ | ਕੁਨੀਨ(7) |
| 4. ਬੰਗਾਲ ਦਾ ਡਰ | ਕਪਾਹ(1) |

5. ਮੈਂਗਰੋਵ — ਊਠ(2)
6. ਸ਼ੇਰ — ਜਲ-ਹਾਇਆਸਿੰਧ(4)
7. ਸਿਨਕੋਨਾ — ਚਮੜੀ ਅਤੇ ਸਾਹ ਸਬੰਧੀ ਰੋਗ(3)
8. ਕਿੱਕਰ — ਜਵਾਰੀ ਬਨਸਪਤੀ(5)

- **ਸਹੀ ਲਈ (✓) ਠੀਕ ਦਾ ਨਿਸ਼ਾਨ ਲਗਾਓ ਅਤੇ ਗਲਤ ਲਈ (x) ਗਲਤ ਦਾ ਨਿਸ਼ਾਨ ਲਗਾਓ।**

1. ਕੰਡੇਦਾਰ ਵਣਾਂ ਵਿੱਚ ਰੁੱਖਾ ਦੇ ਪੱਤੇ ਨੋਕੀਲੇ ਹੁੰਦੇ ਹਨ। (✓)
2. ਰਾਜ ਵਣ ਤੇ ਲੋਕਾ ਦਾ ਅਧਿਕਾਰ ਹੁੰਦਾ ਹੈ। (**x**)
3. ਵਿਦੇਸ਼ੀ ਬਨਸਪਤੀ ਨਾਲ ਸਾਡੇ ਜਲ-ਭੰਡਾਰ ਦੂਸ਼ਿਤ ਹੋ ਸਕਦੇ ਹਨ। (✓)
4. ਮਿੱਟੀ ਇੱਕ ਬਹੁਤ ਕੁਦਰਤੀ ਦਾ ਕੀਮਤੀ ਤੋਹਫਾ ਹੈ। (✓)

- **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ:**

ਪ੍ਰਸ਼ਨ-1: ਭਾਰਤ ਵਿੱਚ ਜੀਵ-ਜੰਤੂ ਕਿੰਨੀ ਕਿਸਮ ਦੇ ਹੋ ਸਕਦੇ ਹਨ?
ਉੱਤਰ 76 ਹਜਾਰ
ਪ੍ਰਸ਼ਨ -2: ਭਾਰਤ ਦੇ ਰਾਸ਼ਟਰੀ ਪਸ਼ੂ ਦਾ ਨਾਂ ਦੱਸੋ?
ਉੱਤਰ ਸ਼ੇਰ
ਪ੍ਰਸ਼ਨ-3: ਭਾਰਤ ਦੇ ਰਾਸ਼ਟਰੀ ਪੰਛੀ ਦਾ ਨਾਂ ਦੱਸੋਂ
ਉੱਤਰ ਮੋਰ
ਪ੍ਰਸ਼ਨ-4: ਕਾਲੀ ਮਿੱਟੀ ਕਿਹੜੀ ਫਸਲ ਲਈ ਆਦਰਸ਼ ਮੰਨੀ ਜਾਂਦੀ ਹੈ?
ਉੱਤਰ ਕਪਾਹ
ਪ੍ਰਸ਼ਨ-5: ਸਾਰੇ ਦਰੱਖਤ, ਪੌਦੇ, ਘਾਹ, ਝਾੜੀਆਂ ਜੋ ਮਨੁੱਖੀ ਦਖਲ ਤੋਂ ਬਿਨਾਂ ਓਗਦੇ ਹਨ, ਕੀ ਕਹਾਉਂਦੇ ਹਨ?
ਉੱਤਰ ਕੁਦਰਤੀ ਬਨਸਪਤੀ

**ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਤਿੰਨ ਜਾਂ ਚਾਰ ਸ਼ਬਦ ਵਿੱਚ ਦਿਓ:**

1. **ਭਾਰਤ ਵਿੱਚ ਮਿਲਣ ਵਾਲੀਆਂ ਮਿੱਟੀਆਂ ਦੇ ਨਾਂ ਲਿਖੋ?**

ਉੱਤਰ: ਭਾਰਤ ਵਿਚ ਮੁੱਖ ਤੌਰ ਤੇ ਹੇਠ ਲਿਖੀਆਂ ਮਿੱਟੀਆਂ ਪਾਈਆਂ ਜਾਂਦੀਆਂ ਹਨ:-

1. ਜਲੋਡ ਮਿੱਟੀ 2. ਕਾਲੀ ਮਿੱਟੀ 3. ਲਾਲ ਮਿੱਟੀ 4. ਲੈਟਰਾਈਟ ਮਿੱਟੀ 5. ਮਾਰੂਥਲੀ ਮਿੱਟੀ 6. ਖਾਰੀ ਜਾ ਤੇਜਾਬੀ ਮਿੱਟੀ 7. ਪੀਟ ਤੇ ਦਲਦਲੀ ਮਿੱਟੀ 8. ਪਰਬਤੀ ਮਿੱਟੀ

2. **ਵਿਦੇਸ਼ੀ ਪੌਦਿਆ ਤੋਂ ਸਾਨੂੰ ਕੀ ਨੁਕਸਾਨ ਹਨ?**

**ਉੱਤਰ:** 1. ਚਮੜੀ ਅਤੇ ਸਾਹ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ

2. ਵਿਦੇਸ਼ੀ ਪੌਦੇ ਜਲ ਸਰੋਤਾਂ ਦੇ ਅਤੇ ਰਸਤੇ ਰੋਕ ਲੈਂਦੇ ਹਨ।

3. ਵਿਦੇਸ਼ੀ ਪੌਦਿਆ ਨੂੰ ਸਾਫ ਕਰਨ ਲਇ. ਸਰਕਾਰ ਦਾ ਬਹੁਤ ਸਾਰਾ ਧੰਨ ਖਰਚ ਹੁੰਦਾ ਹੈ।

4. ਵਿਦੇਸ਼ੀ ਪੌਦੇ ਦੇਸ਼ ਦੀ ਕੁਦਰਤੀ ਬਨਸਪਤੀ ਦੇ ਸੋਹਜ ਨੂੰ ਖਰਾਬ ਕਰਦੇ ਹਨ।

- **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਪੰਜ ਜਾਂ ਛੇ ਸ਼ਬਦ ਵਿੱਚ ਦਿਓ:**

2. ਮਿੱਟੀ ਦਾ ਕਟਾਅ ਕੀ ਹੈ? ਮਿੱਟੀ ਦੀ ਸੰਭਾਲ ਕਿਵੇਂ ਕੀਤੀ ਜਾ ਸਕਦੀ ਹੈ?

ਉੱਤਰ: **ਮਿੱਟੀ ਦਾ ਕਟਾਅ ਅਤੇ ਮਿੱਟੀ ਦੀ ਸੰਭਾਲ ਕਟਾਅ**:-ਧਰਾਤਲ ਉਪਰ ਮਿਲਣ ਵਾਲੀ 15 ਤੋਂ 30 ਸੈਂਟੀਮੀਟਰ ਦੀ ਤਹਿ ਦੇ ਭੌਤਿਕ ਜਾਂ ਗੈਰ-ਭੌਤਿਕ ਤੱਤਾਂ ਦੁਆਰਾ ਆਪਣੇ ਮੂਲ ਸਥਾਨ ਤੋਂ ਟੁੱਟਣ ਜਾਂ ਹੱਟਣ ਦੀ ਕ੍ਰਿਆ ਨੂੰ ਮਿੱਟੀ ਦਾ ਕਟਾਅ ਕਿਹਾ ਜਾਂਦਾ ਹੈ। ਇਹ ਮਿੱਟੀ ਦਾ ਕਟਾਅ ਤਿੰਨ ਤਰ੍ਹਾਂ ਦਾ ਹੁੰਦਾ ਹੈ। ਜਿਵੇਂ ਤਹਿ ਤਾਰ ਕਟਾਅ, ਨਾਲੀਦਾਰ ਕਟਾਅ ਅਤੇ ਖੱਡੇਦਾਰ ਕਟਾਅ।

**ਮਿੱਟੀ ਦੀ ਸੰਭਾਲ:**

1. ਦਰਿਆਵਾਂ ਤੇ ਨਦੀਆਂ ਦੇ ਕੰਢਿਆਂ ਨੂ ਪੱਕਾ ਕੀਤਾ ਜਾਵੇ।
2. ਵੱਧ ਤੋਂ ਵੱਧ ਰੁੱਖ ਲਗਾਏ ਜਾਣ।
3. ਰੇਤਲੇ ਇਲਾਕਿਆ ਵਿੱਚ ਪੌਣਾਂ ਦੀ ਤੇਜੀ ਨੂੰ ਰੋਕਣ ਲਈ ਉਲਟੀ ਦਿਸ਼ਾ ਵਿੱਚ ਕਤਾਰਾਂ ਵਿੱਚ ਰੁੱਖ ਲਗਾਏ ਜਾਣ। ਰੇਤ ਦੇ ਟਿੱਬਿਆ ਤੇ ਘਾਹ ਲਗਾਇਆ ਜਾਵੇ।

# Lesson-5

## ਜਲ ਸਾਧਨ ਅਤੇ ਸਿੰਜਾਈ ਯੋਜਨਾਵਾਂ

- **ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਸਹੀ ਉੱਤਰ ਤੇ ਸਹੀ(✓) ਠੀਕ ਦਾ ਨਿਸ਼ਾਨ ਲਗਾਓ**

1. ਭਾਖੜਾ ਬੰਨ ਦੇ ਪਿੱਛੇ ਬਣੀ ਝੀਲ ਦਾ ਨਾਂ ਚੁਣੋ:-

✓

(a) ਗੋਬਿੰਦ ਸਾਗਰ (b) ਹਿਮਾਲਾ

(c) ਲੰਕਾ (d) ਗੰਗਾ

**ਉੱਤਰ (a)**

2. ਸਾਡੇ ਦੇਸ਼ ਵਿੱਚ ਜਿਆਦਾਤਰ ਪਾਣੀ ਦੀ ਵਰਤੋਂ ਕਿਸ ਕੰਮ ਲਈ ਹੁੰਦੀ ਹੈ।

✓

(a) ਮੋਟਰ ਕਾਰਾ ਧੋਣ ਲਈ (b) ਸਿੰਜਾਈ

(c) ਪਾਣੀ ਪੀਣ ਲਈ (d) ਕੋਈ ਨਹੀਂ

**ਉੱਤਰ (b)**

3. ਪੰਜਾਬ ਵਿੱਚ ਮੁੱਖ ਨਦੀ ਦਾ ਨਾਂ ਦੱਸੋ?

✓

(a) ਚੰਡੀਗੜ੍ਹ (b) ਸਤਲੁਜ

(c) ਥਾਰ (d) ਜੀ.ਟੀ ਰੋਡ

**ਉੱਤਰ (b)**

4. ਬਹੁ-ਮੁੱਖੀ ਯੋਜਨਾਵਾਂ ਦੇ ਲਾਭ

(a) ਸਿੰਜਾਈ ਲਈ (b) ਬਿਜਲੀ ਪੈਦਾ ਕਰਨ ਲਈ

(c) ਹੜ੍ਹਾਂ ਦੀ ਰੋਕਥਾਮ (d) ਸਾਰੇ ਹੀ ਸਹੀ ਹਨ✓

**ਉੱਤਰ (d)**

5. ਭਾਰਤ ਸਰਕਾਰ ਨੇ ਰਾਸ਼ਟਰੀ ਹੜ੍ਹ ਆਯੋਗ ਦੀ ਸਥਾਪਨਾ ਕਦੋਂ ਕੀਤੀ ਸੀ।

✓

(a) ਆਜਾਦੀ ਤੋਂ ਪਹਿਲਾਂ (b) 1954 ਵਿੱਚ

(c) 26 ਜਨਵਰੀ (d) ਕੋਈ ਵੀ ਨਹੀਂ

**ਉੱਤਰ (b)**

- **ਖਾਲੀ ਥਾਵਾਂ ਵਿੱਚ ਸਹੀ ਉੱਤਰ ਚੁਣੋ।**

1. ਸਾਡੇ ਦੇਸ਼ ਵਿੱਚ ਜਿਆਦਾਤਰ ਖੇਤੀ ਲਈ ਜਲ ਦੀ ਵਰਤੋਂ ................................ ਲਈ ਹੁੰਦੀ ਹੈ

✓

(ਸਿੰਚਾਈ/ ਨਹਾਉਣ)

2. ............................ ਨਦੀ ਨੂੰ ਬੰਗਾਲ ਦਾ ਸੋਗ ਕਿਹਾ ਜਾਂਦਾ ਹੈ।

✓

(ਦਮੋਦਰ/ ਪੰਜਾਬ)

3. ਨਦੀਆਂ ਜੋ ਸਮੁੰਦਰ ਤੱਕ ਨਹੀਂ ਪਹੁੰਚਦੇ, ਝੀਲ ਜਾਂ ਰਸਤੇ ਵਿੱਚ ਹੀ ਸਮਾਪਤ ਹੋ ਜਾਂਦੇ ਹਨ ਨੂੰ ......................... ਜਲ ਨਿਕਾਸ ਪ੍ਰਣਾਲੀ ਕਹਿੰਦੇ ਹਨ।

✓

(ਅੰਦਰੂਨੀ/ ਬਹੁ-ਮੁੱਖੀ ਯੋਜਨਾਵਾਂ)

4. ਪਾਣੀ ਨੂੰ ਉਚਾਈ ਤੋਂ ਸੁੱਟ ਕੇ..................................ਪੈਦਾ ਕੀਤੀ ਜਾਂਦੀ ਹੈ।

✓

(ਪਣ-ਬਿਜਲੀ/ਮੱਛੀ-ਪਾਲਣ)

5......................... ਸਿੰਚਾਈ ਦਾ ਮੁੱਖ ਸਾਧਨ ਹੈ

✓

(ਨਹਿਰਾਂ/ਮਹਾਂਸਾਗਰ)

- **ਸਹੀ ਉੱਤਰ ਨਾਲ ਮਿਲਾਨ ਕਰੋ।**

| | |
|---|---|
| 1. ਗੋਬਿੰਦ ਸਾਗਰ | 1. ਰਿਫਟ ਘਾਟੀ(3) |
| 2. ਜੂਨ ਤੋਂ ਸਤੰਬਰ | 2.ਝੀਲ(1) |
| 3. ਨਰਮਦਾ ਅਤੇ ਤਾਪਤੀ | 3. ਵਰਖਾ ਵਾਲੇ ਮਹੀਨੇ(2) |
| 4. ਬੰਗਾਲ ਦੀ ਖਾੜੀ | 4. 1954 (6) |
| 5. ਹੀਰਾਕੁੱਡ | 5. ਸਾਗਰ(4) |
| 6. ਕੌਮੀ ਹੜ੍ਹ ਰੋਕਥਾਮ ਨੀਤੀ | 6. ਬੰਨ੍ਹ(5) |
| 7. ਸਿੰਚਾਈ ਦੇ ਸਾਧਨ | 7. ਘੱਟ ਵਰਖਾ ਵਾਲਾ ਖੇਤਰ(8) |
| 8. ਥਾਰ ਮਾਰੂਥਲ | 8. ਨਹਿਰਾਂ, ਤਲਾਬ ਆਦਿ(7) |

- **ਸਹੀ ਲਈ (✓) ਠੀਕ ਦਾ ਨਿਸ਼ਾਨ ਲਗਾਓ ਅਤੇ ਗਲਤ ਲਈ (x) ਗਲਤ ਦਾ ਨਿਸ਼ਾਨ ਲਗਾਓ।**

1. ਵਰਖਾ ਸਿੰਚਾਈ ਦਾ ਮੁੱਖ ਸਾਧਨ ਹੈ। (**x**)
2. ਬੰਗਾਲ ਦਾ ਡਰ ਹਿਮਾਲਾ ਪਰਬਤ ਹੈ। (**x**)
3. ਹੀਰਾ ਕੁੱਢ ਬੰਨ੍ਹ ਸੰਸਾਰ ਦਾ ਸਭ ਤੋਂ ਲੰਬਾ ਬੰਨ੍ਹ ਹੈ। (✓)
4. ਭਾਰਤ ਇੱਕ ਖੇਤੀ ਪ੍ਰਧਾਨ ਦੇਸ਼ ਹੈ। (✓)
5. ਭਾਰਤ ਵਿੱਚ ਵਰਖਾ ਸਾਰਾ ਸਾਲ ਹੁੰਦੀ ਹੈ। (**x**)

- **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਵਿੱਚ ਦਿਓ:-**

1. ਭਾਰਤ ਵਿੱਚ ਪਾਣੀ ਨਾਲ ਸੰਬੰਧਿਤ ਸਮੱਸਿਆਵਾਂ ਕੋਈ ਇੱਕ ਕਿਹੜੀ ਹੈ

ਉੱਤਰ: ਹੜ੍ਹ, ਸੋਕੇ।

2. ਦੱਖਣੀ ਭਾਰਤ ਵਿੱਚ ਕਿਹੜੀ ਨਦੀ ਸਭ ਤੋਂ ਲੰਬੀ ਜਾਂ ਉਸ ਨੂੰ ਬੁੱਢੀ ਗੰਗਾ ਵੀ ਕਿਹਾ ਜਾਂਦਾ ਹੈ।

ਉੱਤਰ: ਗੋਦਾਵਰੀ

3. ਦੇਸ਼ ਵਿੱਚ ਤਲਾਬਾਂ ਦੀ ਵਧੇਰੇ ਸੰਖਿਆ ਕਿੱਥੇ ਮਿਲਦੀ ਹੈ।

ਉੱਤਰ: ਦੱਖਣੀ ਪਠਾਰੀ ਭਾਗ ਜਾਂ ਦੱਖਣੀ ਭਾਰਤ

4. ਸਿੰਚਾਈ ਦੇ ਮੁੱਖ ਸਾਧਨ ਕਿਹੜੇ-ਕਿਹੜੇ ਹਨ।

ਉੱਤਰ ਨਹਿਰਾਂ, ਖੂਹ, ਤਲਾਬ ਅਤੇ ਟਿਊਬਵੈੱਲ

5. ਦੇਸ਼ ਦੇ ਕਿਹੜੇ ਦਰਿਆ ‘ਦੁੱਖਾਂ ਦਾ ਘਰ ਮਨੇ ਗਏ ਹਨ।

ਉੱਤਰ ਦਮੋਦਰ ਅਤੇ ਕੋਸੀ

- **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਚਾਰ ਜਾਂ ਪੰਜ ਸ਼ਬਦਾਂ ਵਿੱਚ ਦਿਓ:-**

**ਪ੍ਰਸ਼ਨ :1 ਹਿਮਾਲਿਆ ਦਰਿਆਵਾਂ ਅਤੇ ਪ੍ਰਾਇਦੀਪੀ ਦਰਿਆਵਾਂ ਵਿੱਚੋਂ ਕੋਈ ਚਾਰ ਅੰਤਰ ਲਿਖੋ**

1. ਹਿਮਾਲਿਆ ਤੋਂ ਚੱਲਣ ਵਾਲੇ ਦਰਿਆ ਬਾਰ੍ਹਾਂ ਮਹੀਨੇ ਹਨ ਪਰ ਪ੍ਰਾਇਦੀਪੀ ਦਰਿਆ ਮੌਸਮੀ ਹਨ।
2. ਹਿਮਾਲਿਆ ਦਰਿਆਵਾਂ ਦੀ ਲੰਬਾਈ ਬਹੁਤ ਜਿਆਦਾ ਹੈ ਪਰ ਪ੍ਰਾਇਦੀਪੀ ਦਰਿਆਵਾਂ ਦੀ ਲੰਬਾਈ ਘੱਟ ਹੈ।
3. ਹਿਮਾਲਿਆ ਦਰਿਆਵਾਂ ਦੀ ਸੰਖਿਆ ਜਿਆਦਾ ਹੈ । ਪ੍ਰਾਇਦੀਪੀ ਦਰਿਆਵਾਂ ਦੀ ਸੰਖਿਆ ਘੱਟ ਹੈ।
4. ਹਿਮਾਲਿਆ ਦਰਿਆਵਾਂ ਦਾ ਜਲ ਦਾ ਸਰੋਤ ਬਰਫ ਅਤੇ ਵਰਖਾ ਹੈ । ਪ੍ਰਾਇਦੀਪੀ ਦਰਿਆਵਾਂ ਦਾ ਸਰੋਤ ਕੇਵਲ ਵਰਖਾ ਹੈ।

**ਪ੍ਰਸ਼ਨ :2 ਭਾਰਤ ਵਿੱਚ ਹੜ੍ਹ ਆਉਣ ਦੇ ਕੋਈ ਚਾਰ ਕਾਰਨ ਦੱਸੋ?**

ਉੱਤਰ 1. ਬਹੁਤ ਜਿਆਦਾ ਵਰਖਾ

2. ਵਧੇਰੇ ਚੱਕਰਵਾਤਾ
3. ਵਣਾਂ ਦੀ ਅੰਧਾ-ਧੁੰਦ ਕਟਾਈ
4. ਦੋਸ਼ ਪੂਰਣ ਜਲ ਨਿਕਾਸੀ ਪ੍ਰਬੰਧ

- **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜ ਜਾਂ ਛੇ ਸ਼ਬਦਾਂ ਵਿੱਚ ਦਿਓ:-**

**ਪ੍ਰਸ਼ਨ :3 ਸੋਕੇ ਤੋਂ ਬਚਣ ਲਈ ਕਿਹੜੇ-ਕਿਹੜੇ ਕਦਮ ਉਠਾਏ ਜਾ ਸਕਦੇ ਹਨ?**

ਉੱਤਰ ਸੋਕੇ ਤੋਂ ਬਚਣ ਲਈ ਉਠਾਏ ਜਾਣ ਵਾਲੇ ਕਦਮ:-

1. ਵਰਖਾ ਦੇ ਪਾਣੀ ਦੀ ਸੁਚੱਜੀ ਵਰਤੋਂ
2. ਫਸਲੀ ਚੱਕਰ ਅਪਣਾਇਆ ਜਾਵੇ
3. ਸਿੰਚਾਈ ਲਈ ਡਰਿਪ ਪ੍ਰਣਾਲੀ ਦੀ ਵਰਤੋਂ ਕੀਤੀ ਜਾਵੇ
4. ਨਦੀਆਂ ਦੀ ਯੋਜਨਾਵਾਂ ਦਾ ਹੋਰ ਵਿਕਾਸ ਕੀਤਾ ਜਾਵੇ
5. ਵਣਾਂ ਦੀ ਸੰਭਾਲ ਕੀਤੀ ਜਾਵੇ
6. ਸੋਕਾ ਪ੍ਰਭਾਵਿਤ ਖੇਤਰਾਂ ਵਿੱਚ ਨਹਿਰਾਂ ਦਾ ਜਾਲ ਵਿਛਾਇਆ ਜਾਵੇ।

**ਪ੍ਰਸ਼ਨ :4 ਬਹੁਮੁੱਖੀ ਨਦੀਆਂ ਦੀਆਂ ਯੋਜਨਾਵਾਂ ਦੇ ਲਾਭ ਲਿਖੋ**

ਉੱਤਰ ਬਹੁਮੁੱਖੀ ਨਦੀਆਂ ਦੀਆਂ ਯੋਜਨਾਵਾਂ ਦੇ ਲਾਭ:-

1. ਬੰਨ ਬਣਾ ਕੇ ਇੱਕਠੇ ਕੀਤੇ ਪਾਣੀ ਨੂੰ ਸਿੰਚਾਈ ਲਈ ਵਰਤਣਾ
2. ਬਿਜਲੀ ਪੈਦਾ ਕਰਨਾ
3. ਡੈਮ ਪਿੱਛੇ ਬਣੀਆਂ ਝੀਲਾਂ ਵਿੱਚੋਂ ਮੱਛੀਆਂ ਪਾਲਣਾ
4. ਹੜ੍ਹਾਂ ਦੀ ਰੋਕਥਾਮ
5. ਸੈਰ-ਸਪਾਟਾ ਨੂੰ ਉਤਸ਼ਾਹ
6. ਜਲ ਆਵਾਜਾਈ ਪ੍ਰਦਾਨ ਕਰਨਾ

# Lesson-6

## ਭੂਮੀ ਵਰਤੋਂ ਅਤੇ ਖੇਤੀਬਾੜੀ

- **ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਸਹੀ ਉੱਤਰ ਤੇ ਸਹੀ(✓) ਠੀਕ ਦਾ ਨਿਸ਼ਾਨ ਲਗਾਓ**

1. ਭਾਰਤ ਦੀ ਸਭ ਤੋਂ ਮਹੱਤਵਪੂਰਨ ਖਾਧ ਅੰਨ ਫਸਲ ਕਿਹੜੀ ਹੈ।

✓

(a) ਚੌਲ (b) ਖੇਤੀ

(c) ਅਨਾਰ (d) ਗਾਂ

**ਉੱਤਰ (a)**

2. ਰੇਸ਼ੇਦਾਰ ਫਸਲ ਤੇ ਸਹੀ(✓) ਦਾ ਚਿਨ੍ਹ ਲਗਾਉ

(a) ਕਪਾਹ (b) ਪਟਸਨ

(c) ਉਨ (d) ਸਾਰੇ ਹੀ ਸਹੀ✓

**ਉੱਤਰ (d)**

3. ਪਾਣੀ ਜਾਂ ਸਿੰਚਾਈ ਦੀ ਲੋੜ ਕਿਸ ਫ਼ਸਲ ਨੂੰ ਸਭ ਤੋਂ ਜ਼ਿਆਦਾ ਹੈ।

✓

(a) ਨਦੀਆਂ (b) ਝੋਨਾ(ਚਾਵਲ)

(c) ਲੋਕਾਂ ਨੂੰ (d) ਪਹਾੜਾਂ ਨੂੰ

**ਉੱਤਰ (b)**

4. ਜੰਗਲਾਂ ਦੇ ਲਾਭ ਕੀ ਹਨ?

(a) ਹੜ੍ਹਾਂ ਨੂੰ ਰੋਕਦੇ ਹਨ (b) ਵਰਖਾ ਵਿੱਚ ਸਹਾਇਕ

(c) ਇਮਾਰਤੀ ਅਤੇ ਬਾਲਣ ਲਈ ਲੱਕੜੀ (d) ਸਾਰੇ ਹੀ ਸਹੀ ਹਨ ✓

**ਉੱਤਰ (d)**

5. ਭਾਰਤ ਵਿੱਚ ਖੇਤੀ ਯੋਗ ਜਮੀਨ ਕਿੰਨ੍ਹੇ % ਹੈ।

✓

(a) ਸਾਰੀ (b) 51%

(c) 1●●% (d) ਕੋਈ ਸਹੀ ਨਹੀ

**ਉੱਤਰ (b)**

6. ਗੰਨੇ ਦੇ ਉਤਪਾਦਨ ਵਿੱਚ ਭਾਰਤ ਦਾ ਸੰਸਾਰ ਵਿੱਚ ਸਥਾਨ

✓

(a) ਪਹਿਲਾਂ (b) ਚੀਨ

(c) ਲੋਕਾਂ ਨੂੰ (d) ਪਹਾੜਾਂ ਨੂੰ

**ਉੱਤਰ (a)**

- **ਖਾਲੀ ਥਾਵਾਂ ਵਿੱਚ ਸਹੀ ਉੱਤਰ ਚੁਣੋ।**

1. ਕਣਕ ……………….ਮੌਸਮ ਦੀ ਫਸਲ ਹੈ।

✓

(ਹਾੜੀ/ਪਹਾੜੀ)

2. ਦੇਸ਼ ਦੇ …………………..ਖੇਤਰਫਲ ਤੇ ਵਣ ਹੋਏ ਜ਼ਰੂਰੀ ਹਨ।

✓

(33% / ਲੋੜੀਂਦੇ)

3. .............. ਪਸ਼ੂ ਜਿਹਨਾਂ ਤੋਂ ਦੁੱਧ ਮਿਲਦਾ ਹੈ।

✓

(ਫੈਕਟਰੀ/ਦੁਧਾਰੂ)

4. ..............ਅਨਾਜ ਵਾਲੀ ਫਸਲ ਹੈ। ✓

(ਦੁੱਧ / ਕਣਕ)

5. .......................... ਦੇਸ਼ ਵਿੱਚ ਸਭ ਤੋਂ ਵੱਧ ਕਣਕ ਪੈਦਾ ਕਰਨ ਵਾਲਾ ਰਾਜ

✓

(ਉੱਤਰ ਪ੍ਰਦੇਸ਼ / ਪਹਾੜੀ)

**ਸਹੀ ਮਿਲਾਨ ਕਰੋ।**

| | |
|---|---|
| 1. ਸਫੈਦ ਕ੍ਰਾਂਤੀ | 1. ਚਾਹ(2) |
| 2. ਪੀਣ ਵਾਲੀ ਫਸਲ | 2. ਦੁੱਧ(1) |
| 3. ਰਸਾਇਣਕ ਖਾਦ | 3. ਚਾਵਲ(4) |
| 4. ਸਾਉਣੀ | 4. ਭਾਰਤ ਦਾ ਪਹਿਲਾ ਸਥਾਨ ਸੰਸਾਰ ਵਿੱਚ(5) |
| 5. ਦਾਲਾਂ ਦਾ ਉਤਪਾਦਨ | 5. ਰਸਾਇਣਕ ਪਦਾਰਥ(3) |
| 6. ਹਰੀ ਕ੍ਰਾਂਤੀ | 6. ਊਠ(7) |
| 7. ਭਾਰਵਾਹਕ ਪਸ਼ੂ | 7. ਚਾਵਲ ਅਤੇ ਕਣਕ ਉਤਪਾਦਨ ਵਿੱਚ ਵਾਧਾ(6) |

- **ਸਹੀ ਲਈ (✓) ਠੀਕ ਦਾ ਨਿਸ਼ਾਨ ਲਗਾਓ ਅਤੇ ਗਲਤ ਲਈ (x) ਗਲਤ ਦਾ ਨਿਸ਼ਾਨ ਲਗਾਓ।**

1. ਸੰਨਵੀ ਭੂਮੀ ਉਹ ਭੂਮੀ ਹੈ ਜਿਸ ਵਿੱਚ ਹਰ ਸਾਲ ਫਸਲਾਂ ਨਹੀਂ ਉਗਾਈਆਂ ਜਾਂਦੀਆਂ ਹਨ। (✓)
2. ਦਾਲਾਂ ਦੇ ਉਤਪਾਦਨ ਵਿੱਚ ਭਾਰਤ ਸੰਸਾਰ ਵਿੱਚ ਪਹਿਲਾ ਸਥਾਨ ਹੈ। (✓)
3. ਡੇਅਰੀ ਉਦਯੋਗ ਤੋਂ ਭਾਵ ਦੁੱਧ ਪ੍ਰਾਪਤ ਕਰਨ ਦੇ ਲਈ ਪਸ਼ੂ-ਪਾਲਣ ਤੋਂ ਹੈ (✓)
4. ਕਾਫੀ ਜਾਂ ਕਾਹਵਾ ਰੇਸ਼ੇ ਵਾਲੀ ਫਸਲ ਹੈ। (**x**)
5. ਰਸਾਇਥਦ ਖਾਦ ਰੁੱਖਾਂ-ਪੌਦਿਆਂ ਦੇ ਪੱਤਿਆ ਦੇ ਗਲ੍ਹਣ-ਸੜ੍ਹਨ ਨਾਲ ਬਣਦੀ ਹੈ (**x**)

- **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਵਿੱਚ ਦਿਓ:-**

1. ਭਾਰਤੀ ਖੇਤੀਬਾੜੀ ਦੀ ਸਭ ਤੋਂ ਵੱਡੀ ਸਮੱਸਿਆ ਕਿਹੜੀ ਹੈ?

ਉੱਤਰ ਜਨਸੰਖਿਆ ਦਾ ਭਾਰੀ ਦਬਾਅ

2. ਭਾਰਤ ਵਿੱਚ ਚੌਲ ਝੋਨਾ ਦਾ ਸਭ ਤੋਂ ਵੱਡਾ ਉਤਪਾਦਕ ਰਾਜ ਕਿਹੜਾ ਹੈ?

ਉੱਤਰ ਪੱਛਮੀ ਬੰਗਾਲ

3. ਰੇਸ਼ੇਦਾਰ ਫਸਲਾਂ ਦੀ ਉਦਾਹਰਣ ਦਿਓ?

ਉੱਤਰ ਕਪਾਹ, ਜੂਟ(ਪਟਸਨ)

4. ਕਿਹੜੀ ਖੇਤੀ ਹੈ ਜਿਸ ਨਾਲ ਕਿਸਾਨ ਆਪਣੀਆਂ ਅਤੇ ਪਰਿਵਾਰ ਦੀਆਂ ਜਰੂਰਤਾਂ ਹੀ ਪੂਰੀਆਂ ਕਰ ਸਕਦਾ ਹੈ?

ਉੱਤਰ ਨਿਰਵਾਹ ਖੇਤੀ

5. ਕਣਕ ਦੀ ਪ੍ਰਤੀ ਹੈਕਟੇਅਰ ਉਤਪਾਦਨ ਕਿਸ ਰਾਜ ਦਾ ਜਿਆਦਾ ਹੈ?

ਉੱਤਰ ਪੰਜਾਬ

- **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਚਾਰ ਜਾਂ ਪੰਜ ਸ਼ਬਦਾਂ ਵਿੱਚ ਦਿਓ:-**

**ਪ੍ਰਸ਼ਨ:1 ਭਾਰਤੀ ਖੇਤੀ ਦੀਆਂ ਸਮੱਸਿਆਵਾਂ ਲਿਖੋ?**

1. ਖੇਤਾਂ ਦਾ ਅਕਾਰ ਛੋਟਾ ਹੈ।
2. ਭਾਰਤੀ ਕਿਸਾਨ ਅਨਪੜ੍ਹ ਹਨ
3. ਅਨਉਚਿੱਤ ਵਰਖਾ
4. ਜਨ ਸੰਖਿਆ ਦਾ ਵਾਧਾ

**ਪ੍ਰਸ਼ਨ: 2. ਜੰਗਲਾਂ ਦੇ ਮੁੱਖ ਲਾਭ ਲਿਖੋ?**

1. ਇਮਾਰਤ ਅਤੇ ਬਾਲਣ ਲਈ ਲਕੱੜੀ ਦੀ ਪ੍ਰਾਪਤੀ
2. ਵਰਖਾ ਲਿਆਉਣ ਵਿੱਚ ਸਹਾਇਕ
3. ਵਾਤਾਵਰਣ ਸਾਫ ਰੱਖਦੇ ਹਨ
4. ਦਵਾਈਆਂ ਵਿੱਚ ਵਰਤੀਆਂ ਜਾਣ ਵਾਲੀਆਂ ਜੜ੍ਹੀਆਂ ਬੂਟੀਆਂ ਦੀ ਪ੍ਰਾਪਤੀ

- **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਪੰਜ ਜਾਂ ਛੇ ਸ਼ਬਦਾਂ ਵਿੱਚ ਦਿਓ:-**

**ਪ੍ਰਸ਼ਨ: 3. ਗੰਨਾ ਪੈਦਾ ਕਰਨ ਲਈ ਢੁਕੱਵੀਆਂ ਹਾਲਾਤਾਂ ਦਾ ਵਰਣਨ ਕਰੋ?**

ਉੱਤਰ ਗੰਨ੍ਹੇ ਦੀ ਫਸਲ ਲਈ ਵਧੀਆ ਜਲ ਨਿਕਾਸ ਵਾਲੀ ਉਪਜਾਊ ਮਿੱਟੀ ਦੀ ਲੋੜ ਹੁੰਦੀ ਹੈ। ਇਸ ਲਈ ਭਾਰੀ ਮਾਤਰਾ ਵਿੱਚ ਰਸਾਇਣਕ ਖਾਦ ਤੇ ਉਪਜਾਊ ਕੱਚੀ ਖਾਦ ਦੀ ਜਰੂਰਤ ਹੈ। ਗਰਮ ਅਤੇ ਸਿੱਲੀ ਜਲਵਾਯੂ ਇਸ ਦੀ ਭਾਰੀ ਝਾੜ ਲਈ ਅਨੁਕੂਲ ਹੈ। ਲੱਗਭਗ 1●● ਸੈਂਟੀਮੀਟਰ ਵਰਖਾ ਦੀ ਲੋੜ ਹੈ।

**ਪ੍ਰਸ਼ਨ: 3 ਡਾਇਰੀ ਉਦਯੋਗ ਦੇ ਲਾਭ ਲਿਖੋ?**

1. ਦੇਸ਼ ਵਿੱਚ ਦੁੱਧ ਉਤਪਾਦਨ ਵਿੱਚ ਵਾਧਾ
2. ਕਿਸਾਨਾਂ ਨੂੰ ਪਸ਼ੂ ਉਪਜਾਂ ਦਾ ਉੱਚਿਤ ਮੁੱਲ ਮਿਲਣਾ
3. ਰੋਜਗਾਰ ਵਿੱਚ ਵਾਧਾ
4. ਦੁੱਧ ਦੀ ਲਗਾਤਾਰ ਪੂਰਤੀ

# Lesson-7

## ਖਣਿਜ ਪਦਾਰਥ ਅਤੇ ਸ਼ਕਤੀ ਸਾਧਨ

- **ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਸਹੀ ਉੱਤਰ ਤੇ ਸਹੀ(✓) ਠੀਕ ਦਾ ਨਿਸ਼ਾਨ ਲਗਾਓ**

1. ਅਬਰਕ ਦਾ ਪ੍ਰਯੋਗ ਕਿਸ ਉਦਯੋਗ ਵਿੱਚ ਹੁੰਦਾ ਹੈ।

(a) ਬਿਜਲੀ ਉਦਯੋਗ✓ (b) ਲਕੱੜੀ ਉਦਯੋਗ
(c) ਖੇਤੀਬਾੜੀ (d) ਸੜਕ ਬਣਾਉਣ

**ਉੱਤਰ (a)**

2. ਪਰਮਾਣੂ ਸ਼ਕਤੀ ਦੇ ਮੁੱਖ ਕੇਂਦਰ ਕਿਹੜੇ ਹਨ।

(a) ਤਾਰਾਪੁਰ (b) ਕਲਪੰਕਮ
(c) ਨੈਰੋਗ (d) ਸਾਰੇ ਹੀ ਸਹੀ✓

**ਉੱਤਰ (d)**

3. C.I.L ਦੀ ਕਿਹੜੀ full form ਸਹੀ ਹੈ।

(a) ਕੋਲ ਇੰਡੀਆ ਲਿਮਟਿਡ✓ (b) ਕਲ ਇੰਡੀਆ ਲਵੋ
(c) ਕੈਮੀਕਲ ਇੰਡੀਆ ਲਾਓ (d) ਕਲੋਜ ਇੰਡੀਆ ਲਿਮਟਿਡ

**ਉੱਤਰ (a)**

4. ਕਦੇ ਖ਼ਤਮ ਨਾ ਹੋਣ ਵਾਲੇ ਊਰਜਾ ਸੋਮੇ ਨੂੰ ਚੁਣੋ।

(a) ਸੌਰ ਊਰਜਾ ✓ (b) ਚੂਨੇ ਦੇ ਪੱਥਰ
(c) ਬੰਬੇ ਹਾਈ (d) ਬਾਕਸਾਈਟ

**ਉੱਤਰ (a)**

5. ਲੋਹੇ ਦੀ ਕਿਸਮ ਦੱਸੋ

(a) ਪੰਜਾਬ (b) ਗੰਗਾ
(c) ਕਣਕ (d) ਕੋਈ ਵੀ ਨਹੀਂ✓

**ਉੱਤਰ (d)**

- **ਖਾਲੀ ਥਾਵਾਂ ਲਈ ਸਹੀ ਉੱਤਰ ਚੁਣੋ:-**

1. ਯੂਰੇਨੀਅਮ ਖਣਿਜ......................... ਸ਼ਕਤੀਹ ਬਣਾਉਣ ਦੇ ਕੰਮ ਆਉਂਦੀ ਹੈ।
   (ਪ੍ਰਮਾਣੂ✓/ਬਰਤਨ)
2. ਕੋਲਾਰ ਖਾਣਾਂ ਤੋਂ ................................... ਕੱਢਿਆ ਜਾਂਦਾ ਹੈ।
   (ਪਾਣੀ / ਸੋਨਾ✓)
3. ਆਜ਼ਾਦੀ ਤੋਂ ਪਹਿਲਾਂ ਭਾਰਤ ਵਿੱਚ ਤੇਲ ਦਾ ਇੱਕੋ-ਇੱਕ ਉਤਪਾਦਨ ਰਾਜ.................... ਸੀ।
   (ਅਸਾਮ✓ /ਤਾਜਮਹਿਲ)
4. ਦੇਸ਼ ਵਿੱਚ ਤੇਲ ਸੋਧਣ ਦੇ ......................... ਕਾਰਖਾਨੇ ਹਨ।
   (ਧਾਤੂ/ 19✓)

5. (ਥਰਮਲ ਪਲਾਂਟ) ਤਾਪ ਬਿਜਲੀ ...................... ਤੋਂ ਪੈਦਾ ਕੀਤੀ ਜਾਂਦੀ ਹੈ।

✓

(ਅਖਬਾਰਾਂ/ ਕੋਲੇ)

- **ਸਹੀ ਮਿਲਾਨ ਕਰੋ:-**

| | |
|---|---|
| 1. ਹੇਮੇਟਾਈਟ | 1. ਸਮੁੰਦਰੀ ਜਹਾਜ(2) |
| 2. ਸਾਗਰ ਸਮਰਾਟ | 2. Oil & Natural gas Commission (3) |
| 3. O.N.G.C | 3.ਲੋਹੇ ਦੀ ਕਿਸਮ(1) |
| 4. ਪਣ-ਬਿਜਲੀ ਸ਼ਕਤੀ | 4. ਸੀਮੇਂਟ ਉਦਯੋਗ(5) |
| 5. ਚੂਨੇ ਦੇ ਪੱਥਰ | 5. ਪਾਣੀ ਦੀ ਸਹਾਇਤਾ ਨਾਲ ਪ੍ਰਾਪਤ (4) |
| 6. ਯੂਰੇਨੀਅਮ ਖਣਿਜ | 6. ਜਵਾਰੀ ਸ਼ਕਤੀ(7) |
| 7. ਗੈਰ-ਪਰੰਪਰਾਗਤ ਸਰੋਤ | 7. ਪ੍ਰਮਾਣੂ ਸ਼ਕਤੀ(6) |

- **ਸਹੀ ਲਈ (✓) ਠੀਕ ਦਾ ਨਿਸ਼ਾਨ ਲਗਾਓ ਅਤੇ ਗਲਤ ਲਈ (x) ਗਲਤ ਦਾ ਨਿਸ਼ਾਨ ਲਗਾਓ।**

1. ਬਾਕਸਾਈਟ ਕੱਚੀ ਧਾਤ ਤੋਂ ਐਲੂਮੀਨੀਅਮ ਧਾਤ ਨੂੰ ਪੈਦਾ ਕੀਤਾ ਜਾਂਦਾ ਹੈ। (✓)
2. ਪੌਣ ਦੀ ਸ਼ਕਤੀ ਤੋਂ ਪ੍ਰਾਪਤ ਊਰਜਾ ਨੂੰ ਸੂਰਜੀ ਸ਼ਕਤੀ ਆਖਦੇ ਹਨ। (**x**)
3. ਲੋਹਾ ਸ਼ਕਤੀ ਦਾ ਸਾਧਨ ਹੈ (**x**)
4. ਸੌਰ ਸ਼ਕਤੀ ਨੂੰ ਭਵਿੱਖ ਦੀ ਸ਼ਕਤੀ ਦਾ ਸਰੋਤ ਕਿਹਾ ਜਾਂਦਾ ਹੈ। (✓)
5. ਲੋਹਾ, ਤਾਂਬਾ ਇੱਕ ਅਧਾਤੂ ਖਣਿਜ ਹਨ। (**x**)

**ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਵਿੱਚ ਦਿਓ:-**

1. 'ਕਾਲਾ ਸੋਨਾ' ਕਿਸ ਨੂੰ ਕਿਹਾ ਜਾਂਦਾ ਹੈ।

ਉੱਤਰ (ਕੋਯਲਾ) ਕੋਲਾ

2. L.P.G. full form ?

ਉੱਤਰ Liquid Petrolium Gas

3. ਭਾਰਤ ਤੇ ਕੱਚੇ ਲੋਹੇ ਦਾ ਸਭ ਤੋਂ ਵੱਡਾ ਆਯਾਤਕ ਦੇਸ਼ ਕਿਹੜਾ ਹੈ?

ਉੱਤਰ ਜਪਾਨ

4. ਕੋਈ ਦੋ ਖਣਿਜ ਪਦਾਰਥਾਂ ਦੇ ਨਾਂ ਲਿਖੋ।

ਉੱਤਰ ਕੋਲਾ, ਲੋਹਾ, ਅਬਰਕ

5. ਬਾਕਸਾਈਟ ਕੱਚੀ ਧਾਤ ਤੋਂ ਕਿਹੜੀ ਧਾਤ ਪੈਦਾ ਹੁੰਦੀ ਹੈ?

ਉੱਤਰ ਐਲੂਮੀਨੀਅਮ

- **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਤਿੰਨ ਜਾਂ ਚਾਰ ਸ਼ਬਦਾਂ ਵਿੱਚ ਦਿਓ:-**

**ਪ੍ਰਸ਼ਨ:1 ਮੈਗਨੀਜ਼ ਕਿਸ ਕੰਮ ਆਉਂਦਾ ਹੈ? ਮੈਗਨੀਜ਼ ਪੈਦਾ ਕਰਨ ਵਾਲੇ ਰਾਜਾਂ ਦੇ ਨਾਂ ਲਿਖੋ।**

**ਉੱਤਰ** ਮੈਗਨੀਜ ਦਾ ਪ੍ਰਯੋਗ ਇਸਪਾਤ ਬਣਾਉਣ ਲਈ ਕੀਤਾ ਜਾਂਦਾ ਹੈ । ਉੜੀਸਾ ਵਿੱਚ ਮੈਗਨੀਜ ਦੇ ਸਭ ਤੋਂ ਜਿਆਦਾ ਭੰਡਾਰ ਹਨ। ਇਯ ਤੋਂ ਇਲਾਵਾ, ਮੱਧ ਪ੍ਰਦੇਸ਼, ਛੱਤੀਸਗੜ੍ਹ, ਮਹਾਂਰਾਸ਼ਟਰ ਅਤੇ ਕਰਨਾਟਕਾ ਵਿੱਚ ਵੀ ਮੈਗਨੀਜ ਪਾਇਆ ਜਾਂਦਾ ਹੈ।

**ਪ੍ਰਸ਼ਨ:2 ਤਾਂਬਾ ਕਿਸ ਕੰਮ ਆਉਂਦਾ ਹੈ? ਤਾਂਬਾ ਪੈਦਾ ਕਰਨ ਵਾਲੇ ਰਾਜਾਂ ਦੇ ਨਾਂ ਲਿਖੋ।**

**ਉੱਤਰ** ਤਾਂਬੇ ਦੀ ਵਰਤੋਂ ਘਰੇਲੂ ਬਰਤਨ ਬਣਾਉਣ ਅਤੇ ਬਿਜਲੀ ਦੇ ਕੰਮਾਂ ਵਿੱਚ ਕੀਤੀ ਜਾਂਦੀ ਹੈ। ਤਾਂਬਾ ਪੈਦਾ ਕਰਨ ਵਾਲੇ ਰਾਜ ਝਾਰਖੰਡ , ਮੱਧ ਪ੍ਰਦੇਸ਼, ਰਾਜਸਥਾਨ , ਅੰਧਰਾ ਪ੍ਰਦੇਸ਼, ਕਰਨਾਟਰ ਅਤੇ ਸਿਕੱਮ ਹਨ।

- **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਚਾਰ ਜਾਂ ਪੰਜ ਸ਼ਬਦਾਂ ਵਿੱਚ ਦਿਓ:-**

**ਪ੍ਰਸ਼ਨ:3 ਸ਼ਕਤੀ ਦੇ ਗੈਰ-ਪ੍ਰੰਪਰਾਗਤ ਸਰੋਤਾਂ ਦਾ ਵਰਨਣ ਕਰੋ?**

**ਉੱਤਰ** ਸ਼ਕਤੀ ਦੇ ਗੈਰ ਪਰੰਪਰਾਗਤ ਸਰੋਤਾਂ ਵਿੱਚ ਸੌਰ ਊਰਜਾ ਹਵਾ ਊਰਜਾ, ਜਵਾਰ ਭਾਟੀ ਊਰਜਾ, ਭੂਗ੍ਰਿਭਤ ਊਰਜਾ ਅਤੇ ਜੈਕਿਵ ਪਦਾਰਥਾਂ ਦੀ ਕਚਰੇ ਤੋਂ ਪੈਦਾ ਕੀਤੀ ਜਾਣ ਵਾਲੀ ਊਰਜਾ ਆਉਂਦੀ ਹੈ। ਅਜੋਕੇ ਯੁੱਗ ਵਿੱਚ ਊਰਜਾ ਦੇ ਗੈਰ-ਪਰੰਪਰਾਗਤ ਸਰੋਤਾਂ ਦੀ ਮੱਹਤਤਾ ਦਿਨ ਪ੍ਰਤੀ ਦਿਨ ਵਧਣੀ ਜਰੂਰੀ ਹੈ । ਇਸ ਦਾ ਕਾਰਣ ਇਹ ਹੈ ਕਿ ਪਰੰਪਰਾਗਤ ਸਰੋਤਾਂ ਦੇ ਭੰਡਾਰ ਉਚਿੱਤ ਹਨ। ਊਰਜਾ ਦੇ ਗੈਰ-ਪਰੰਪਰਾਗਤ ਸਰੋਤਾਂ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਸਰੋਤ ਨਾ ਮੁੱਕਣ ਯੋਗ ਹਨ। ਇਹਨਾਂ ਸਰੋਤਾਂ ਦਾ ਇੱਕ ਵੱਡਾ ਲਾਭ ਇਹ ਵੀ ਹੈ ਕਿ ਇਹਨਾਂ ਊਰਜਾ ਸਰੋਤਾਂ ਨੂੰ ਤਟਵਰਤੀ, ਪਹਾੜੀ ਤੇ ਮਾਰੂਥਲ ਇਲਾਕਿਆ ਵਿੱਚ ਆਸਾਨੀ ਨਾਲ ਵਰਤਿਆ ਜਾਂਦਾ ਹੈ।

**ਪ੍ਰਸ਼ਨ:4 ਪ੍ਰਮਾਣੂ ਸ਼ਕਤੀ ਤੇ ਨੋਟ ਲਿਖੋ?**

**ਉੱਤਰ** ਪ੍ਰਮਾਣੂ ਸ਼ਕਤੀ ਕੇਂਦਰ ਅਜਿਹੇ ਖੇਤਰਾਂ ਵਿੱਚ ਆਸਾਨੀ ਨਾਲ ਸਥਾਪਿਤ ਕੀਤੇ ਜਾ ਸਕਦੇ ਹਨ। ਜਿੱਥੇ ਸ਼ਕਤੀ ਦੇ ਹੋਰ ਸਾਧਨ ਬਹੁਤ ਘੱਟ ਹਨ ਉਹਨਾਂ ਦਾ ਪ੍ਰਯੋਗ ਨਾਲ ਜਰੂਰਤਾਂ ਨੂੰ ਪੂਰਾ ਕਰਨਾ ਔਖਾ ਹੈ। ਭਾਰਤ ਦੁਆਰਾ ਪ੍ਰਮਾਣੂ ਸ਼ਕਤੀ ਨੂੰ ਮੈਡੀਕਲ ਅਤੇ ਖੇਤੀਬਾੜੀ ਜਿਹੇ ਖੇਤਰਾਂ ਵਿੱਚ ਸ਼ਾਂਤੀਪੂਰਣ ਪ੍ਰਯੋਗ ਲਈ ਕੀਤਾ ਜਾਂਦਾ ਹੈ। ਯੂਰੇਨੀਅਮ, ਥੋਰੀਅਮ ਅਤੇ ਗ੍ਰੇਫਾਈਟ ਪ੍ਰਮਾਣੂ ਸ਼ਕਤੀ ਪੈਦਾ ਕਰਨ ਵਾਲੇ ਮੁੱਖ ਪਦਾਰਥ ਹਨ। ਭਾਰਤ ਵਿੱਚ ਪ੍ਰਮਾਣੂ ਸ਼ਕਤੀ ਦੇ ਮੁੱਖ ਕੇਂਦਰ ਤਾਰਾਪੁਰ(ਮਹਾਰਾਸ਼ਟਰ ਤੇ ਗੁਜਰਾਤ), ਰਾਜਿਸਥਾਨ ਵਿੱਚ ਕੋਟ ਦੇ ਪਾਸ ਰਾਵਰਭਾਟਾ, ਤਾਮਿਲਨਾਡੂ ਵਿੱਚ ਕਲਪਕਮ, ਉੱਤਰ ਪ੍ਰਦੇਸ਼ ਦੇ ਬੁਲੰਦ ਸ਼ਹਿਰ ਜ਼ਿਲ੍ਹੇ ਵਿੱਚ ਨੈਰੰਗ ਹਨ।

# Lesson-8

## ਨਿਰਮਾਣ ਉਦਯੋਗ

- **ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਸਹੀ ਉੱਤਰ ਤੇ ਸਹੀ(✓) ਠੀਕ ਦਾ ਨਿਸ਼ਾਨ ਲਗਾਓ**

1. ਸਿਲੀਕਾਨ ਘਾਟੀ ਭਾਰਤ ਵਿੱਚ ਕਿੱਥੇ ਸਥਿਤ ਹੈ

(a) ਮੰਗਲ ਗ੍ਰਹਿ (b) ਮੈਦਾਨਾ ਵਿੱਚ
(c) ਬੰਗਲਰੂ✓ (d) ਯਮੁਨਾ ਨਦੀ

**ਉੱਤਰ (c)**

2. ਮਾਰੂਤੀ ਉਦਯੋਗ ਭਾਰਤ ਦੇ ਕਿਸ ਸ਼ਹਿਰ ਵਿੱਚ ਹੈ।

(a) ਅਰਬ ਸਾਗਰ (b) ਗੁੜਗਾਓਂ ✓
(c) ਭਾਰਤ ਤੋਂ ਬਾਹਰ (d) ਜੰਗਲਾਂ ਵਿੱਚ

**ਉੱਤਰ (b)**

3. ਪੰਜਾਬ ਵਿੱਚ ਸਾਈਕਲ ਬਣਾਉਣ ਦਾ ਉਦਯੋਗ ਕੇਂਦਰ ਕਿੱਥੇ ਹੈ ਸਹੀ ਤੇ ਨਿਸ਼ਾਨ ਲਗਾਓ।

(a) ਲੁਧਿਆਣਾ ✓ (b) ਰੇਲਾਂ
(c) ਤਲਾਬ (d) ਗ੍ਰਹਿ

**ਉੱਤਰ (a)**

4. ਹੇਠ ਲਿਖੇ ਉਦਯੋਗਿਕ ਖੇਤਰਾਂ ਵਿੱਚ ਕਿਹੜਾ ਉਦਯੋਗਿਕ ਖੇਤਰ ਨਹੀਂ ਹੈ।

(a)ਸੀਮੈਂਟ ਉਦਯੋਗ (b) ਲੋਹ-ਇਸਪਾਤ ਉਦਯੋਗ
(c) ਸੂਤੀ ਕੱਪੜਾ ਉਦਯੋਗ (d) ਸਿੰਚਾਈ ਦੇ ਸਾਧਨ

- **ਖਾਲੀ ਥਾਵਾਂ ਲਈ ਸਹੀ ਉੱਤਰ ਚੁਣੋ:-**

1. ਨਿਰਮਾਣ ਉਦਯੋਗ ਰਾਹੀਂ ਭਾਰਤ ਦੀ ਰਾਸ਼ਟਰੀ ਆਮਦਨ...................... ਹਿੱਸਾ ਆਉਂਦਾ ਹੈ।
   (28% ✓ / ਵਰਗ)
2. ਪੰਜਾਬ ਦੀ ...........................ਸ਼ਹਿਰ ਨੂੰ ਇਲੈਕਟਰੋਨਿਕ ਨਗਰੀ ਕਿਹਾ ਜਾਂਦਾ ਹੈ।
   (ਗਬਰ/ਮੋਹਾਲੀ ✓)
3. ਸਵੇਜ ਨਹਿਰ .................... ਵਿੱਚ ਖੁੱਲ੍ਹੀ।
   (1869 ✓ / ਸੂਰਜ)
4. ਕਪੂਰਥਲਾ ਵਿਖੇ ............................ ਬਣਾਉਣ ਦਾ ਕਾਰਖਾਨਾ ਹੈ।
   (ਰੇਲ ਦੇ ਡੱਬੇ ✓ / ਹੋਟਲ)
5. ................. ਉਦਯੋਗ ਕੋਲਕਤਾ ਹੁਗਲੀ ਉਦਯੋਗਿਕ ਖੇਤਰ ਦਾ ਮੁੱਖ ਉਦਯੋਗ ਹੈ।
   (ਪਟਸਨ ✓ / ਸੰਸਦ)

- **ਸਹੀ ਮਿਲਾਨ ਕਰੋ:-**

| | |
|---|---|
| 1. ਸਿਲੀਕੋਨ ਘਾਟੀ | 1. 19ਵੀਂ ਸਦੀ(3) |
| 2. ਖੇਤੀ ਉਤਪਾਦ | 2. ਨਹਿਰ(7) |
| 3. ਸੂਤੀ ਕੱਪੜਾ ਉਦਯੋਗ ਦੀ ਸਥਾਪਨਾ | 3. ਬੰਗਲਰੂ(1) |
| 4. ਚੀਨੀ | 4. ਕੱਪੜਾ ਉਦਯੋਗ(2) |
| 5. H.M.T | 5. Hindustan Machine Tool(5) |
| 6. ਸ਼ਹਿਤੂਤ | 6. ਗੰਨਾ(4) |
| 7. ਸਵੇਜ | 7. ਰੇਸ਼ਮ ਦੇ ਕੀੜੇ(6) |

- **ਸਹੀ ਲਈ (✓) ਠੀਕ ਦਾ ਨਿਸ਼ਾਨ ਲਗਾਓ ਅਤੇ ਗਲਤ ਲਈ (x) ਗਲਤ ਦਾ ਨਿਸ਼ਾਨ ਲਗਾਓ।**

1. ਦੇਸ਼ ਦੀ ਪਹਿਲੀ ਕਾਗਜ ਮਿਲ ਨੇਪਾਲਗਰ(M.P. ਵਿੱਚ) ਲਗਾਈ ਗਈ (**x**)
2. ਕੱਚੇ ਮਾਲ ਦੇ ਆਧਾਰ ਤੇ ਉਦਯੋਗਾਂ ਨੂੰ ਕਈ ਭਾਗਾਂ ਵਿੱਚ ਵੰਡ ਸਕਦੇ ਹਾਂ। (**x**)
3. ਮੁੰਬਈ ਪੂਨ੍ਹਾ ਉਦਯੋਗਿਕ ਖੇਤਰ ਪੰਜਾਬ ਵਿੱਚ ਹੈ। (**x)**
4. ਦੇਸ਼ ਦੀ ਪਹਿਲੀ ਕਾਗਜ ਮਿੱਲ 187● ਈ: ਵਿੱਚ ਕੋਲਕਾਤਾ ਵਿੱਚ ਲਗਾਈ ਗਈ। (✓**)**
5. ਕਾਂਜੀਵਰਮ ਰੇਸ਼ਮੀ ਕੱਪੜਾ ਉਦਯੋਗ ਦੇ ਲਈ ਪ੍ਰਸਿੱਧ ਹੈ। (✓)

**ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਵਿੱਚ ਦਿਓ:-**

1. ਭਾਰਤ ਵਿੱਚ ਨਵੀਂ ਉਦਯੋਗਿਕ ਨੀਤੀ ਕਦੋਂ ਲਾਗੂ ਕੀਤੀ ਗਈ?

ਉੱਤਰ 1991

2. ਸਰਵਜਨਕ ਉਦਯੋਗ ਬਾਰੇ ਦੱਸੋ?

ਉੱਤਰ ਉਹ ਉਦਯੋਗ ਜੋ ਸਰਕਾਰ ਦੇ ਅਧੀਨ ਹੁੰਦੇ ਹਨ।

3. ਸੂਤੀ ਕੱਪੜਾ ਉਦਯੋਗ ਦਾ ਇੱਕ ਕੇਂਦਰ ਦੱਸੋ?

ਉੱਤਰ ਮਹਾਂਰਾਸ਼ਟਰ, ਗੁਜਰਾਤ

4. ਅਬਰਕ ਦੇ ਉਤਪਾਦਨ ਵਿੱਚ ਸੰਸਾਰ ਵਿੱਚ ਭਾਰਤ ਦਾ ਕਿਹੜਾ ਸਥਾਨ ਹੈ?

ਉੱਤਰ ਪਹਿਲਾਂ

5. ਖਾਦ ਨਿਰਮਾਣ ਲਈ ਕੱਚੇ ਮਾਲ ਦਾ ਨਵਾਂ ਸੋਮਾ ਕਿਹੜਾ ਹੈ?

ਉੱਤਰ ਕੁਦਰਤੀ ਗੈਸ

**ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਚਾਰ ਜਾਂ ਪੰਜ ਸ਼ਬਦਾਂ ਵਿੱਚ ਦਿਓ:-**

**ਪ੍ਰਸ਼ਨ-1. ਕੋਲਕਾਤਾ ਹੁਗਲੀ ਖੇਤਰ ਤੇ ਨੋਟ ਲਿਖੋ?**

**ਉੱਤਰ** ਇਹ ਖੇਤਰ ਹੁਗਲੀ ਜੋ ਕਿ ਗੰਗਾ ਦੀ ਸਹਾਇਕ ਨਦੀ ਹੈ, ਦੇ ਕੰਢੇ ਉਤੇ ਲੱਗਭਗ 8● ਕਿਲੋਮੀਟਰ ਦੀ ਖੇਤਰ ਵਿੱਚ ਫੈਲਿਆ ਹੋਇਆ ਹੈ। ਕੋਲਕਾਤਾ ਇਸ ਦਾ ਮੁੱਖ ਕੇਂਦਰ ਹੈ। ਇਸ ਤੋਂ ਇਲਾਵਾ ਦੀਨਾਗੜ੍ਹ, ਸੈਰਮਪੁਰ, ਡਮਡਮ ਅਤੇ ਅਲੀਪੁਰ ਮੁੱਖ ਉਦਯੋਗਿਕ ਖੇਤਰ ਹਨ। ਪਟਸਨ ਉਦਯੋਗ ਇਸ ਕੇਂਦਰ ਦਾ ਮੁੱਖ ਉਦਯੋਗ ਹੈ। ਇਸ ਤੋਂ ਬਿਨਾਂ ਇੰਜੀਨਅਰਿੰਗ , ਰਸਾਇਣਕ, ਫੂਡ ਪ੍ਰੋਸੈਸਿੰਗ ਅਤੇ ਕਾਗਜ ਮੁੱਖ ਉਦਯੋਗ ਹਨ।

**ਪ੍ਰਸ਼ਨ:2 ਰਾਸ਼ਟਰੀ ਰਾਜਧਾਨੀ ਉਦਯੋਗਿਕ ਖੇਤਰ ਤੇ ਨੋਟ ਲਿਖੋ?**

ਉੱਤਰ ਇਸ ਉਦਯੋਗਿਕ ਖੇਤਰ ਵਿੱਚ ਰਾਸ਼ਟਰੀ ਰਾਜਧਾਨੀ ਦਿੱਲੀ ਤੋਂ ਇਲਾਵਾ ਊੱਤਰ ਪ੍ਰਦੇਸ਼ ਦਾ ਮੇਰਠ, ਬਲੰਦਸ਼ਹਿਰ, ਅਲੀਗੜ੍ਹ, ਮਥੁਰਾ, ਆਗਰਾ, ਗਾਜੀਆਬਾਦ, ਮੁਜੱਫਰਪੁਰਾ, ਸਹਾਰਨਪੁਰ, ਮੁਰਦਾਬਾਦ ਅਤੇ ਬਰੇਲੀ ਹਨ। ਹਰਿਆਣਾ ਦੇ ਪਾਣੀਪਤ, ਕਰਨਾਲ, ਗੁਰੂਗ੍ਰਾਮ, ਸੋਨੀਪਤ, ਫਰੀਦਾਬਾਦ, ਰੋਹਤਤਕ ਅਤੇ ਰਿਵਾੜੀ ਮੁੱਖ ਹਨ। ਇਸ ਉਦਯੋਗਿਕ ਖੇਤਰਬ ਵਿੱਚ ਸੀਲੇ ਸਿਲਾਏ ਕੱਪੜੇ , ਸੂਤੀ ਕੱਪੜੇ, ਇਲੈਟ੍ਰੋਨਿਕ ਸਟੋਰ, ਇੰਜੀਨਿਅਰਿੰਗ, ਤੇਲ ਸੋਧਕ, ਖੇਤੀ ਯੰਤਰ ਅਤੇ ਰਸਾਇਣਕ ਖਾਦ ਮੁੱਖ ਉਦਯੋਗ ਹਨ।

- **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਪੰਜ ਜਾਂ ਛੇ ਸ਼ਬਦਾਂ ਵਿੱਚ ਦਿਓ:-**

**ਪ੍ਰਸ਼ਨ:3 ਪਟਸਨ ਉਦਯੋਗ ਤੇ ਨੋਟ ਲਿਖੋ?**

ਉੱਤਰ ਪਟਸਨ ਦੀ ਵਰਤੋਂ ਟਾਟ, ਬੋਰੀਆ ਅਤੇ ਕਲੀਨ ਆਦਿ ਬਣਾਉਣ ਲਈ ਕੀਤੀ ਜਾਂਦੀ ਹੈ। ਸੰਨ 1859 ਵਿੱਚ ਕੱਲਕਤੇ ਦੇ ਪਾਸ ਪਹਿਲੀ ਪਟਸਨ ਮਿਲ ਲਗਾਈਆਂ ਗਈਆਂ। ਪਟਸਨ ਤੋਂ ਬਣੀਆਂ ਟਾਟ , ਬੋਰੀਆ ਦਾ ਨਿਰਯਾਤ ਕੀਤਾ ਜਾਂਦਾ ਹੈ। ਆਜਾਦੀ ਤੋਂ ਬਾਅਦ ਇਸ ਉਦਯੋਗ ਨੂੰ ਭਾਰੀ ਧੱਕਾ ਲੱਗਾ। ਕਿਉਂਕਿ ਜਿਆਦਾਤਰ ਪਟਸਨ ਦੀਆਂ ਮਿੱਲਾਂ ਭਾਰਤ ਵਿੱਚ ਰਹਿ ਗਈਆਂ ਪਰ ਪਟਸਨ ਉਤਪਾਦਨ ਦਾ ਤਿੰਨ ਚੌਥਾਈ ਭਾਗ ਪੂਰਬੀ ਪਾਕਿਸਤਾਨ ਜਿਸ ਨੂੰ ਅੱਜ ਕੱਲ ਬੰਗਲਾ ਦੇਸ਼ ਕਹਿੰਦੇ ਹਨ , ਦੇ ਹਿੱਸੇ ਆ ਗਿਆ। ਇਹ ਉਦਯੋਗ ਭਾਰਤ ਨੂੰ ਬਹੁਤ ਜਿਆਦਾ ਵਿਦੇਸ਼ੀ ਪੂੰਜੀ ਪ੍ਰਾਪਤ ਕਰਵਾਉਦਾ ਹੈ। ਬਣਾਉਟੀ ਰੇਸ਼ੇ ਤੋਂ ਬਣੀਆਂ ਵਸਤੂਆਂ ਦੇ ਪ੍ਰਯੋਗ ਕਾਰਣ ਇਸ ਉਦਯੋਗ ਨੂੰ ਧੱਕਾ ਲੱਗਿਆ ਹੈ।

**ਪ੍ਰਸ਼ਨ:4 ਰੇਸ਼ਮ ਉਦਯੋਗ ਤੇ ਨੋਟ ਲਿਖੋ?**

ਉੱਤਰ ਭਾਰਤ ਵਿੱਚ ਬਣੇ ਰੇਸ਼ਮੀ ਕੱਪੜੇ ਪੂਰੇ ਸੰਸਾਰ ਵਿੱਚ ਜਾਣੇ ਜਾਂਦੇ ਹਨ । ਰੇਸ਼ਮ ਦੇ ਕੀੜਿਆਂ ਨੂੰ ਸ਼ਹਿਤੂਤ ਦੇ ਪੱਤਿਆ ਤੇ ਪਾਲਿਆ ਜਾਂਦਾ ਹੈ। ਰੇਸ਼ਮ ਉਤਪਾਦਨ ਦਾ 90% ਹਿੱਸਾ ਇਸੇ ਕਿਸਮ ਦਾ ਹੁੰਦਾ ਹੈ। ਇਸ ਨੂੰ ਸੈਰੀਕਲਚਰ ਵੀ ਕਹਿੰਦੇ ਹਨ। ਸ਼ਹਿਤੂਤ ਤੋਂ ਤਿਆਰ ਰੇਸ਼ਮ ਉਦਯੋਗ ਦਾ 90% ਤੋਂ ਵੀ ਵੱਧ ਹਿੱਸਾ ਕਰਨਾਟਕ ਆਂਧਰਾ ਪ੍ਰਦੇਸ਼, ਤਾਮਿਲਨਾਡੂ ਤੇ ਪੱਛਮੀ ਬੰਗਾਲ ਰਾਜਾਂ ਵਿੱਚ ਕੇਂਦਰਿਤ ਹੈ। ਸ਼ਹਿਤੂਤ ਤਿਆਰ ਕੀਤੀਆ ਜਾਣ ਵਾਲੀਆਂ ਰੇਸ਼ਮ ਦੀਆਂ ਕਿਸਮਾਂ ਵਿੱਚ ਟਸਰੂ, ਮੂੰਗਾ ਅਤੇ ਐਰੀ ਹਨ। ਮੈਸੂਰ, ਕਾਂਜੀਵਰਗ(ਚੇਨ੍ਹਈ ਦੇ ਪਾਸ) ਵਾਰਾਨਸੀ, ਸ਼੍ਰੀ ਨਗਰ, ਮੁਰਾਦਾਬਾਦ ਅਤੇ ਅੰਮ੍ਰਿਤਸਰ ਰੇਸ਼ਮੀ ਉਤਪਾਦਨ ਦੇ ਮੁੱਖ ਕੇਂਦਰ ਹਨ।

# Lesson-9

## ਆਵਾਜਾਈ ਅਤੇ ਸੰਚਾਰ ਸਾਧਨ

- **ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਸਹੀ ਉੱਤਰ ਤੇ ਸਹੀ(✓) ਠੀਕ ਦਾ ਨਿਸ਼ਾਨ ਲਗਾਓ**

1. F.C.I ਦੀ Full form

(a) ਪੰਜਾਬ (b) ਗੰਗਾ

(c) ਕਣਕ (d) ਕੋਈ ਵੀ ਨਹੀਂ✓

**ਉੱਤਰ (d)**

2. ਰੇਲ ਲਾਈਨ ਕਿਹੜੀ ਹੈ ਭਾਰਤ ਵਿੱਚ

(a)ਵੱਡੀ ਲਾਈਨ ਜਾਂ ਬ੍ਰਾਡ ਗੇਜ (b) ਛੋਟੀ ਲਾਈਨ ਜਾਂ ਮੀਟਰ ਗੇਜ

(c) ਤੰਗ ਲਾਈਲ ਜਾਂ ਨੈਰੋ ਗੇਜ (d) ਸਾਰੇ ਹੀ ਸਹੀ✓

**ਉੱਤਰ (d)**

3. ਸੰਚਾਰ ਦੇ ਸਾਧਨ

(a) ਟੈਲੀਫੋਨ (b) ਟੈਲੀਵੀਜਨ

(c) ਰੇਡੀਓ (d) ਸਾਰੇ ਹੀ ਸਹੀ✓

**ਉੱਤਰ (d)**

4. ਆਵਾਜਾਈ ਦੇ ਸਾਧਨ

(a) ਸੜਕ (b) ਰੇਲ ਮਾਰਗ

(c) ਹਵਾਈ (d) ਸਾਰੇ ਹੀ ਸਹੀ✓

**ਉੱਤਰ (d)**

- **ਖਾਲੀ ਥਾਵਾਂ ਲਈ ਸਹੀ ਉੱਤਰ ਚੁਣੋ:-**

1. ਸੜਕਾਂ ਦੀ ਲੰਬਾਈ ਦੇ ਪੱਖ ਤੋਂ ਭਾਰਤ ਦਾ ਸੰਸਾਰ ਵਿਚ .............ਸਥਾਨ ਹੈ।

✓

(ਤੀਸਰਾ / 25%)

2. ਅੰਮ੍ਰਿਤਸਰ ਵਿੱਚ ਸਥਿਤ ਰਾਸ਼ਟਰੀ ਹਵਾਈ ਅੱਡਾ ........................... ਹੈ।

✓

(ਰਾਜਾਸਾਂਸੀ / ਰਾਜਾ ਮਾਰਚ)

3. ਟੈਲੀਫੋਨ ............................. ਦਾ ਸਾਧਨ ਹੈ।

✓

(ਆਵਾਜਾਈ/ ਸੰਚਾਰ)

4. ਭਾਰਤ ਵਿੱਚ ਜਿਆਦਾਤਰ ਆਵਾਜਾਈ ...................... ਮਾਰਚ ਦੁਆਰਾ ਹੁੰਦੀ ਹੈ।

✓

(ਸੜਕ/ ਹਵਾਈ)

5. ਦੇਸ਼ ਵਿੱਚ ਸਭ ਤੋਂ ਤੇਜ ਚਲਣ ਵਾਲੀਆਂ ਰੇਲ ................ ਰੇਲਾਂ ਹਨ।

✓

(ਮਾਲ /ਸ਼ਾਤਾਬਦੀ)

- **ਸਹੀ ਮਿਲਾਨ ਕਰੋ:-**

| | |
|---|---|
| 1. ਕਾਂਡਲ | 1. 1853 ਈ:(5) |
| 2. ਬ੍ਰਾਡ ਗੇਜ | 2. ਬੰਦਰਗਾਹ(1) |
| 3. ਸ਼ਤਾਬਦੀ ਰੇਲ | 3. ਰੇਲ ਪਟਰੀ(2) |
| 4. H.M.T | 4. ਸੰਚਾਰ ਸਾਧਨ(7) |
| 5. ਪਹਿਲਾ ਰੇਲ ਮਾਰਗ | 5. ਪੰਡਿਤ ਨਹਿਰੂ ਦੀ ਜਨਮ ਸ਼ਤਾਬਦੀ ਸਾਲ(3) |
| 6. G.T. Road | 6. ਹਿੰਦੁਸਤਾਨ ਮਸ਼ੀਨ ਟੂਲਜ(4) |
| 7. ਟੈਲੀਫੋਨ | 7. ਸੜਕ ਮਹਾਮਾਰਗ(6) |

- **ਸਹੀ ਲਈ (✓) ਠੀਕ ਦਾ ਨਿਸ਼ਾਨ ਲਗਾਓ ਅਤੇ ਗਲਤ ਲਈ (x) ਗਲਤ ਦਾ ਨਿਸ਼ਾਨ ਲਗਾਓ।**

1. ਪੰਜਾਬ ਵਿੱਚ ਸਵਾਰੀ ਗੱਡੀ ਦੇ ਡੱਬੇ ਕਪੂਰਥਲਾ ਵਿੱਚ ਬਣਾਏ ਜਾਂਦੇ ਹਨ (✓)
2. ਤੇਜ ਗਤੀ ਨਾਲ ਵੱਧਦੇ ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਕਾਰਨ ਸੰਸਾਰ 'ਗਲੋਬਲ ਪਿੰਡ' ਬਣ ਗਿਆ ਹੈ। (✓)
3. ਭਾਰਤੀ ਰੇਲ ਦੇਸ਼ ਦਾ ਸਭ ਤੋਂ ਵੱਡਾ ਸਰਕਾਰੀ ਅਦਾਰਾ ਹੈ। (✓)
4. ਰਾਸ਼ਟਰੀ ਮਹਾਮਾਰਗਾਂ ਦੇ ਨਿਰਮਾਣ ਅਤੇ ਮੁਰੰਮਤ ਰਾਜਪਾਲ ਕਰਦਾ ਹੈ। (**x**)
5. ਮਨਾਲੀ ਅਤੇ ਲੋਹ ਸੰਸਾਰ ਦੀ ਸਭ ਤੋਂ ਉੱਚੀ ਸਰਹੱਦ ਰੇਲ ਮਾਰਗ ਹੈ। (**x**)

**ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਵਿੱਚ ਦਿਓ:-**

1. ਸੜਕਾਂ ਕਿੰਨੇ ਤਰ੍ਹਾਂ ਦੀਆਂ ਹੁੰਦੀਆਂ ਹਨ?

ਉੱਤਰ 2 ਤਰ੍ਹਾਂ ਦੀਆਂ (ਕੱਚੀਆਂ ਅਤੇ ਪੱਕੀਆਂ)

2. ਭਾਰਤ ਵਿੱਚ ਪਹਿਲਾਂ ਰੇਲ ਮਾਰਗ ਕਦੋਂ ਬਣਾਇਆ ?

ਉੱਤਰ 1853 ਈ: ਵਿੱਚ ਥਾਣਾ ਤੋਂ ਮੁੰਬਈ

3. ਸਭ ਤੋਂ ਤੇਜ ਆਵਾਜਾਈ ਦਾ ਸਾਧਨ ਕਿਹੜਾ ਹੈ?

ਉੱਤਰ ਹਵਾਈ ਆਵਾਜਾਈ

4. ਕੋਈ ਦੋ ਬੰਦਰਗਾਹਾਂ ਦੇ ਨਾਂ ਦੱਸੋ?

ਉੱਤਰ ਕਾਡਲਾ, ਮੁੰਬਈ, ਕੋਚੀ, ਚੇਨਈ, ਕੋਲਕਾਤਾ ਆਦਿ

5. ਅੰਦਰੂਨੀ ਜਲਮਾਰਗ ਕੀ ਹੁੰਦੇ ਹਨ?

ਉੱਤਰ ਉਹ ਦਰਿਆ ਜੋ ਸਮੁੰਦਰ ਤੱਕ ਨਹੀਂ ਪਹੁੰਚਦੇ।

**ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਚਾਰ ਜਾਂ ਪੰਜ ਸ਼ਬਦਾਂ ਵਿੱਚ ਦਿਓ:-**

**ਪ੍ਰਸ਼ਨ:1 ਜਲ ਆਵਾਜਾਈ ਦੇ ਲਾਭ ਲਿਖੋ।**

ਉੱਤਰ: ਜਲ ਆਵਾਜਾਈ ਸੜਕ ਆਵਾਜਾਈ ਦੇ ਮੁਕਾਬਲੇ ਲਈ ਬਹੁਤ ਸਸਤੀ ਹੈ ਕਿਉਂਕਿ ਇਸ ਵਿੱਚ ਯਾਤਰਾ ਲਾਗਤ ਤੇ ਸਾਂਭ ਸੰਭਾਲ ਵਿੱਚ ਕਾਫੀ ਘੱਟ ਖਰਚ ਆਉਂਦਾ ਹੈ। ਇਸ ਨਾਲ ਸਮਾਨ ਦੇ ਇੱਕ ਥਾਂ ਤੋਂ ਦੂਜੀ ਥਾਂ ਭੇਜਣ ਲਈ ਭਾਵੇਂ ਸਮਾਂ ਵੱਧ ਲੱਗਦਾ ਹੈ । ਪਰ ਆਵਾਜਾਈ ਖਰਚ ਘੱਟ ਹੋਣ ਕਰਕੇ ਉਪਭੋਗਤਾਵਾਂ ਤੱਕ ਚੀਜਾਂ ਘੱਟ ਕੀਮਤ ਤੇ ਮਿਲਣ ਕਰਕੇ ਵਪਾਰ ਵਿੱਚ ਬਹੁਤ ਸਹਾਇਤਾ ਮਿਲਦੀ ਹੈ।

**ਪ੍ਰਸ਼ਨ:2 ਪਾਇਪਲਾਈਨ ਆਵਾਜਾਈ ਤੇ ਨੋਟ ਲਿਖੋ?**

ਉੱਤਰ: ਡੀਜਲ, ਪੈਟਰੋਲ ਅਤੇ ਕੁਦਰਤੀ ਗੈਸ ਨੂੰ ਉਤਪਾਦਨ ਖੇਤਰਾਂ ਤੋਂ ਸਾਫ਼ ਕਰਨ ਵਾਲੇ ਖੇਤਰਾਂ ਤੱਕ ਲੈ ਜਾਣ ਅਤੇ ਫਿਰ ਉੱਥੋਂ ਉਹਨਾਂ ਨੂੰ ਪ੍ਰਾਪਤ ਕਰਨ ਤੱਕ ਪਹੁੰਚਾਉਣ ਲਈ ਪਾਈਪ ਲਾਈਨਾਂ ਦੁਆਰਾ ਢੋਆ-ਢੋਆਈ ਕਰਨ ਨੂੰ ਪਾਈਪਲਾਈਨ ਆਵਾਜਾਈ ਕਹਿੰਦੇ ਹਨ।

ਉੱਤਰੀ ਬਿਹਾਰ ਵਿੱਚ ਬਰੇਲੀ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿੱਚ ਮਥੁਰਾ ਦੇ ਕੋਲ ਤੇਲ ਸੋਧਕ ਕਾਰਖਾਨੇ ਉਤਪਾਦਕ ਖੇਤਰਾਂ ਤੋਂ ਬਹੁਤ ਦੂਰ ਹਨ। ਇਹਨਾਂ ਤੱਕ ਪੈਟਰੋਲ ਅਤੇ ਕੁਦਰਤੀ ਗੈਸ ਨੂੰ ਸੋਧਕ ਕਾਰਖਾਨਿਆਂ ਤੱਕ ਪਹੁੰਚਾਣ ਲਈ ਆਵਾਜਾਈ ਦੇ ਸਬੰਧ ਵਿੱਚ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤਰ੍ਹਾਂ ਉਦਯੋਗਾਂ ਦਾ ਕੇਂਦਰੀਕਰਨ ਉਤਪਾਦਕ ਖੇਤਰਾਂ ਵਿੱਚ ਵੀ ਹੋ ਜਾਵੇਗਾ। ਦੇਸ਼ ਦੀ ਆਰਥਿਕ ਪ੍ਰਣਾਲੀ ਨੂੰ ਇਹਨਾਂ ਦੋਨੋਂ ਤਰ੍ਹਾਂ ਦੀਆਂ ਸਥਿਤੀਆਂ ਦੇ ਗੰਭੀਰ ਨੁਕਸਾਰ ਹੈ। ਸਕਦੇ ਹਨ। ਇਸ ਗੰਭੀਰ ਸਮੱਸਿਆਵਾਂ ਨੂੰ ਨਜਿੱਠਣ ਲਈ ਖਣਿਜ ਤੇਲ ਅਤੇ ਕੁਦਰਤੀ ਗੈਸ ਜਿਹੀਆਂ ਵਸਤੂਆਂ ਨੂੰ ਖਪਤ ਕੇਂਦਰਾਂ ਦੇ ਬਹੁਤ ਜਿਆਦਾ ਨੇੜੇ ਪਹੁਚਾਉਣ ਲਈ ਪਾਈਪ ਲਾਈਨ ਆਵਾਜਾਈ ਦਾ ਪ੍ਰਬੰਧ ਕੀਤਾ ਗਿਆ ਹੈ।

- **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਪੰਜ ਜਾਂ ਛੇ ਸ਼ਬਦਾਂ ਵਿੱਚ ਦਿਓ:-**

**ਪ੍ਰਸ਼ਨ:3 ਕੋਂਕਣ ਰੇਲ ਮਾਰਗ ਦੀ ਮਹੱਤਤਾ ਦਾ ਵਰਣਨ ਕਰੋ।**

ਉੱਤਰ 26 ਜਨਵਰੀ 1998 ਰੇਲ ਆਵਾਜਾਈ ਲਈ ਖੋਲ੍ਹਿਆ 760 ਕਿਲੋਮੀਟਰ ਦਾ ਰੇਲ ਮਾਰਗ ਜੋ ਮੁੰਬਈ ਨੂੰ ਮੰਗਲੌਰ ਦੇ ਨਾਲ ਜੋੜਦਾ ਹੈ। ਭਾਰਤੀ ਰੇਲਾਂ ਦੇ ਇਤਿਹਾਸ ਵਿੱਚ ਹਿੱਕ ਬੇਜੋੜ ਉਦਾਹਰਣ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ । ਕੋਕਣ ਰੇਲ ਮਾਰਗ ਦੇ ਨਾਂ ਨਾਲ ਜਾਣ ਜਾਂਦੀ ਇਹ ਯੋਜਨਾ ਸੰਸਾਰ ਵਿਚ ਆਪਣੇ ਆਪਣੇ ਦੀ ਪਹਿਲੀ ਯੋਜਨਾ ਹੈ। ਆਜਾਦੀ ਤੋਂ ਬਾਅਦ ਇਹ ਭਾਰਤੀ ਰੇਲਵੇ ਦੀ ਸਭ ਤੋਂ ਵੱਧ ਮਹੱਤਵਪੂਰਨ ਤੇ ਕਠਿਨ ਯੋਜਨਾ ਹੈ। ਜਿਸ ਰੇਲ ਯੋਜਨਾਵਾਂ ਤੇ 179 ਵੱਡੇ ਪੁਲ ਅਤੇ 92 ਸੁਰੰਗਾਂ ਬਣਾਈਆਂ ਗਈਆਂ ਹਨ। ਦੇਸ਼ ਦੀ ਹੁਣ ਤੱਕ ਬਣਾਈ ਗਈ ਸਭ ਤੋਂ ਵੱਡੀ ਸੁਰੰਗ ਜੋ ਕਿ ਇਸ ਮਾਰਗ ਤੇ ਪੈਂਦੀ ਹੈ, ਦੀ ਲੰਬਾਈ 6.44 ਕਿਲੋਮੀਟਰ ਹੈ। ਇਸ ਰੇਲ ਮਾਰਗ ਨਾਲ ਮੰਗਲੌਰ ਅਤੇ ਤ੍ਰਿਵੇਂਦਰਮਪੁਰ ਦੀ ਮੁੰਬਈ ਤੋਂ ਦੂਰੀ ਕਾਫੀ ਘੱਟ ਗਈ ਹੈ।

**ਪ੍ਰਸ਼ਨ:4 ਭਾਰਤੀ ਸੜਕ ਆਵਾਜਾਈ ਦੇ ਗੁਣ ਤੇ ਦੋਸ਼ਾਂ ਦਾ ਵਰਣਨ ਕਰੋ।**

ਉੱਤਰ ਸੜਕ ਆਵਾਜਾਈ ਸਾਧਨ ਦੇਸ਼ ਵਿੱਚ ਵਰਤਿਆ ਜਾਣ ਵਾਲਾ ਸਭ ਤੋਂ ਮਹੱਤਵਪੂਰਣ ਆਵਾਜਾਈ ਦਾ ਸਾਧਨ ਹੈ। ਸੜਕ ਆਵਾਜਾਈ ਲਈ ਅਸੀ ਵਸਤੂਆਂ ਅਤੇ ਯਾਤਰੀਆਂ ਨੂੰ ਉਪਭੋਗਤਾਵਾਂ ਦੇ ਘਰਾਂ ਦੇ ਨੇੜੇ ਤੱਕ ਪਹੁੰਚਾ ਸਕਦੇ ਹਾਂ। ਇਹ ਆਵਾਜਾਈ ਸਾਧਨ ਹਵਾਈਆਂ ਦੇ ਮੁਕਾਬਲੇ ਹੈ। ਇਹ ਮਾਰਗ ਆਮ ਜਨਤਾ ਦੀਆਂ ਆਵਾਜਾਈ ਦੀਆਂ ਲੋੜਾਂ ਦੀ ਪੂਰਤੀ ਕਰਦਾ ਹੈ। ਸੜਕ ਆਵਾਜਾਈ ਜਿੰਨੀ ਮਹੱਤਵਪੂਰਨ ਹੈ ਉਤਨੀ ਹੀ ਖਤਰਿਆ ਭਰਪੂਰ ਹੈ। ਸੜਕ ਉੱਤੇ ਗੱਡੀਆਂ ਦੀ ਸੰਖਿਆ ਅਤੇ ਰਫਤਾਰ ਦੋਨੋਂ ਹੀ ਵੱਖਰੇ ਹਨ। ਦੁਰਘਟਨਾ ਰੋਕਣ ਅਤੇ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਸੜਕਾਂ ਦੀ ਸੰਭਾਲ , ਸੜਕ ਨਿਰਮਾਣ, ਸੜਕ ਤਕਨੀਕ, ਸੜਕਾਂ ਦਾ ਵਿਸਥਾਰ ਸੜਕ ਸਰਵੇਖਣ ਤੇ ਖੋਜ ਆਦਿ ਜਿਹੇ ਮੁੱਦੇ ਬਹੁਤ ਹੀ ਮੱਹਤਵਪੂਰਣ ਬਣਦੇ ਜਾ ਰਹੇ ਹਨ। ਇਸ ਲਈ ਸੜਕਾਂ ਦੀ ਚੌੜਾਈ ਬਣਾਉਣ, ਉਹਨਾਂ ਨੂੰ ਮਜਬੂਤ ਬਣਾਉਣ, ਦੋਹਰੀ ਜਾਂ ਇੱਕ ਲੇਨ ਵਾਲੀ ਸੜਕ ਬਣਾਉਣਾ, ਢੁਕਵੇਂ ਪਾਰਕਿੰਗ ਪ੍ਰਬੰਧ ਕਰਨਾ ਆਵਾਜਾਈ ਦੀ ਨਿਯਮਾਂ ਅਤੇ ਸੰਕੇਤਾਂ ਦਾ ਪੂਰਾ ਧਿਆਨ ਰੱਖਣਾ ਤੇ ਸੜਕ ਰੂਪ ਰੇਖਾ ਵਿੱਚ ਲਗਾਤਾਰ ਖੋਜ ਕਰਨਾ ਆਦਿ ਬਹੁਤ ਹੀ ਜਰੂਰੀ ਬਣ ਗਿਆ ਹੈ ਤਾਂ ਕਿ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ।

# ਪਾਠ- 1(ਮੁੱਢਲੀਆਂ ਧਾਰਨਾਵਾਂ)

## ਬਹੁ-ਵਿਕਲਪੀ ਪ੍ਰਸ਼ਨ

1. ਪ੍ਰਸ਼ਨ:-ਰਾਸ਼ਟਰੀ ਆਮਦਨ ਇੱਕ ਦੇਸ਼ ਦੇ ਆਮ ਨਿਵਾਸੀਆਂ ਦੀ ਕਿੰਨੇ ਸਾਲ ਦੀ ਅਰਜਿਤ ਆਮਦਨ ਹੁੰਦੀ ਹੈ?

   (ੳ) ਇੱਕ ਸਾਲ (ੲ) 1● ਸਾਲ

   (ਅ) ਦੋ ਸਾਲ (ਸ) 5 ਸਾਲ

   ਉੱਤਰ:-ਇੱਕ ਸਾਲ

2. ਪ੍ਰਸ਼ਨ:-ਪ੍ਰਤੀ ਵਿਅਕਤੀ ਆਮਦਨ ਦਾ ਦੂਸਰਾ ਹੋਰ ਨਾਂ ਕੀ ਹੈ?

   (ੳ) ਰਾਸ਼ਟਰੀ ਆਮਦਨ (ੲ) ਔਸਤ ਆਮਦਨ

   (ਅ) ਵਿਅਕਤੀ ਦੀ ਆਮਦਨ (ਸ) ਸਰਕਾਰ ਦੀ ਆਮਦਨ

   ਉੱਤਰ:-ਔਸਤ ਆਮਦਨ

3. ਪ੍ਰਸ਼ਨ:-ਪ੍ਰਤੀ ਵਿਅਕਤੀ ਆਮਦਨ ਦਾ ਅਨੁਮਾਨ ਕਿਸ ਤਰ੍ਹਾਂ ਲਗਾਇਆ ਜਾ ਸਕਦਾ ਹੈ?

   (ੳ) ਰਾਸ਼ਟਰੀ ਆਮਦਨ ÷ਪ੍ਰਤੀ ਵਿਅਕਤੀ ਆਮਦਨ (ੲ) ਵਸੋਂ (ਜੰਨਸੰਖਿਆ) ÷ਪ੍ਰਤੀ ਵਿਅਕਤੀ ਆਮਦਨ

   (ਅ) ਰਾਸ਼ਟਰੀ ਆਮਦਨ÷ ਵਸੋਂ (ਸ) ਇਹਨਾਂ ਵਿੱਚੋਂ ਕੋਈ ਨਹੀਂ

   ਉੱਤਰ:- ਰਾਸ਼ਟਰੀ ਆਮਦਨ ÷ ਜੰਨਸੰਖਿਆ

4. ਪ੍ਰਸ਼ਨ:-ਉਸ ਕਿਰਿਆ ਦਾ ਨਾਂ ਦੱਸੋਂ ਜਿਸ ਰਾਹੀਂ ਮਨੁੱਖ ਦੀਆਂ ਲੋੜਾਂ ਦੀ ਪ੍ਰਤੱਖ ਸੰਤੁਸ਼ਟੀ ਹੁੰਦੀ ਹੈ?

   (ੳ) ਉਪਭੋਗ (ੲ) ਉਪਯੋਗ

   (ਅ) ਉਪਯੋਗਤਾ (ਸ) ਉਤਪਾਦਨ

   ਉੱਤਰ:-ਉਪਭੋਗ

5. ਪ੍ਰਸ਼ਨ:-ਸਾਡੇ ਦੇਸ਼ ਵਿੱਚ ਕਿਹੜਾ ਨੋਟ ਭਾਰਤ ਦੇ ਵਿੱਤ ਮੰਤਰਾਲੇ ਰਾਹੀਂ ਜਾਰੀ ਕੀਤਾ ਜਾਂਦਾ ਹੈ?

   1. ਇੱਕ ਰੁਪਏ ਦਾ 2. ਦੋ ਰੁਪਏ ਦਾ 3.ਦੋ ਹਜ਼ਾਰ ਰੁਪਏ ਦਾ 4. ਉਪਰੋਕਤ ਸਾਰੇ

   ਉੱਤਰ:- ਇੱਕ ਰੁਪਏ ਦਾ

## ਖਾਲੀ ਥਾਂ ਭਰੋ

6. ਪ੍ਰਸ਼ਨ:-----ਵਿੱਚ ਵਾਧਾ ਨਿਵੇਸ਼ ਕਹਾਉਂਦਾ ਹੈ

   (ੳ) ਉਪਭੋਗ (ਅ) ਪੂੰਜੀ

   ਉੱਤਰ:- ਪੂੰਜੀ

7. ਪ੍ਰਸ਼ਨ:-ਆਮਦਨ ਵਿੱਚੋਂ ਉਪਭੋਗ ਸੰਬੰਧੀ ਖਰਚ ਨੂੰ ਘਟਾਉਣ ਪਿੱਛੋਂ ਜੋ ਧਨ ਬਚ ਜਾਂਦਾ ਹੈ ਉਸ ਨੂੰ ------ ਕਿਹਾ ਜਾਂਦਾ ਹੈ।

   (ੳ) ਬੱਚਤ (ਅ) ਨਿਵੇਸ਼

   ਉੱਤਰ:- ਬੱਚਤ

8. ਪ੍ਰਸ਼ਨ:-ਸਰਕਾਰ ਦੀ ਨਿਸ਼ਚਿਤ ਉਦੇਸ਼ਾਂ ਦੀ ਪ੍ਰਾਪਤੀ ਕਰਨ ਲਈ ਆਮਦਨ ਅਤੇ ਖਰਚ ਸੰਬੰਧੀ ਨੀਤੀ ਨੂੰ ----

– ਕਹਿੰਦੇ ਹਨ।

(ੳ) ਰਾਜਕੋਸ਼ੀ ਨੀਤੀ (ਅ) ਮੌਦਰਿਕ ਨੀਤੀ

ਉੱਤਰः-ਰਾਜਕੋਸ਼ੀ ਨੀਤੀ

9. ਪ੍ਰਸ਼ਨः-ਸਰਕਾਰ ਦੀ ਵਿਸ਼ੇਸ਼ ਟੀਚਿਆਂ ਦੀ ਪ੍ਰਾਪਤੀ ਲਈ ਮੁਦਰਾ ਦੀ ਪੂਰਤੀ, ਮੁਦਰਾ ਦੀ ਲਾਗਤ ਅਤੇ ਮੁਦਰਾ ਦੀ ਉਪਲਬਧੀ ਨੂੰ ਕੰਟਰੋਲ ਕਰਨ ਵਾਲੀ ਨੀਤੀ ਨੂੰ --- ਕਹਿੰਦੇ ਹਨ?

(ੳ) ਮੌਦਰਿਕ ਨੀਤੀ (ਅ) ਰਾਜਕੋਸ਼ੀ ਨੀਤੀ

ਉੱਤਰः- ਮੌਦਰਿਕ ਨੀਤੀ

10. ਪ੍ਰਸ਼ਨः-ਸਰਕਾਰ ਦੁਆਰਾ ਲਏ ਗਏ ਸਾਰੇ ਕਰਜਿਆਂ ਨੂੰ ----- ਕਰਜੇ ਕਹਿੰਦੇ ਹਨ।

(ੳ) ਸਰਵਜਨਕ ਕਰਜੇ (ਅ) ਸਰਕਾਰੀ ਕਰਜੇ

ਉੱਤਰः-ਸਰਵਜਨਕ ਕਰਜੇ

11. ਪ੍ਰਸ਼ਨ:-ਆਮਦਨ=ਉਪਭੋਗ + ---------

(ੳ) ਖਰਚ (ੲ) ਬਚਤ

ਉੱਤਰ:-ਬਚਤ

## ਸਹੀ-ਗਲਤ

12. ਪ੍ਰਸ਼ਨ:-ਆਮਦਨ ਦਾ ਉਹ ਭਾਗ ਜਿਸ ਨਾਲ ਪਹਿਲਾ ਨਾਲੋਂ ਵਧੇਰੇ ਉਤਪਾਦਨ ਹੁੰਦਾ ਹੈ ਉਸ ਨੂੰ ਪੂੰਜੀ ਕਹਿੰਦੇ ਹਨ।

ਉੱਤਰ:-(✓)

13. ਪ੍ਰਸ਼ਨ:-ਸਰਕਾਰ ਦੁਆਰਾ ਲਏ ਗਏ ਕਰਜਿਆਂ ਨੂੰ ਦੇਸ਼ ਦਾ ਕਰਜਾ ਕਿਹਾ ਜਾਂਦਾ ਹੈ।

ਉੱਤਰ:- (×)

14. ਪ੍ਰਸ਼ਨ:-ਸਰਕਾਰ ਹਰ ਸਾਲ ਆਪਣੀ ਹੋਣ ਵਾਲੀ ਆਮਦਨ ਅਤੇ ਖਰਚ ਦਾ ਵਿਉਰਾ ਤਿਆਰ ਕਰਦੀ ਹੈ। ਇਸ ਨੂੰ ਸਰਕਾਰੀ ਬਜ਼ਟ ਕਿਹਾ ਜਾਂਦਾ ਹੈ।

ਉੱਤਰ:-(✓)

15. ਪ੍ਰô਼ਨ:-ਉਹ ਬਜਟ ਜਿਸ ਵਿੱਚ ਸਰਕਾਰ ਦੀ ਆਮਦਨ ਅਤੇ ਖਰਚ ਬਰਾਬਰ ਹੁੰਦੇ ਹਨ ਨੂੰ ਘਾਟੇ ਬਜ਼ਟ ਕਹਿੰਦੇ ਹਨ।

ਉੱਤਰ:-(×)

16. ਪ੍ਰਸ਼ਨ:-ਬੱਚਤ=ਆਮਦਨ - ਉਪਭੋਗ

ਉੱਤਰ:-(✓)

17. ਪ੍ਰਸ਼ਨ:-ਕੀਮਤਾਂ ਵਿੱਚ ਹੋਣ ਵਾਲੇ ਲਗਾਤਾਰ ਵਾਧੇ ਨੂੰ ਮੁਦਰਾ ਪੂਰਤੀ ਕਹਿੰਦੇ ਹਨ।

ਉੱਤਰ:- (× )

18. ਪ੍ਰਸ਼ਨ:-ਆਮਦਨ ਵਿੱਚੋਂ ਉਪਭੋਗਤਾ ਖਰਚ ਘਟਾਉਣ ਨਾਲ ਜੋ ਰਾਸ਼ੀ ਬਾਕੀ ਬੱਚਦੀ ਹੈ ਨੂੰ ਬੱਚਤ ਕਿਹਾ ਜਾਂਦਾ ਹੈ।

ਉੱਤਰ:- ( ✓)

19. ਪ੍ਰਸ਼ਨ:-ਜਿਹੜੇ ਕਰਜੇ ਸਰਕਾਰ ਦੁਆਰਾ ਸਰਕਾਰੀ ਵਿੱਤੀ ਸੇਵਾਵਾਂ ਅਤੇ ਹੋਰ ਵਿੱਤੀ ਸੰਸਥਾਵਾਂ ਤੋਂ ਲਏ ਜਾਂਦੇ ਹਨ ਉਹਨਾ ਨੂੰ ਸਰਵਜਨਕ ਕਰਜੇ ਕਹਿੰਦੇ ਹਨ।

ਉੱਤਰ:- ( ✓)

20. ਪ੍ਰਸ਼ਨ:- ਸਰਕਾਰੀ ਅਮਦਨ ਅਤੇ ਖਰਚ ਦੇ ਵਰਵੇ ਨੂੰ ਮਦੌਰਿਕ ਨੀਤੀ ਕਹਿੰਦੇ ਹਨ।

ਉੱਤਰ:- (×)

21. ਪ੍ਰਸ਼ਨ:-ਪ੍ਰਤੀ ਵਿਅਕਤੀ ਆਮਦਨ = $\frac{\text{ਰਾਸਟਰੀ ਆਮਦਨ}}{\text{ਸੁੱਧ ਆਮਦਨ}}$

ਉੱਤਰ:- (×)

## ਸਹੀ ਮਿਲਾਨ ਕਰੋ

22. ਪ੍ਰਸ਼ਨ:-(ੳ) ਸਰਕਾਰੀ ਬਜਟ ਜਿਸ ਵਿੱਚ ਸਰਕਾਰ ਦਾ ਖਰਚ ਉਸ ਦੀ ਆਮਦਨ ਨਾਲੋ ਵੱਧ ਹੋਵੇ।

(ਅ) ਸੰਤੁਲਿਤ ਬਜਟ ਜਿਸ ਵਿੱਚ ਸਰਕਾਰ ਦੀ ਆਮਦਨ ਉਸਦੇ ਖਰਚੇ ਨਾਲੋ

ਜਿਆਦਾ ਹੁੰਦੀ ਹੈ।

(ੲ)ਬੱਚਤ ਦਾ ਬਜਟ ਜਿਸ ਵਿੱਚ ਸਰਕਾਰ ਦੀ ਆਮਦਨ ਅਤੇ ਖਰਚ ਬਰਾਬਰ ਹੁੰਦੇ ਹਨ।

(ਸ) ਘਾਟੇ ਦਾ ਬਜਟ ਸਰਕਾਰ ਦਾ ਹਰ ਸਾਲ ਹੋਣ ਵਾਲਾ ਆਮਦਨ ਅਤੇ ਖਰਚ ਦਾ ਬਿਉਰਾ।

ਉੱਤਰ:-(ੳ) ਸਰਕਾਰੀ ਬਜਟ ਸਰਕਾਰ ਦਾ ਹਰ ਸਾਲ ਹੋਣ ਵਾਲਾ ਆਮਦਨ ਅਤੇ ਖਰਚ ਦਾ ਬਿਉਰਾ।

(ਅ) ਸੰਤੁਲਿਤ ਬਜਟ ਜਿਸ ਵਿੱਚ ਸਰਕਾਰ ਦੀ ਆਮਦਨ ਅਤੇ ਖਰਚ ਬਰਾਬਰ ਹੁੰਦੇ ਹਨ।

(ੲ)ਬੱਚਤ ਦਾ ਬਜਟ ਜਿਸ ਵਿੱਚ ਸਰਕਾਰ ਦੀ ਆਮਦਨ ਉਸਦੇ ਖਰਚੇ ਨਾਲੋ ਜ਼ਿਆਦਾ ਹੁੰਦੀ ਹੈ।

(ਸ) ਘਾਟੇ ਦਾ ਬਜਟ ਜਿਸ ਵਿੱਚ ਸਰਕਾਰ ਦਾ ਖਰਚ ਉਸ ਦੀ ਆਮਦਨ ਨਾਲੋਂ ਵੱਧ ਹੋਵੇ।

23. ਪ੍ਰਸ਼ਨ:- (ੳ) ਆਮਦਨ- ਉਪਭੋਗ

ਬਚਤ = (ਅ) ਆਮਦਨ+ ਲਾਗਤ

(ੲ) ਆਮਦਨ -ਕੀਮਤ

(ਸ) ਉਪਭੋਗ ÷ ਆਮਦਨ

ਉੱਤਰ:-ਬਚਤ = ਆਮਦਨ- ਉਪਭੋਗ

## ਇੱਕ ਲਾਈਨ ਵਾਲੇ ਪ੍ਰਸ਼ਨ

24. ਪ੍ਰਸ਼ਨ:-ਮੁਢਲੀਆਂ ਧਾਰਨਾਵਾਂ ਕੀ ਹਨ?

ਉੱਤਰ:- ਉਹ ਸ਼ਬਦ ਜਿਨ੍ਹਾਂ ਦਾ ਅਰਥ-ਸ਼ਾਸਤਰ ਵਿੱਚ ਵਿਸ਼ੇਸ਼ ਅਰਥ ਹੁੰਦਾ ਹੈ।

25. ਪ੍ਰਸ਼ਨ:-ਉਪਭੋਗ ਤੋਂ ਕੀ ਭਾਵ ਹੈ?

ਉੱਤਰ:-ਉਤਪਾਦਿਤ ਕੀਤੀਆਂ ਗਈਆਂ ਵਸਤੂਆਂ ਅਤੇ ਸੇਵਾਵਾਂ ਦਾ ਪ੍ਰਯੋਗ ਕਰਕੇ ਮਨੁੱਖੀ ਜਰੂਰਤਾਂ (ਲੋੜਾ) ਦੀ ਪੂਰਤੀ ਕਰਨ ਨੂੰ ਉਪਭੋਗ ਕਹਿੰਦੇ ਹਨ।

26. ਪ੍ਰਸ਼ਨ:-ਬੱਚਤ ਕਿਸਨੂੰ ਕਹਿੰਦੇ ਹਨ?

ਉੱਤਰ:-ਆਮਦਨ ਵਿਚੋਂ ਉਪਭੋਗ ਸੰਬੰਧੀ ਖਰਚ ਨੂੰ ਘਟਾਉਣ ਪਿਛੋਂ ਜੋ ਧਨ ਬਾਕੀ ਬਚ ਜਾਂਦਾ ਹੈ, ਉਸਨੂੰ ਬੱਚਤ ਕਿਹਾ ਜਾਂਦਾ ਹੈ।

ਜਾਂ

ਬੱਚਤ = ਆਮਦਨ-ਉਪਭੋਗ

27. ਪ੍ਰਸ਼ਨ:-ਨਿਵੇਸ਼ ਕਿਸ ਨੂੰ ਕਹਿੰਦੇ ਹਨ?

ਉੱਤਰ:-ਪੂੰਜੀ ਵਿੱਚ ਹੋਣ ਵਾਲੇ ਵਾਧੇ ਨੂੰ ਨਿਵੇਸ਼ ਕਿਹਾ ਜਾਂਦਾ ਹੈ।

ਜਾਂ

ਇੱਕ ਸਾਲ ਦੋਰਾਨ ਆਮਦਨ ਦਾ ਉਹ ਹਿੱਸਾ ਜੋ ਉਪਭੋਗਤੇ ਖਰਚ ਕਰਨ ਦੀ ਬਜਾਏ ਪੂੰਜੀ ਨਿਰਮਾਣ ਲਈ ਪ੍ਰਯੋਗ ਕੀਤਾ ਜਾਂਦਾ ਹੈ,ਨਿਵੇੱਸ਼ ਅਖਵਾਉਂਦਾ ਹੈ।

28. ਪ੍ਰਸ਼ਨ:- ਪੂੰਜੀ ਨਿਵੇਸ਼ ਅਤੇ ਬੱਚਤ ਵਿੱਚ ਕੀ ਅੰਤਰ ਹੈ?

ਉੱਤਰ:- ਆਮਦਨ ਦਾ ਉਹ ਭਾਗ ਜਿਸਨੂੰ ਉਪਭੋਗ ਤੇ ਖਰਚ ਨਹੀਂ ਕੀਤਾ ਜਾਂਦਾ ਉਸਨੂੰ ਬੱਚਤ ਕਹਿੰਦੇ ਹਨ।

ਜੇਕਰ ਇਸ ਬੱਚਤ ਨੂੰ ਪੂੰਜੀ ਨਿਰਮਾਣ ਲਈ ਖਰਚਿਆ ਜਾਂਦਾ ਹੈ ਤਾਂ ਇਸ ਨੂੰ ਨਿਵੇਸ਼ ਕਹਿੰਦੇ ਹਨ।

29. ਪ੍ਰਸ਼ਨ:-ਛੁਪੀ ਹੋਈ ਬੇਰੁਜਗਾਰੀ ਕਿਸਨੂੰ ਕਹਿੰਦੇ ਹਨ? ਉਦਾਹਰਣ ਦੇ ਕੇ ਸਪੱਸ਼ਟ ਕਰੋ।
ਉੱਤਰ:-ਜਦੋਂ ਕਿਸੇ ਕੰਮ ਉੱਤੇ ਜਿੰਨੇ ਕਿਰਤੀਆਂ ਦੀ ਲੋੜ ਹੋਵੇ ਪਰ ਉਸ ਤੋਂ ਵੱਧ ਕਿਰਤੀ ਉਥੇ ਕੰਮ ਕਰਦੇ ਹੋਣ ਤਾਂ ਲੋੜ ਤੋਂ ਵੱਧ ਕਿਰਤੀਆਂ ਦੀ ਬੇਰੁਜਗਾਰੀ ਨੂੰ ਛੁਪੀ ਹੋਈ ਬੇਰੁਜ਼ਗਾਰੀ ਕਹਿੰਦੇ ਹਨ।

30. ਪ੍ਰਸ਼ਨ:-ਪੂਰਨ ਰੁਜਗਾਰ ਕਿਸਨੂੰ ਕਹਿੰਦੇ ਹਨ? ਉਦਾਰਹਣ ਦੇ ਕੇ ਸਪਸ਼ਟ ਕਰੋ।
ਉੱਤਰ:-ਪੂਰਨ ਰੁਜਗਾਰ ਤੋਂ ਭਾਵ ਉਸ ਹਾਲਤ ਤੋਂ ਹੁੰਦਾ ਹੈ ਜਿਸ ਵਿਚ ਕੋਈ ਵੀ ਮਨੁੱਖ ਬੇਰੁਜ਼ਗਾਰ ਨਹੀਂ ਹੁੰਦਾ ਭਾਵ ਉਹਨਾ ਸਾਰੇ ਮਨੁੱਖਾਂ ਨੂੰ ਰੁਜ਼ਗਾਰ ਮਿਲ ਜਾਂਦਾ ਹੈ ਜੋ ਮਜਦੂਰੀ ਦੀ ਵਰਤਮਾਨ ਦਰ ਤੇ ਕੰਮ ਕਰਨ ਲਈ ਤਿਆਰ ਹੁੰਦੇ ਹਨ ਅਤੇ ਉਨ੍ਹਾਂ ਨੂੰ ਅਸਾਨੀ ਨਾਲ ਕੰਮ ਮਿਲ ਜਾਵੇ।

31. ਪ੍ਰਸ਼ਨ:- ਉਦਾਰ ਕਰਜ ਕੀ ਹੈ?
ਉੱਤਰ:- ਜਿਹੜੇ ਕਰਜ ਲੰਬੀ ਮਿਆਦ ਲਈ ਘੱਟ ਵਿਆਜ ਦਰ ਦੇ ਲਏ ਜਾਂਦੇ ਹਨ।

32. ਪ੍ਰਸ਼ਨ:- ਆਮਦਨ ਕਰਜ ਕੀ ਹੈ?
ਉੱਤਰ:-ਜਿਹੜੇ ਕਰਜ ਘੱਟ ਮਿਆਦ ਲਈ ਵੱਧ( ਉੱਚੀ) ਵਿਆਜ ਦਰ ਤੇ ਲਏ ਜਾਣ।

33. ਪ੍ਰਸ਼ਨ:-ਰਾਜਕੋਸ਼ੀਨੀਤੀ ਕਿਸਨੂੰ ਕਹਿੰਦੇ ਹਨ?
ਉੱਤਰ:-ਸਰਕਾਰ ਦੀ ਆਮਦਨ ਅਤੇ ਖਰਚਿਆਂ ਸੰਬੰਧੀ ਨੀਤੀ ਨੂੰ ਰਾਜਕੋਸ਼ੀ ਨੀਤੀ ਕਿਹਾ ਜਾਂਦਾ ਹੈ।

34. ਪ੍ਰਸ਼ਨ:-ਵਿਦੇਸ਼ੀ ਸਹਾਇਤਾ ਦੀ ਇੱਕ ਉਦਾਹਰਨ ਦਿਓ?
ਉੱਤਰ:-ਵਿਦੇਸ਼ੀ ਕਰਜ਼

35. ਪ੍ਰਸ਼ਨ:-ਸਰਵਜਨਕ ਖਰਚੇ ਕਿਸਨੂੰ ਕਹਿੰਦੇ ਹਨ?
ਉੱਤਰ:-ਸਰਕਾਰ ਦੁਆਰਾ ਕੀਤੇ ਗਏ ਖਰਚਿਆਂ ਨੂੰ ਸਰਵਜਨਕ ਖਰਚੇ ਕਿਹਾ ਜਾਂਦਾ ਹੈ।

36. ਪ੍ਰਸ਼ਨ:-ਵਿਕਾਸ ਦਰ ਕਿਸਨੂੰ ਕਹਿੰਦੇ ਹਨ?
ਉੱਤਰ:-ਵਿਕਾਸ ਦਰ ਉਹ ਪ੍ਰਤੀਸ਼ਤ ਦਰ ਹੈ ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਕਿਸੇ ਇੱਕ ਸਾਲ ਦੀ ਤੁਲਨਾ ਵਿੱਚ ਦੂਜੇ ਸਾਲ ਵਿੱਚ ਰਾਸ਼ਟਰੀ ਆਮਦਨ ਜਾਂ ਪ੍ਰਤੀ ਵਿਅਕਤੀ ਆਮਦਨ ਵਿਚ ਕਿੰਨੇ ਪ੍ਰਤੀਸ਼ਤ ਦਾ ਪਰਿਵਰਤਨ ਆਇਆ ਹੈ।

37. ਪ੍ਰਸ਼ਨ:-ਗਰੀਬੀ ਰੇਖਾ ਕਿਸਨੂੰ ਕਹਿੰਦੇ ਹਨ?
ਉੱਤਰ:-ਗਰੀਬੀ ਰੇਖਾ ਤੋਂ ਭਾਵ ਉਸ ਰਾਸ਼ੀ ਤੋਂ ਹੈ,ਜੋ ਇੱਕ ਵਿਅਕਤੀ ਲਈ ਹਰ ਮਹੀਨੇ ਘੱਟੋ- ਘੱਟ ਉਪਭੋਗ ਕਰਨ ਲਈ ਜਰੂਰੀ ਹੈ। ਆਮਦਨ ਘੱਟ ਹੋਣ ਕਾਰਨ ਉਹ ਉਤਨੀ ਰਾਸ਼ੀ ਖਰਚ ਨਹੀਂ ਕਰ ਸਕਦਾ।

38. ਪ੍ਰਸ਼ਨ:-ਇੱਕ ਦੇਸ਼ ਦੂਜੇ ਦੇਸ਼ ਤੋ ਜੋਂ ਵਸਤਾਂ ਅਤੇ ਸੇਵਾਵਾਂ ਮੰਗਾਉਂਦਾ ਹੈ, ਉਸ ਨੂੰ ਕੀ ਕਹਿੰਦੇ ਹਨ?
ਉੱਤਰ:- ਆਯਾਤ

39. ਪ੍ਰਸ਼ਨ:-ਨੋਟ ਛਾਪਣ ਦਾ ਕੰਮ ਕਿਹੜਾ ਬੈਂਕ ਕਰਦਾ ਹੈ?
ਉੱਤਰ:-ਭਾਰਤੀ ਰਿਜ਼ਰਵ ਬੈਂਕ।

40. ਪ੍ਰਸ਼ਨ:-ਰਾਜਕੋਸ਼ੀ ਨੀਤੀ ਦੇ ਕੀ ਉਦੇਸ਼ ਹਨ?
ਉੱਤਰ:-1. ਆਰਥਿਕਵਿਕਾਸ 2. ਕੀਮਤਾਂ ਨੂੰ ਸਥਿਰ ਰੱਖਣਾ 3. ਪੂਰਨ ਰੁਜਗਾਰ ਪੈਦਾ ਕਰਨਾ 4. ਆਰਥਿਕ ਸਮਾਨਤਾ ਪੈਦਾ ਕਰਨਾ

41. ਪ੍ਰਸ਼ਨ:-ਵਿਦੇਸ਼ੀ ਸਹਾਇਤਾ ਤੋਂ ਕੀ ਭਾਵ ਹੈ?
ਉੱਤਰ:- ਕਿਸੇ ਦੇਸ਼ ਵਿੱਚ ਅੰਤਰ ਰਾਸ਼ਟਰੀ ਸੰਸਥਾਵਾਂ,ਵਿਦੇਸ਼ੀ ਵਪਾਰ ਸੰਗਠਨਾਂ,ਵਿਦੇਸ਼ੀ ਬੈਂਕ, ਵਿਦੇਸ਼ੀ ਨਿੱਜੀ ਵਿਅਕਤੀਆਂ ਅਤੇ ਵਿਦੇਸ਼ੀ ਸਰਕਾਰਾਂ ਦੁਆਰਾ ਕੀਤੇ ਗਏ ਪੂੰਜੀ ਨਿਵੇਸ਼ ਅਤੇ ਅਨੁਦਾਨ ਨੂੰ ਵਿਦੇਸ਼ ਸਹਾਇਤਾ ਕਹਿੰਦੇ ਹਨ।

42. ਪ੍ਰਸ਼ਨ:-ਸਰਵਜਨਕ ਖਰਚੇ ਕਿੰਨੀ ਕਿਸਮ ਦੇ ਹੁੰਦੇ ਹਨ।
ਉੱਤਰ:-ਚਾਰ ਕਿਸਮ ਦੇ

1. ਸਰਵਜਨਕ ਕੰਮ ਜਿਵੇਂ ਸੜਕਾਂ,ਪੁਲਾਂ ਉੱਤੇ ਕੀਤੇ ਜਾਣ ਵਾਲੇ ਖਰਚ।
2. ਸਰਵਜਨਕ ਕਲਿਆਣ ਦੇ ਕੰਮ ਜਿਵੇਂ ਸਿੱਖਿਆ ਅਤੇ ਸਿਹਤ ਤੇ ਕੀਤੇ ਜਾਣ ਵਾਲੇ ਖਰਚ।
3. ਦੇਸ਼ ਦੀ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਵਾਲੇ ਕੰਮ ਜਿਵੇਂ ਪੁਲਿਸ, ਫੌਜ, ਜੇਲਾਂ ਆਦਿ ਉੱਪਰ ਕੀਤੇ ਜਾਣ ਵਾਲੇ ਖਰਚੇ।
4. ਉਤਪਾਦਕਾਂ ਨੂੰ ਉਤਪਾਦਨ ਅਤੇ ਨਿਰਯਾਤ ਵਧਾਉਣ ਲਈ ਦਿੱਤੀ ਜਾਣ ਵਾਲੀ ਆਰਥਿਕ ਸਹਾਇਤਾ ਲਈ ਕੀਤੇ ਗਏ ਖਰਚ

# ਪਾਠ–2 ( ਭਾਰਤੀ ਅਰਥ ਵਿਵਸਥਾ ਦੀ ਅਧਾਰਿਕ ਸੰਰਚਨਾ)

## ਬਹੁ–ਵਿਲਕਪੀ ਉੱਤਰਾਂ ਵਾਲੇ ਪ੍ਰਸ਼ਨ

1. ਪ੍ਰਸ਼ਨਃ–ਭਾਰਤ ਦਾ ਕੇਂਦਰੀ ਬੈਂਕ ਕਿਹੜਾ ਹੈ?

    (ੳ) ਸਟੇਟ ਬੈਂਕ ਆਫ ਇੰਡੀਆ  (ੲ) ਇੰਡੀਅਨ ਓਵਰਸੀਜ਼

    (ਅ) ਭਾਰਤੀ ਰਿਜ਼ਰਵ ਬੈਂਕ  (ਸ) ਯੂਨੀਅਨ ਬੈਂਕ ਆਫ ਇੰਡੀਆ

    ਉੱਤਰਃ–(ਅ) ਭਾਰਤੀ ਰਿਜ਼ਰਵ ਬੈਂਕ

2. ਪ੍ਰਸ਼ਨਃ–ਸੰਚਾਰ ਦਾ ਮੁੱਖ ਸਾਧਨ ਦੱਸੋ।

    (ੳ) ਟੈਲੀਫੋਨ  (ੲ) ਨਹਿਰਾਂ

    (ਅ) ਖ਼ੂਹ  (ਸ) ਰੇਲਵੇ

    ਉੱਤਰਃ–(ੳ)ਟੈਲੀਫੋਨ

3. ਪ੍ਰਸ਼ਨਃ–ਸਿੰਚਾਈ ਦਾ ਮੁੱਖ ਸਾਧਨ ਦੱਸੋ।

    (ੳ) ਰੇਲਵੇ  (ੲ) ਟਿਊਬਵੈਲ

    (ਅ) ਟੈਲੀਫੋਨ  (ਸ) ਹਵਾਈ ਜਹਾਜ

    ਉੱਤਰਃ–(ੳ) ਟਿਊਬਵੈਲ

4. ਪ੍ਰਸ਼ਨਃ–ਭਾਰਤੀ ਰਿਜ਼ਰਵ ਬੈਂਕ ਦੀ ਸਥਾਪਨਾ ਕਦੋਂ ਹੋਈ?

    (ੳ) 1935  (ੲ) 1666

    (ਅ)1966  (ਸ) 2018

    ਉੱਤਰਃ–(ੳ)1935

**ਖਾਲੀ ਥਾਵਾਂ ਭਰੋਃ–**

5. ਪ੍ਰਸ਼ਨਃ– ਮਨੁੱਖ ਆਪਣੀਆਂ ਲੋੜਾਂ ਦੀ ਸੰਤੁਸ਼ਟੀ ਕਰਨ ਲਈ ਵਸਤਾਂ ਨਹੀਂ------------ਦੀ ਮੰਗ ਕਰਦਾ ਹੈ।

    (ੳ) ਸੇਵਾਵਾਂ  (ਅ)ਚੀਜਾਂ

    ਉੱਤਰਃ– ਸੇਵਾਵਾਂ

6. ਪ੍ਰਸ਼ਨ ঃ– ਜਦੋਂ ਅਸੀਂ ਕਿਸੇ ਵਸਤੂ ਦਾ ਉਪਭੋਗ ਕਰਦੇ ਹਾਂ ਤਾ ਅਸੀ-----ਬਣ ਜਾਂਦੇ ਹਾਂ।

    (ੳ) ਉਤਪਾਦਨ  (ਅ) ਉਪਭੋਗਤਾ

    ਉੱਤਰਃ–(ਅ)ਉਪਭੋਗਤਾ

7. ਭਾਰਤ ਵਿੱਚ ਪਹਿਲੀ ਰੇਲਵੇ ਲਾਈਨ ਥਾਨੇ ਤੋਂ ----------- ਤੱਕ ਬਣਾਈ ਗਈ।

    (ੳ) ਮੁੰਬਈ  (ਅ)ਕਲਕੱਤਾ

    ਉੱਤਰਃ–(ੳ) ਮੁੰਬਈ।

8. ਪ੍ਰਸ਼ਨਃ– ਜਿੱਥੇ ਸ਼ੇਅਰ ਖਰੀਦੇ ਅਤੇ ਵੇਚੇ ਜਾਂਦੇ ਹਨਨੂੰ-----------ਕਹਿੰਦੇ ਹਨ।

    (ੳ) ਸਟਾਕ ਐਕਸਚੇਂਜ  (ਅ) ਭਾਰਤੀ ਰਿਜ਼ਰਵ ਬੈਂਕ

    ਉੱਤਰਃ–(ੳ)ਸਟਾਕ ਐਕਸਚੇਂਜ

9. ਪ੍ਰਸ਼ਨ:- --------ਭਾਰਤ ਦਾ ਕੇਂਦਰੀ ਬੈਂਕ ਹੈ।

(ੳ) SBI (ਅ) RBI

ਉੱਤਰ:-(ਅ) RBI

## ਸਹੀ- ਗਲਤ

10. ਪ੍ਰਸ਼ਨ:- ਭਾਖੜਾ ਨੰਗਲ ਯੋਜਨਾ ਭਾਰਤ ਦੀ ਬਹੁਉਦੇਸ਼ੀ ਯੋਜਨਾ ਹੈ।

ਉੱਤਰ:- (✓)

11. ਪ੍ਰਸ਼ਨ:- ਸ਼ਾਹੂਕਾਰ ਬਹੁਤ ਘੱਟ ਵਿਆਜ ਲੈਂਦੇ ਹਨ।

ਉੱਤਰ:- (×)

12. ਪ੍ਰਸ਼ਨ:- ਤਾਪ ਬਿਜਲੀ (ਥਰਮਲ ਪਾਵਰ) ਵਹਿ ਰਹੀਆਂ ਨਦੀਆਂ ਤੇ ਡੈਮ ਬਣਾ ਕੇ ਪੈਂਦਾ ਕੀਤੀ ਜਾਂਦੀ ਹੈ।

ਉੱਤਰ:- (×)

13. ਪ੍ਰਸ਼ਨ:- ਦੇਸ਼ ਵਿੱਚ 15 ਮਾਰਚ ਤੋਂ 21 ਮਾਰਚ ਤੱਕ ਉਪਭੋਗਤਾ ਹਫਤਾ ਮਨਾਇਆ ਜਾਂਦਾ ਹੈ।

ਉੱਤਰ:- (✓)

## ਸਹੀ ਮਿਲਾਨ ਕਰੋ।

14. ਪ੍ਰਸ਼ਨ:-

| | |
|---|---|
| ਭਾਰਤੀ ਰਿਜ਼ਰਵ ਬੈਂਕ ਦੀ ਸਥਾਪਨਾ | 1986 |
| ਰਾਸ਼ਟਰੀ ਖੇਤੀ ਅਤੇ ਗ੍ਰਮੀਣ ਵਿਕਾਸ ਬੈਂਕ NABARD ਦੀ ਸਥਾਪਨਾ | 1969 |
| ਭਾਰਤੀ ਉਪਭੋਗਤਾ ਸੰਰਖਣ ਕਾਨੂੰਨ | 1982 |
| ਭਾਰਤੀ ਬੈਂਕ ਦਾ ਪਹਿਲਾ ਰਾਸ਼ਟਰੀ ਕਰਨ | 1935 |

ਉੱਤਰ:-

| | |
|---|---|
| ਭਾਰਤੀ ਰਿਜ਼ਰਵ ਬੈਂਕ ਦੀ ਸਥਾਪਨਾ | 1935 |
| ਰਾਸ਼ਟਰੀ ਖੇਤੀ ਅਤੇ ਗ੍ਰਮੀਣ ਵਿਕਾਸ ਬੈਂਕ NABARD ਦੀ ਸਥਾਪਨਾ | 1982 |
| ਭਾਰਤੀ ਉਪਭੋਗਤਾ ਸੰਰਖਣ ਕਾਨੂੰਨ | 1986 |
| ਭਾਰਤੀ ਬੈਂਕ ਦਾ ਪਹਿਲਾ ਰਾਸ਼ਟਰੀ ਕਰਨ | 1969 |

15. ਪ੍ਰਸ਼ਨ:-

| | |
|---|---|
| ਟੈਲੀਫੋਨ | ਰੇਲਵੇ ਯਾਤਾਯਾਤ |
| ਟਿਊਬਵੈਲ | ਸੜਕ ਯਾਤਾਯਾਤ |
| ਰੇਲ ਗੱਡੀ | ਹਵਾਈ ਯਾਤਾਯਾਤ |
| ਕਾਰ | ਸਮੁੰਦਰੀ ਯਾਤਾਯਾਤ |
| ਸਮੁੰਦਰੀ ਜਹਾਜ | ਸੰਚਾਰ ਦਾ ਸਾਧਨ |
| ਹਵਾਈ ਜਹਾਜ | ਸਿੰਚਾਈ ਦਾ ਸਾਧਨ |

ਉੱਤਰ:-

| | |
|---|---|
| ਟੈਲੀਫੋਨ | ਸੰਚਾਰ ਦਾ ਸਾਧਨ |
| ਟਿਊਬਵੈਲ | ਸਿੰਚਾਈ ਦਾ ਸਾਧਨ |
| ਰੇਲ ਗੱਡੀ | ਰੇਲਵੇ ਯਾਤਾਯਾਤ |
| ਕਾਰ | ਸੜਕ ਯਾਤਾਯਾਤ |
| ਹਵਾਈ ਜਹਾਜ | ਹਵਾਈ ਯਾਤਾਯਾਤ |
| ਸਮੁੰਦਰੀ ਜਹਾਜ | ਸਮੁੰਦਰੀ ਯਾਤਾਯਾਤ |

## ਇੱਕ ਲਾਈਨ ਵਾਲੇ ਪ੍ਰਸ਼ਨ

16. ਪ੍ਰਸ਼ਨः-ਉਪਭੋਗਤਾ ਕੌਣ ਹੁੰਦਾ ਹੈ?
ਉੱਤਰः-ਉਹ ਮਨੁੱਖ ਜੋ ਉਤਪਾਦਿਤ ਕੀਤੀਆਂ ਵਸਤੂਆਂ ਅਤੇ ਸੇਵਾਵਾਂ ਦਾ ਪ੍ਰਯੋਗ ਕਰਕੇ ਆਪਣੀ ਲੋੜਾਂ ਦੀ ਸੰਤੁਸ਼ਟੀ ਕਰਦਾ ਹੈ ਉਪਭੋਗਤਾ ਅਖਵਾਉਦਾ ਹੈ।

17. ਪ੍ਰਸ਼ਨः-ਆਧਾਰਿਕ ਸੰਰਚਨਾ ਤੋਂ ਕੀ ਭਾਵ ਹੈ?
ਉੱਤਰः-ਆਧਾਰਿਕ ਸੰਰਚਨਾ ਤੋਂ ਭਾਵ ਉਹਨਾਂ ਸੁਵਿਧਾਵਾਂ ਅਤੇ ਸੇਵਾਵਾਂ ਤੋਂ ਜੋ ਹੋਰਨਾਂ ਖੇਤਰਾਂ ਦੇ ਸੰਚਾਲਨ ਅਤੇ ਵਿਕਾਸ ਵਿੱਚ ਸਹਾਇਕ ਹੁੰਦੀਆਂ ਹਨ।

18. ਪ੍ਰਸ਼ਨः-ਭਾਰਤ ਵਿੱਚ ਆਰਥਿਕ ਸੰਰਚਨਾ ਦਾ ਇੱਕ ਤੱਤ ਦੱਸੋ।
ਉੱਤਰः-ਸਿੰਚਾਈ ਜਾਂ ਯਾਤਾਜਾਤ ਜਾਂ ਸੰਚਾਰ ਜਾਂ ਬਿਜਲੀ ਸੰਸਥਾਵਾਂ ਸ਼ਕਤੀ ਜਾਂ ਬੈਂਕਿੰਗ

19. ਪ੍ਰਸ਼ਨः-ਭਾਰਤ ਵਿੱਚ ਆਵਾਜਾਈ ਦੇ ਮੁੱਖ ਸਾਧਨ ਦੱਸੋ।
ਉੱਤਰः-1. ਰੇਲਵੇ
2. ਸੜਕ ਯਾਤਾਯਾਤ
3. ਜਲ ਯਾਤਾਯਾਤ
4. ਹਵਾਈ ਯਾਤਾਯਾਤ

20. ਪ੍ਰਸ਼ਨः- ਸੰਚਾਰ ਦੇ ਮੁੱਖ ਸਾਧਨ ਦੱਸੋ।
ਉੱਤਰः-1. ਡਾਕ 2. ਟੈਲੀਫੋਨ 3. ਰੇਡੀਓ 4. ਫੈਕਸ 6. ਸਿਨੇਮਾ 7. ਅਖ਼ਬਾਰ 8. ਰਸਾਲੇ

21. ਪ੍ਰਸ਼ਨः-ਭਾਰਤ ਵਿੱਚ ਸਿੰਚਾਈ ਦੇ ਮੁੱਖ ਸਾਧਨ ਦੱਸੋ।
ਉੱਤਰः-1. ਖੂਹ 2. ਟਿਊਬਵੈਲ 3. ਤਾਲਾਬ 4. ਨਹਿਰਾਂ 5. ਵਰਖਾ

22. ਪ੍ਰਸ਼ਨ:-ਭਾਰਤ ਵਿੱਚ ਬਿਜਲੀ ਦੇ ਮੁੱਖ ਸਾਧਨ ਕਿਹੜੇ ਹਨ ?
ਉੱਤਰ:-1. ਤਾਪ ਬਿਜਲੀ 2. ਜਲ ਬਿਜਲੀ 3. ਪ੍ਰਮਾਣੂ ਬਿਜਲੀ
23. ਪ੍ਰਸ਼ਨ:-ਸਾਲ 1969 ਵਿੱਚ ਕਿੰਨੇ ਬੈਂਕਾਂ ਦਾ ਰਾਸ਼ਟਰੀਕਰਣ ਕੀਤਾ ਗਿਆ?
ਉੱਤਰ:-14
24. ਪ੍ਰਸ਼ਨ:-ਬੈਂਕਾਂ ਦੇ ਰਾਸ਼ਟਰੀਕਰਣ ਦਾ ਕੀ ਅਰਥ ਹੈ?
ਉੱਤਰ:- ਬੈਂਕਾਂ ਦੇ ਰਾਸ਼ਟਰੀਕਰਣ ਦਾ ਅਰਥ ਹੈ ਕਿ ਦੇਸ਼ ਦੀ ਸਰਕਾਰ ਨਿੱਜੀ ਵਪਾਰਕ ਬੈਂਕਾਂ ਦੀ ਮਾਲਕ ਬਣ ਜਾਂਦੀ ਹੈ।
25. ਪ੍ਰਸ਼ਨ:-ਸਟਾਕ ਐਕਸਚੇਂਜ ਕੀ ਹੈ?
ਉੱਤਰ:- ਉਹ ਸਥਾਨ ਜਿੱਥੇ ਸੇਅਰ ਅਤੇ ਡਿਬੈਂਚਰ (ਸਾਖ ਪੱਤਰ) ਖਰੀਦੇ ਅਤੇ ਵੇਚੇ ਜਾਂਦੇ ਹਨ।
26. ਪ੍ਰਸ਼ਨ:-ਵਪਾਰਕ ਬੈਂਕ ਕਿਹੜੇ ਹੁੰਦੇ ਹਨ?
ਉੱਤਰ:- ਉਹ ਬੈਂਕ ਜੋ ਆਮ ਤੌਰ ਤੇ ਘੱਟ ਸਮੇਂ ਦਾ ਕਰਜਾ ਦਿੰਦੇ ਹਨ।
27. ਪ੍ਰਸ਼ਨ:-ਵਸ਼ਿਸ਼ਟ ਬੈਂਕਿੰਗ ਸੰਸਥਾਵਾਂ ਕਿਸਨੂੰ ਕਿਹਾ ਜਾਂਦਾ ਹੈ?
ਉੱਤਰ:-ਅਜ਼ਾਦੀ ਪਿੱਛੋਂ ਦੇਸ਼ ਵਿਚ ਉਦਯੋਗਾਂ, ਖੇਤੀਬਾੜੀ ਵਿਦੇਸ਼ੀ ਵਪਾਰ ਨੂੰ ਲੰਬੇ ਸਮੇਂ ਲਈ ਕਰਜੇ ਦੇਣ ਲਈ ਕਈ ਸੰਸਥਾਵਾਂ ਦੀ ਸਥਾਪਨਾ ਕੀਤੀ ਗਈ ਜਿਨ੍ਹਾਂ ਨੂੰ ਵਸ਼ਿਸ਼ਟ ਬੈਂਕਿੰਗ ਸੰਸਥਾਵਾਂ ਕਿਹਾ ਜਾਂਦਾ ਹੈ।
28. ਪ੍ਰਸ਼ਨ:-ਭਾਰਤ ਦੀਆਂ ਮੁੱਖ ਬਹੁ-ਪੱਖੀ ਯੋਜਨਾਵਾਂ ਦੇ ਨਾਂ ਦੱਸੋ?
ਉੱਤਰ:-1. ਭਾਖੜਾ ਨੰਗਲ ਯੋਜਨਾ
2.ਦਮੋਦਰ ਘਾਟੀ ਯੋਜਨਾ
29. ਪ੍ਰਸ਼ਨ:-ਬਹੁ-ਮੁੱਖੀ ਯੋਜਨਾ ਕਿਸਨੂੰ ਕਹਿੰਦੇ ਹਨ?
ਉੱਤਰ:- ਬਹੁਮੁੱਖੀ ਯੋਜਨਾ ਉਸ ਯੋਜਨਾ ਨੂੰ ਕਹਿੰਦੇ ਹਨ ਜਿਸ ਦੀ ਸਥਾਪਨਾ ਸਿੰਚਾਈ,ਬਿਜਲੀ ਉਤਪਾਦਨ, ਹੜ੍ਹਾਂ ਤੇ ਕੰਟਰੋਲ ਆਦਿ ਕਈ ਉਦੇਸ਼ਾਂ ਲਈ ਕੀਤੀ ਜਾਂਦੀ ਹੈ।
30. ਪ੍ਰਸ਼ਨ:- ਹਵਾਈ ਯਾਤਾਯਾਤ ਲਈ ਭਾਰਤ ਵਿੱਚ ਸਰਵਜਨਕ ਖੇਤਰ ਦੀਆਂ ਕੰਪਨੀਆਂ ਦੇ ਨਾਂ ਲਿਖੋ?
ਉੱਤਰ:-1. ਇੰਡੀਅਨ ਏਅਰ ਲਾਈਨਜ਼ ਕਾਰਪੋਰੇਸ਼ਨ
2. ਏਅਰ ਇੰਡੀਆ ਕਾਰਪੋਰੇਸ਼ਨ
3. ਵਾਯੂਦੂਤ
31. ਪ੍ਰਸ਼ਨ:-ਸਮੁੰਦਰੀ ਯਾਤਾਯਾਤ ਲਈ ਭਾਰਤ ਵਿੱਚ ਸਰਵਜਨਕ ਖੇਤਰ ਦੀਆਂ ਕੰਪਨੀਆਂ ਦੇ ਨਾ ਲਿਖੋ?
ਉੱਤਰ:-ਭਾਰਤੀ ਸ਼ਿਪਿੰਗ ਨਿਗਮ
2. ਮੁਗਲ ਲਾਈਨ
32. ਪ੍ਰਸ਼ਨ:-ਸਿੰਚਾਈ ਤੋਂ ਕੀ ਭਾਵ ਹੈ?
ਉੱਤਰ:- ਖੇਤੀਬਾੜੀ ਯੋਗ ਭੂਮੀ ਨੂੰ ਲੋੜੀਂਦਾ ਪਾਣੀ ਪ੍ਰਦਾਨ ਕਰਨਾ
33. ਪ੍ਰਸ਼ਨ:-ਆਵਾਜਾਈ ਪ੍ਰਣਾਲੀ ਤੋਂ ਕੀ ਭਾਵ ਹੈ?
ਉੱਤਰ:- ਆਵਾਜ਼ਾਈ ਤੋਂ ਭਾਵ ਉਹਨਾਂ ਵੱਖ ਵੱਖ ਸਾਧਨਾ ਤੋਂ ਹੈ ਜੋ ਲੋਕਾਂ ਅਤੇ ਵਸਤੂਆਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਤੇ ਲਿਆਉਂਦੇ ਅਤੇ ਲੈ ਕੇ ਜਾਂਦੇ ਹਨ।

34. ਪ੍ਰਸ਼ਨਃ-ਉਪਭੋਗਤਾ ਸੰਰਖਣ ਤੋਂ ਕੀ ਭਾਵ ਹੈ?
ਉੱਤਰਃ-ਉਪਭੋਗਤਾ ਸੰਰਖਣ ਤੋਂ ਭਾਵ ਉਪਭੋਗਤਾ ਵਸਤੂਆਂ ਦੇ ਖਰੀਦਦਾਰਾਂ ਦੀ ਉਤਪਾਦਕਾਂ ਦੇ ਅਨੁਚਿਤ ਵਪਾਰ ਵਿਹਾਰ ਦੇ ਸਿੱਟੇ ਵੱਜੋ ਹੋਣ ਵਾਲੇ ਸੋਸਣ ਤੋਂ ਸੁਰੱਖਿਆ ਕਰਨਾ ਹੈ।

35. ਪ੍ਰਸ਼ਨਃ-ਉਪਭੋਗਤਾ ਸੰਰਖਣ ਕਾਨੂੰਨ ਕਦੋਂ ਪਾਸ ਕੀਤਾ ਗਿਆ?
ਉੱਤਰਃ- 1986 ਵਿੱਚ

36. ਪ੍ਰਸ਼ਨਃ-ਸਰਵਜਨਕ ਵੰਡ ਪ੍ਰਣਾਲੀ ਕੀ ਹੈ?
ਉੱਤਰਃ- ਇਹ ਇੱਕ ਅਜਿਹੀ ਪ੍ਰਣਾਲੀ ਹੈ ਜਿਸਦੇ ਦੁਆਰਾ ਸਰਕਾਰ ਜਨਤਾ ਖਾਸ ਕਰ ਗਰੀਬ ਵਰਗ ਦੇ ਲੋਕਾਂ ਨੂੰ ਉਚਿਤ ਮੁੱਲ ਦੀਆਂ ਦੁਕਾਨਾ ਰਾਹੀ ਜੀਵਨ ਦੀਆਂ ਲੋੜੀਂਦੀਆਂ ਵਸਤਾਂ ਦੀ ਵੰਡ ਕਰਦੀ ਹੈ।

## ਚਾਰ ਅੰਕਾਂ ਵਾਲੇ ਪ੍ਰਸ਼ਨ

37. ਪ੍ਰਸ਼ਨ:- ਭਾਰਤੀ ਰਿਜ਼ਰਵ ਬੈਂਕ ਤੇ ਨੋਟ ਲਿਖੋ।
ਉੱਤਰ:-ਇਹ ਭਾਰਤ ਦਾ ਕੇਂਦਰੀ ਬੈਂਕ ਹੈ। ਇਸ ਦੀ ਸਥਾਪਨਾ 1935 ਵਿੱਚ ਕੀਤੀ ਗਈ ਸੀ। ਇਸ ਦਾ ਮੁੱਖ ਦਫ਼ਤਰ ਮੁੰਬਈ ਵਿਖੇ ਸਥਿਤ ਹੈ । ਇਸ ਦਾ ਮੁੱਖ ਕੰਮ ਨੋਟ ਜਾਰੀ ਕਰਨਾ,ਸਰਕਾਰੀ ਬੈਂਕਾਂ ਦਾ ਬੈਂਕਰ ਹੋਣਾ,ਬੈਕਿੰਗ ਪ੍ਰਣਾਲੀ ਨੂੰ ਨਿਯਮਤ ਕਰਨਾ ਹੈ।

38. ਪ੍ਰਸ਼ਨ:-ਭਾਰਤ ਦੀਆ ਵਿਤੀ (ਮੌਦਰਿਕ) ਸੰਸਥਾਵਾਂ ਕਿਹੜੀਆਂ ਕਿਹੜੀਆਂ ਹਨ?
ਉੱਤਰ:-1. ਸ਼ਾਹੂਕਾਰ 2. ਭਾਰਤੀ ਰਿਜਰਵ ਬੈਂਕ 3. ਵਸਿਸਟ ਬੈਂਕਿੰਗ ਸੰਸਥਾਵਾਂ 4.ਵਪਾਰਿਕ ਬੈਂਕ 5. ਗੈਰ-ਬੈਂਕਿੰਗ ਵਿੱਤੀ ਸੰਸਥਾਵਾਂ 6. ਸਟਾਕ ਐਕਸਚੇਂਜ

## ਛੇ ਅੰਕਾਂ ਵਾਲੇ ਪ੍ਰਸ਼ਨ

39. ਪ੍ਰਸ਼ਨ:-ਭਾਰਤ ਦੀਆਂ ਬਹੁਪੱਖੀ ਯੋਜਨਾਵਾਂ ਦੇ ਲਾਭ ਦੱਸੋ।
ਉੱਤਰ:-1. ਇਸ ਨਾਲ ਇੱਕਠੇ ਕੀਤੇ ਪਾਣੀ ਨੂੰ ਸਾਰਾ ਸਾਲ ਨਹਿਰਾਂ ਅਤੇ ਨਾਲਿਆ ਦੀ ਸਹਾਇਤਾ ਨਾਲ ਸਿੰਚਾਈ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ।
2. ਪਾਣੀ ਨੂੰ ਉਚਾਈ ਤੋਂ ਹੇਠਾ ਸੁੱਟ ਕੇ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ।
3. ਨਦੀਆਂ ਉੱਤੇ ਬੰਨ ਬਨਾ ਕੇ ਹੜ੍ਹਾਂ ਨੂੰ ਰੋਕਿਆਂ ਜਾ ਸਕਦਾ ਹੈ।

# ਪਾਠ-3 ਭਾਰਤ ਵਿੱਚ ਖੇਤੀਬਾੜੀ ਦਾ ਵਿਕਾਸ

## ਬਹੁ-ਵਿਕਲਪੀ ਪ੍ਰਸ਼ਨ

1. ਪ੍ਰਸ਼ਨ:-ਖੇਤੀਬਾੜੀ ਨੂੰ ਅੰਗਰੇਜ਼ੀ ਵਿੱਚ ਕੀ ਕਹਿੰਦੇ ਹਨ?

   (ੳ) Agriculture ਐਗਰੀਕਲਚਰ (ਅ) Floriculture ਫਲੋਰੀਕਲਚਰ

   (ੲ) Horticulture ਹੋਰਟੀਕਲਚਰ (ਸ) Forming ਫਾਰਮਿੰਗ

   ਉੱਤਰ:-(ੳ) Agriculture ਐਗਰੀਕਲਚਰ

2. ਪ੍ਰਸ਼ਨ:- ਭਾਰਤ ਵਿੱਚ ਰੋਜਗਾਰ ਦਾ ਮੁੱਖ ਸਾਧਨ ਕੀ ਹੈ?

   (ੳ) ਵਪਾਰ (ਅ) ਦੁਕਾਨਦਾਰੀ

   (ੲ) ਖੇਤੀਬਾੜੀ (ਸ) ਨੌਕਰੀ

   ਉੱਤਰ:-(ੳ) ਖੇਤੀਬਾੜੀ

3. ਪ੍ਰਸ਼ਨ:- ਕਿਹੜਾ ਦੇਸ਼ ਦਾਲਾਂ ਦਾ ਸਭ ਤੋਂ ਵੱਡਾ ਉਤਪਾਦਕ ਹੈ?

   (ੳ) ਭਾਰਤ (ਅ) ਸ੍ਰੀਲੰਕਾ

   (ੲ) ਪਾਕਿਸਤਾਨ (ਸ) ਅਰਮੀਕਾ

   ਉੱਤਰ:- ਭਾਰਤ

4. ਪ੍ਰਸ਼ਨ:-ਭਾਰਤ ਵਿੱਚ ਕਿਹੜੀ ਕ੍ਰਾਂਤੀਨੇ ਖੇਤੀਬਾੜੀ ਨੂੰ ਬਹੁਤ ਪ੍ਰਭਾਵਿਤ ਕੀਤਾ?

   (ੳ) ਚਿੱਟੀ ਕ੍ਰਾਂਤੀ (ਅ) ਹਰੀ ਕ੍ਰਾਂਤੀ

   (ੲ) ਨੀਲੀ ਕ੍ਰਾਂਤੀ (ਸ) ਪੀਲੀ ਕ੍ਰਾਂਤੀ

   ਉੱਤਰ:- ਹਰੀ ਕ੍ਰਾਂਤੀ

5. ਪ੍ਰਸ਼ਨ:-ਭਾਰਤ ਦੀ ਰਾਸ਼ਟਰੀ ਆਮਦਨ ਦਾ ਕਿੰਨੇ ਪ੍ਰਤੀਸ਼ਤ ਹਿੱਸਾ ਖੇਤੀ ਅਤੇ ਵਣਾਂ ਆਦਿ ਪ੍ਰਾਥਮਿਕ ਕਿਰਿਆਵਾਂ ਤੋਂ ਪ੍ਰਾਪਤ ਹੁੰਦਾ ਹੈ?

   (ੳ) 1● (ਅ) 4●

   (ੲ) 2● (ਸ) 5●

   ਉੱਤਰ:-4●

## ਖਾਲੀ ਥਾਂ ਭਰੋ

6. ਪ੍ਰਸ਼ਨ:-ਭਾਰਤ ਵਿੱਚ ਹਰੀ ਕ੍ਰਾਂਤੀ ਦੀ ਸ਼ੁਰੂਆਤ----------ਵਿੱਚ ਹੋਈ।

   (ੳ) 1968 (ਅ) 196●

   ਉੱਤਰ:-1968

7. ਪ੍ਰਸ਼ਨ:-ਹਰੀ ਕ੍ਰਾਂਤੀ ਸ਼ਬਦ ਵਿੱਚ ਹਰੀ ਦਾ ਅਰਥ----------- ਹੈ।

   (ੳ) ਹਰਿਆਲੀ (ਅ) ਹਰੀ ਫਸਲ

   ਉੱਤਰ:- ਹਰਿਆਲੀ

8. ਪ੍ਰਸ਼ਨ:-ਫਸਲਾਂ ਨੂੰ ਉਗਾਉਣ ਦੀ ਕਲਾ ਅਤੇ ਵਿਗਿਆਨ ਨੂੰ--------------- ਕਹਿੰਦੇ ਹਨ।

   (ੳ) ਖੇਤੀ ਬਾੜੀ (ਅ) ਨਿਰਮਾਣ

   ਉੱਤਰ:-ਖੇਤੀ ਬਾੜੀ

9. ਪ੍ਰਸ਼ਨਃ-----------ਦਾਲਾਂ ਦਾ ਸਭ ਤੋਂ ਵੱਡਾ ਉਦਪਾਦਕ ਦੇਸ਼ ਹੈ।

(ੳ) ਭਾਰਤ (ਅ) ਅਮਰੀਕਾ

ਉੱਤਰਃ-ਭਾਰਤ

10. ਪ੍ਰਸ਼ਨਃ-ਭਾਰਤ ਵਿੱਚ ਸਿਚਾਈ ਦਾ ਮੁੱਖ ਸਾਧਨ--------ਹੈ।

(ੳ) ਟਿਊਬਵੈਲ (ਅ) ਖੂਹ

ਉੱਤਰਃ-ਟਿਊਬਵੈਲ

## ਸਹੀ-ਗਲਤ

11. ਪ੍ਰਸ਼ਨ:-ਫਸਲਾਂ ਨੂੰ ਉਗਾਉਣ ਦੀ ਕਲਾ ਅਤੇ ਵਿਗਿਆਨ ਨੂੰ ਖੇਤੀਬਾੜੀ ਕਹਿੰਦੇ ਹਨ।
    ਉੱਤਰ:-(✓ )
12. ਪ੍ਰਸ਼ਨ:-ਅਮਰੀਕਾ ਦਾਲਾਂ ਦਾ ਸਭ ਤੋਂ ਵੱਡਾ ਉਤਪਾਦਕ ਦੇਸ਼ ਹੈ।
    ਉੱਤਰ:-(×)
13. ਪ੍ਰਸ਼ਨ:-ਭਾਰਤ ਵਿੱਚ 1965 ਵਿੱਚ ਹਰੀ ਕ੍ਰਾਂਤੀ ਆਈ।
    ਉੱਤਰ:-(×)
14. ਪ੍ਰਸ਼ਨ:-ਭਾਰਤ ਵਿੱਚ 49 ਪ੍ਰਤੀਸ਼ਤ ਜੰਨਸੰਖਿਆ ਜੀਵਿਕਾ ਲਈ ਖੇਤੀਬਾੜੀ ਤੇ ਨਿਰਭਰ ਕਰਦੀ ਹੈ।
    ਉੱਤਰ:-(✓)
15. ਪ੍ਰਸ਼ਨ:-ਗੰਨਾ,ਤਿਲ ਅਤੇ ਪਟਸਨ ਉਦਯੋਗਾਂ ਲਈ ਕੱਚਾ ਮਾਲ ਦਾ ਕੰਮ ਕਰਦੇ ਹਨ।
    ਉੱਤਰ:-(✓)
16. ਪ੍ਰਸ਼ਨ:-ਸਹੀ ਮਿਲਾਨ ਕਰੋ

| | |
|---|---|
| ਪਹਿਲੀ ਪੰਜ ਸਾਲਾ ਯੋਜਨਾ | 1974-1978 |
| ਦੂਜੀ ਪੰਜ ਸਾਲਾ ਯੋਜਨਾ | 1951-1956 |
| ਪੰਜਵੀਂ ਪੰਜ ਸਾਲਾ ਯੋਜਨਾ | 1956-1961 |
| ਦਸਵੀਂ ਪੰਜ ਸਾਲਾ ਯੋਜਨਾ | 2012-2017 |
| ਬਾਰ੍ਹਵੀਂ ਪੰਜ ਸਾਲਾ ਯੋਜਨਾ | 2002-2007 |

ਉੱਤਰ:-

| | |
|---|---|
| ਪਹਿਲੀ ਪੰਜ ਸਾਲਾ ਯੋਜਨਾ | 1951-1956 |
| ਦੂਜੀ ਪੰਜ ਸਾਲਾ ਯੋਜਨਾ | 1956-1961 |
| ਪੰਜਵੀਂ ਪੰਜ ਸਾਲਾ ਯੋਜਨਾ | 1974-1978 |
| ਦਸਵੀਂ ਪੰਜ ਸਾਲਾ ਯੋਜਨਾ | 2002-2007 |
| ਬਾਰ੍ਹਵੀਂ ਪੰਜ ਸਾਲਾ ਯੋਜਨਾ | 2012-2017 |

## ਇੱਕ ਲਾਈਨ ਵਾਲੇ ਪ੍ਰਸ਼ਨ

17. ਪ੍ਰਸ਼ਨ:-ਖੇਤੀਬਾੜੀ ਕਿਸਨੂੰ ਕਹਿੰਦੇ ਹਨ?
    ਉੱਤਰ:-ਫਸਲਾਂ ਨੂੰ ਉਗਾਉਣ ਦੀ ਕਲਾ ਅਤੇ ਵਿਗਿਆਨ ਨੂੰ ਖੇਤੀਬਾੜੀ ਕਹਿੰਦੇ ਹਨ।
18. ਪ੍ਰਸ਼ਨ:-ਭਾਰਤੀ ਖੇਤੀਬਾੜੀ ਦੀਆਂ ਮੁੱਖ ਸਮੱਸਿਆਵਾਂ ਕਿਹੜੀਆਂ ਹਨ?
    ਉੱਤਰ:-1. ਮਨੁੱਖੀ ਸਮੱਸਿਆਵਾਂ 2. ਸੰਸਥਾਗਤ ਸਮੱਸਿਆਵਾਂ 3. ਤਕਨੀਕੀ ਸਮੱਸਿਆਵਾਂ
19. ਪ੍ਰਸ਼ਨ:- ਭਾਰਤ ਦਾ ਕੋਈ ਇੱਕ ਭੂਮੀ ਸੁਧਾਰ ਦੱਸੋ।
    ਉੱਤਰ:-1. ਜਿੰਮੀਦਾਰੀ ਪ੍ਰਥਾ ਨੂੰ ਖਤਮ ਕਰਨਾ 2. ਕਾਸ਼ਤਕਾਰੀ ਪ੍ਰਥਾ ਵਿੱਚ ਸੁਧਾਰ ਕਰਨਾ 3.ਭੂਮੀ ਦੀਆਂ ਜੋਤਾਂ ਦੀ ਉਚਤਮ ਸੀਮਾ ਨਿਰਧਾਰਿਤ ਕਰਨਾ 4. ਚੱਕਬੰਦੀ 5. ਸਹਿਕਾਰੀ ਖੇਤੀ ਦਾ ਵਿਕਾਸ।
20. ਪ੍ਰਸ਼ਨ:-ਭਾਰਤ ਦੀ ਰਾਸ਼ਟਰੀ ਆਮਦਨ ਵਿੱਚ ਖੇਤੀ ਖੇਤਰ ਦਾ ਕੀ ਯੋਗਦਾਨ ਹੈ?
    ਉੱਤਰ:- ਭਾਰਤ ਦੀ ਰਾਸ਼ਟਰੀ ਆਮਦਨ ਵਿੱਚ ਖੇਤੀ ਖੇਤਰ ਦਾ ਯੋਗਦਾਨ ਵੱਖ ਵੱਖ ਵਰ੍ਹਿਆਂ ਵਿੱਚ ਲਗਭਗ 51% ਤੋਂ 29% ਤੱਕ ਰਿਹਾ ਅਤੇ ਇਹ ਲਗਾਤਾਰ ਘੱਟ ਹੁੰਦਾ ਜਾ ਰਿਹਾ ਹੈ।

21. ਪ੍ਰਸ਼ਨ:-ਹਰੀ ਕ੍ਰਾਂਤੀ ਤੋਂ ਕੀ ਭਾਵ ਹੈ?

ਉੱਤਰ:-ਹਰੀ ਕ੍ਰਾਂਤੀ ਤੋਂ ਭਾਵ ਖੇਤੀ ਉਦਤਾਦਨ ਵਿਸ਼ੇਸ਼ ਰੂਪ ਵਿੱਚ ਕਣਕ ਅਤੇ ਚੌਲਾਂ ਦੇ ਉਤਪਾਦਨ ਵਿਚ ਹੋਣ ਵਾਲੇ ਵਾਧੇ ਤੋਂ ਹੈ ਜੋ ਖੇਤੀਬਾੜੀ ਦੀਆਂ ਨਵੀਆ ਤਕਨੀਕਾਂ ਅਪਨਾਉਣ ਕਾਰਨ ਸੰਭਵ ਹੋਇਆ।

22. ਪ੍ਰਸ਼ਨ:- ਭਾਰਤ ਵਿੱਚ ਹਰੀ ਕ੍ਰਾਂਤੀ ਲਈ ਜ਼ਿਮੇਵਾਰ ਤੱਤ ਦੱਸੋ?

ਉੱਤਰ:-1. ਉੱਨਤ ਬੀਜ 2. ਰਸਾਇਣਿਕ ਖਾਦਾਂ ਦੀ ਵਧੇਰੇ ਵਰਤੋਂ 3. ਸਿੰਚਾਈ ਦੀਆਂ ਵੱਧ ਸਹੂਲਤਾਂ 4. ਆਧੁਨਿਕ ਖੇਤਬੀਬਾੜੀ ਮਸ਼ੀਨਰੀ ਦੀ ਵਰਤੋਂ 5. ਖੇਤੀ ਦੀ ਨਵੀ ਤਕਨੀਕ 6. ਪੇਂਡੂ ਬਿਜਲੀਕਰਣ 7. ਭੂਮੀ ਸੰਰਖਣ 8. ਵਿਕਰੀ ਸੰਬੰਧੀ ਸਹੂਲਤਾ।

23. ਪ੍ਰਸ਼ਨ:-ਹਰੀ ਕ੍ਰਾਂਤੀ ਦਾ ਦੋਸ਼ ਦੱਸੋ।

ਉੱਤਰ:-ਕੁੱਝ ਫਸਲਾਂ ਤੱਕ ਸੀਮਿਤ

24. ਪ੍ਰਸ਼ਨ:-ਭਾਰਤ ਵਿੱਚ ਹਰੀ ਕ੍ਰਾਂਤੀ ਦਾ ਕੀ ਪ੍ਰਭਾਵ ਪਿਆ?

ਉੱਤਰ:-ਕਿਸਾਨਾ ਦੀ ਦਸ਼ਾ ਵਿੱਚ ਸੁਧਾਰ ਹੋਇਆ।

25. ਪ੍ਰਸ਼ਨ:-ਭਾਰਤ ਵਿੱਚ ਖੇਤੀ ਦੇ ਪਿਛੜੇਪਨ ਦਾ ਕਾਰਨ ਦੱਸੋ?

ਉੱਤਰ:- 1. ਸਿੰਚਾਈ ਸਹੂਲਤਾ ਵਿਚ ਕਮੀ 2.ਖੇਤਾਂ ਦਾ ਛੋਟਾ ਆਕਾਰ

26. ਪ੍ਰਸ਼ਨ:-ਹਰੀ ਕ੍ਰਾਂਤੀ ਦੇ ਦੋ ਲਾਭ ਦੱਸੋ।

ਉੱਤਰ:-1. ਅਨਾਜ ਉਤਪਾਦਨ ਵਿਚ ਵਾਧਾ 2. ਕਿਸਾਨਾ ਦੇ ਜੀਵਨ ਪੱਧਰ ਵਿੱਚ ਵਾਧਾ

**ਚਾਰ ਅੰਕਾਂ ਵਾਲੇ ਪ੍ਰਸ਼ਨ**

27. ਪ੍ਰਸ਼ਨ:-ਚੱਕਬੰਦੀ ਤੋਂ ਕੀ ਭਾਵ ਹੈ?

ਉੱਤਰ:-ਚੱਕਬੰਦੀ ਉਹ ਕਿਰਿਆ ਹੈ ਜਿਸ ਰਾਹੀ ਕਿਸਾਨਾਂ ਨੂੰ ਇਸ ਗੱਲ ਲਈ ਮਨਾਇਆ ਜਾਂਦਾ ਹੈ ਕਿ ਉਹ ਆਪਣੇ ਇਧਰ-ਉਧਰ ਦੇ ਖੇਤਾਂ ਦੇ ਬਦਲੇ ਵਿੱਚ ਉਸ ਕਿਸਮ ਦੇ ਕੁੱਲ ਉੱਨੇ ਹੀ ਖੇਤ ਇਕ ਥਾਂ ਤੇ ਲੈਣ।

28. ਪ੍ਰਸ਼ਨ:- ਪਹਿਲੀ ਪੰਜ ਸਾਲ ਯੋਜਨਾ (1951-56) ਵਿੱਚ ਭਾਰਤ ਵਿੱਚ ਖੇਤੀ ਤੇ ਕਿੰਨਾ ਖਰਚ ਕੀਤਾ ਤੇ ਇਸਦਾ ਕੀ ਲਾਭ ਹੋਇਆ?

ਉੱਤਰ:-ਪਹਿਲੀ ਪੰਜ ਸਾਲਾ ਯੋਜਨਾ ਦੌਰਾਨ ਖੇਤੀ ਦੇ ਵਿਕਾਸ ਤੇ 29● ਕਰੋੜ ਰੁਪਏ ਖਰਚ ਕੀਤੇ ਗਏ ਅਤੇ ਅਨਾਜ ਦਾ ਉਤਪਾਦਨ ਵਧ ਕੇ 693 ਲੱਖ ਟਨ ਹੋ ਗਿਆ।

**ਛੇ ਅੰਕਾਂ ਵਾਲੇ ਪ੍ਰਸ਼ਨ**

29. ਪ੍ਰਸ਼ਨ:-ਹਰੀ ਕ੍ਰਾਂਤੀ ਭਾਰਤ ਦੀ ਅੰਨ ਸਮੱਸਿਆ ਦਾ ਹੱਲ ਕਰਨ ਵਿੱਚ ਕਿਸ ਤਰ੍ਹਾਂ ਸਹਾਇਕ ਹੋਈ।

ਉੱਤਰ:- ਹਰੀ ਕ੍ਰਾਂਤੀ ਕਾਰਨ 1967-68 ਅਤੇ ਇਸ ਤੋਂ ਬਾਅਦ ਦੇ ਸਾਲਾਂ ਵਿੱਚ ਫਸਲਾਂ ਦੇ ਉਤਪਾਦਨ ਵਿਚ ਬੜੀ ਤੇਜੀ ਨਾਲ ਵਾਧਾ ਹੋਇਆ। ਇਸ ਨਾਲ ਪ੍ਰਤੀ ਵਿਅਕਤੀ ਅਨਾਜ ਦੀ ਉਪਲਭਤਾ ਵਿਚ ਵਾਧਾ ਹੋਇਆ। ਆਨਾਜ ਦੇ ਆਯਾਤ ਵਿਚ ਕਮੀ ਆਈ। ਇਸ ਤਰ੍ਹਾਂ ਹਰੀ ਕ੍ਰਾਂਤੀ ਕਾਫੀ ਹੱਦ ਤੱਕ ਅਨਾਜ ਦੀ ਸਮੱਸਿਆ ਨੂੰ ਹੱਲ ਕਰਨ ਵਿੱਚ ਸਹਾਇਕ ਸਿੱਧ ਹੋਈ।

30. ਪ੍ਰôਨ:-ਭਾਰਤ ਵਿੱਚ ਖੇਤੀ ਦੀ ਉਤਪਾਦਕਤਾ ਵਧਾਉਣ ਵਿੱਚ ਸਰਕਾਰ ਦਾ ਕੀ ਯੋਗਦਾਨ ਰਿਹਾ ਹੈ?

ਉੱਤਰ:- ਸਰਕਾਰ ਨੇ ਹੇਠ ਲਿਖੇ ਸੁਧਾਰ ਕਰਕੇ ਖੇਤੀ ਦੀ ਉਤਪਾਦਕਤਾ ਵਧਾਈ:-

1. ਭੂਮੀ ਸੁਧਾਰ 2. ਸਿੰਚਾਈ ਸਹੂਲਤਾਂ ਦਾ ਵਿਸਥਾਰ 3. ਵੰਡ ਪ੍ਰਣਾਲੀ ਵਿੱਚ ਸੁਧਾਰ 4. ਖੇਤੀ ਸੰਬੰਧੀ ਖੋਜ ਅਤੇ ਵਿਕਾਸ 5. ਖੇਤੀ ਯੋਗ ਭੂਮੀ ਦਾ ਵਿਕਾਸ 6. ਖੇਤੀ ਵਸਤਾ ਦੀ ਵਿਕਰੀ ਵਿੱਚ ਸੁਧਾਰ 7. ਉਚਿਤ ਖੇਤੀ

# ਮੁੱਲ ਨੀਤੀ 8. ਖੇਤੀ ਵਪਾਰ ਨੀਤੀ ਵਿੱਚ ਸੁਧਾਰ

# ਪਾਠ-4 (ਭਾਰਤ ਵਿੱਚ ਉਦਯੋਗਿਕ ਵਿਕਾਸ)

## ਬਹੁ-ਵਿਕਲਪੀ ਪ੍ਰਸ਼ਨ

1. ਪ੍ਰਸ਼ਨः-ਸਰਵਜਨਕ ਉੱਦਮ ਵਿੱਚ ਹੇਠ ਲਿਖਿਆਂ ਵਿੱਚੋਂ ਕਿਸ ਦੀ ਮਲਕੀਅਤ ਹੁੰਦੀ ਹੈ?
   (ੳ) ਸਰਕਾਰ (ਅ)ਨਿਜੀ ਖੇਤਰ
   (ੲ) ਸਰਕਾਰ ਅਤੇ ਨਿਜੀਖੇਤਰ (ਸ) ਉਪਰੋਕਤ ਸਾਰੇ
   ਉੱਤਰः-ਸਰਕਾਰ
2. ਪ੍ਰਸ਼ਨः- ਸੰਯੁਕਤ ਉੱਦਮ ਵਿਚ ਹੇਠ ਲਿਖਿਆਂ ਵਿਚੋਂ ਕਿਸ ਦੀ ਮਲਕੀਅਤ ਹੁੰਦੀ ਹੈ?
   (ੳ) ਸਰਕਾਰ (ਅ)ਨਿੱਜੀ ਖੇਤਰ
   (ੲ) ਸਰਕਾਰ ਅਤੇ ਨਿੱਜੀਖੇਤਰ (ਸ) ਉਪਰੋਕਤ ਸਾਰੇ
   ਉੱਤਰः- ਸਰਕਾਰ ਅਤੇ ਨਿੱਜੀ ਖੇਤਰ
3. ਪ੍ਰਸ਼ਨः- ਹੇਠ ਦਿੱਤਿਆਂ ਵਿਚੋਂ ਕਿਹੜਾ ਉਦਯੋਗ ਮੁਢਲਾ ਉਦਯੋਗ ਹੈ।
   (ੳ) ਲੋਹਾ (ਅ)ਟਰੈਕਟਰ
   (ੲ) ਟਾਇਰ (ਸ)ਮੋਬਾਇਲ
   ਉੱਤਰः- ਲੋਹਾ
4. ਪਸ਼ਨः- ਹੇਠ ਲਿਖਿਆਂ ਵਿਚੋਂ ਕਿਹੜਾ ਉਤਯੋਗ ਵੱਡੇ ਉਦਯੋਗ ਖੇਤਰ ਵਿੱਚ ਹੈ।
   (ੳ) ਇਸਪਾਤ (ਅ)ਸਾਈਕਲ
   (ੲ) ਗਹਿਣੇ (ਸ) ਹਾਥੀ ਦੰਦ ਦਾ ਕੰਮ
   ਉੱਤਰः- ਇਸਪਾਤ
5. ਪ੍ਰਸ਼ਨः- ਹੇਠ ਲਿਖਿਆਂ ਵਿਚੋਂ ਕਿਹੜਾ ਕਾਰਖਾਨਾ ਲਈ ਕੱਚਾ ਮਾਲ ਨਹੀਂ ਹੈ?
   (ੳ) ਕਪਾਹ (ਅ)ਗੰਨਾ
   (ੲ) ਪਟਸਨ (ਸ) ਟਰੈਕਟਰ
   ਉੱਤਰः- ਟਰੈਕਟਰ
6. ਪਸ਼ਨः- ----ਮੁਢਲੇ ਉਦਯੋਗ ਦੀ ਉਦਾਹਰਣ ਹੈ।
   (ੳ) ਟਰੈਕਟਰ ਉਦਯੋਗ(ਅ)ਕੋਇਲਾ ਉਦਯੋਗ
   ਉੱਤਰः- ਕੋਇਲਾ ਉਦਯੋਗ

## ਖਾਲੀ ਥਾਂ ਭਰੋ

7. ਪ੍ਰਸ਼ਨः- ----------ਖੇਤਰ ਉਹ ਖੇਤਰ ਹੈ ਜਿਸ ਵਿੱਚ ਨਿੱਜੀ ਲੋਕਾਂ ਦੀ ਮਲਕੀਅਤ ਹੁੰਦੀ ਹੈ।
   (ੳ) ਨਿੱਜੀ(ਅ)ਸਰਕਾਰੀ
   ਉੱਤਰः- ਨਿਜੀ
8. ਪਸ਼ਨः- ਕੁਟੀਰ ਉਦਯੋਗ ਜਿਆਦਾਤਰ ---ਵਿੱਚ ਹੁੰਦੇ ਹਨ।
   (ੳ) ਪਿੰਡਾਂ (ਅ) ਨਹਿਰਾਂ
   ਉੱਤਰः- ਪਿੰਡਾਂ
9. ਪ੍ਰਸ਼ਨः- ਖਾਦੀ, ਚਟਾਈ, ਜੁਤੇ ਆਦਿ ----------ਉਦਯੋਗ ਅਧੀਨ ਬਣਾਏ ਜਾਂਦੇ ਹਨ।

(ੳ) ਕੁਟੀਰ(ਅ)ਵੱਡੇ

ਉੱਤਰ:- ਕੁਟੀਰ

10. ਪ੍ਰੰਨ:- ਰੇਡੀਓ,ਟੈਲੀਵੀਜਨ ਅਤੇ ਇਲੈਕਟਰੌਨਿਕਸ ਦਾ ਸਮਾਨ ---ਉਦਯੋਗ ਅਧੀਨ ਬਣਾਏ ਜਾਂਦੇ ਹਨ।

(ੳ) ਕੁਟੀਰ(ਅ)ਲਘੂ

ਉੱਤਰ:- ਲਘੂ

## ਸਹੀ-ਗਲਤ

11. ਪ੍ਰਸ਼ਨ:- ਕੁਟੀਰ ਉਦਯੋਗ ਵਿਚ ਕਿਰਾਏ ਤੇ ਮਜਦੂਰ ਕੰਮ ਤੇ ਲਾਏ ਜਾਂਦੇ ਹਨ।

ਉੱਤਰ:-(×)

12. ਪ੍ਰਸ਼ਨ:- ਸੰਯੁਕਤ ਖੇਤਰ ਉਹ ਹੁੰਦਾ ਹੈ ਜਿਸ ਵਿਚ ਸਰਕਾਰ ਅਤੇ ਨਿਜੀ ਖੇਤਰ ਦੀ ਮਾਲਕੀ ਹੁੰਦੀ ਹੈ।

ਉੱਤਰ:-(✓)

13. ਪ੍ਰੰਨ:- ਨਵੀ ਉਦਯੋਗ ਨੀਤੀ 2●17 ਵਿਚ ਲਾਗੂ ਕੀਤੀ ਗਈ।

ਉੱਤਰ: (×)

14. ਪ੍ਰਸ਼ਨ:- ਪੂੰਜੀ ਦੀ ਘਾਟ ਉਦਯੋਗੀਕਰਨ ਦੀ ਧੀਮੀ ਪ੍ਰਗਤੀ ਦਾ ਇੱਕ ਕਾਰਨ ਹੈ।

ਉੱਤਰ:- (✓)

15. ਪ੍ਰਸ਼ਨ:- ਮੋਬਿਲ ਆਇਲ ਮੱਧਵਰਤੀ ਵਸਤੂ ਉਦਯੋਗ ਦੀ ਇੱਕ ਉਦਾਹਰਨ ਹੈ।

ਉੱਤਰ:- (✓)

## ਇੱਕ ਲਾਈਨ ਵਾਲੇ ਪ੍ਰਸ਼ਨ

16. ਪ੍ਰਸ਼ਨ:-ਉਦਯੋਗੀਕਰਨ ਕੀ ਹੈ?

ਉੱਤਰ:-ਦੇਸ਼ ਦੇ ਸਾਰੇ ਉਦਯੋਗਾ ਦਾ ਵਿਕਾਸ।

17. ਪ੍ਰਸ਼ਨ:-ਭਾਰਤ ਵਿਚ ਉਦਯੋਗੀਕਰਨ ਦੇ ਤੇਜ ਵਿਕਾਸ ਲਈ ਜਿੰਮੇਵਾਰ ਇਕ ਕਾਰਨ ਦੱਸੋ?

ਉੱਤਰ:- ਆਧੁਨਿਕੀਰਨ

18. ਪ੍ਰਸ਼ਨ:- ਲਘੂ ਉਦਯੋਗ ਵਿਚ ਨਿਵੇਸ਼ ਦੀ ਸੀਮਾਂ ਕਿੰਨੀ ਹੁੰਦੀ ਹੈ

ਉੱਤਰ:-3 ਕਰੋੜ ਰੁਪਏ

19. ਪ੍ਰਸ਼ਨ:- ਜੀ.ਡੀ.ਪੀ. ਵਿੱਚ ਉਦਯੋਗਾਂ ਦਾ ਯੋਗਦਾਨ ਕਿੰਨੇ ਪ੍ਰਤੀਸ਼ਤ ਹੈ ?

ਉੱਤਰ:- ਲਗਭਗ 27.1 ਪ੍ਰਤੀਸ਼ਤ

20. ਪ੍ਰਸ਼ਨ:- ਨਵੀ ਉਦਯੋਗਿਕ ਨੀਤੀ ਕਦੋਂ ਲਾਗੂ ਕੀਤੀ ਗਈ ਹੈ ?

ਉੱਤਰਾਂ- 1991

21. ਪ੍ਰਸ਼ਨ:-ਮੁਢਲੇ ਉਦਯੋਗ ਤੋਂ ਕੀ ਭਾਵ ਹੈ?

ਉੱਤਰ:- ਮੁੱਢਲੇ ਉਦਯੋਗ ਉਹ ਉਦਯੋਗ ਹਨ ਜੋ ਖੇਤੀ ਅਤੇ ਉਦਯੋਗਾਂ ਨੂੰ ਲੋਂੜੀਂਦੇ ਨਿਵੇਸ਼ ਪ੍ਰਦਾਨ ਕਰਦੇ ਹਨ। ਜਿਵੇਂ ਇਸਪਾਤ, ਲੋਹਾ, ਕੋਲਾ, ਬਿਜਲੀ ਉਦਯੋਗ ਆਦਿ।

22. ਪ੍ਰਸ਼ਨ:- ਭਾਰਤ ਵਿੱਚ ਕੁਟੀਰ ਉਦਯੋਗ ਦੇ ਪਤਨ ਦਾ ਇੱਕ ਕਾਰਨ ਦੱਸੋ।

ਉੱਤਰ:-ਆਧੁਨਿਕ ਉਦਯੋਗਾਂ ਦੇ ਸਸਤੇ ਅਤੇ ਵਧੀਆ ਉਤਪਾਦਨ ਦਾ ਮੁਕਾਬਲਾ ਕਰਨ ਦੀ ਅਸਮਰਥਾ

23. ਪ੍ਰਸ਼ਨ:-ਕੁਟੀਰ ਉਦਯੋਗ ਕਿਸਨੂੰ ਕਹਿੰਦੇ ਹਨ?

ਉੱਤਰ:- ਕੁਟੀਰ ਉਦਯੋਗ ਉਹ ਉਦਯੋਗ ਹੁੰਦਾ ਹੈ ਜੋ ਇੱਕ ਪਰਿਵਾਰ ਦੇ ਮੈਂਬਰਾਂ ਦੁਆਰ ਇੱਕ ਹੀ ਛੱਤ ਦੇ ਹੇਠਾਂ ਪੂਰਨ ਜਾਂ ਅੰਸ਼ਕਾਲੀਨ ਵਿਵਸਾਏ ਦੇ ਰੂਪ ਵਿੱਚ ਚਲਾਇਆ ਜਾਂਦਾ ਹੈ।

24. ਪ੍ਰਸ਼ਨ:-ਮੱਧਵਰਤੀ ਉਦਯੋਗਾ ਤੋਂ ਕੀ ਭਾਵ ਹੈ?

ਉੱਤਰ:-ਮੱਧਵਰਤੀ ਉਦਯੋਗ ਉਹ ਉਦਯੋਗ ਹੈ ਜੋ ਉਹਨਾਂ ਵਸਤੂਆਂ ਦਾ ਉਤਪਾਦਨ ਕਰਦੇ ਹਨ ਜਿਨ੍ਹਾਂ ਦਾ ਦੂਜੀਆਂ ਵਸਤੂਆਂ ਦੇ ਉਤਪਾਦਨ ਲਈ ਪ੍ਰਯੋਗ ਕੀਤਾ ਜਾਂਦਾ ਹੈ। ਜਿਵੇਂ ਮੋਬਿਲ ਆਇਲ, ਟਾਇਰ ਉਦਯੋਗ ਆਦਿ।

25. ਪ੍ਰਸ਼ਨ:-ਪੂੰਜੀਗਤ ਵਸਤੂ ਉਦਯੋਗ ਤੋਂ ਕੀ ਭਾਵ ਹੈ?

ਉੱਤਰ:- ਪੂੰਜੀਗਤ ਵਸਤੂ ਉਦਯੋਗ ਉਹ ਉਦਯੋਗ ਹੈ ਜੋ ਖੇਤੀ ਅਤੇ ਉਦਯੋਗਾਂ ਲਈ ਮਸ਼ੀਨਰੀ ਅਤੇ ਯੰਤਰ ਦਾ ਉਤਪਾਦਨ ਕਰਦੇ ਹਨ। ਜਿਵੇਂ ਟਰੈਕਟਰ, ਟਰੱਕ ਉਦਯੋਗ ਆਦਿ।

26. ਪ੍ਰਸ਼ਨ:-ਲਘੂ ਉਦਯੋਗ ਦੀ ਇੱਕ ਸਮੱਸਿਆ ਦੱਸੋ।

ਉੱਤਰ:-ਕੱਚੇ ਮਾਲ ਦੀ ਅਤੇ ਬਿਜਲੀ ਦੀ ਸਮੱਸਿਆ।

## ਚਾਰ ਅੰਕਾਂ ਵਾਲੇ ਪ੍ਰਸ਼ਨ

27. ਪ੍ਰਸ਼ਨ:-ਭਾਰਤ ਵਿੱਚ ਤੇਜ ਅਤੇ ਸੰਤੁਲਿਤ ਉਦਯੋਗਕਰਨ ਦੀ ਲੋੜ ਦੇ ਕਾਰਨਾ ਦਾ ਵਰਨਣ ਕਰੋ।

ਉੱਤਰ:-1. ਉਦਯੋਗ ਦੇ ਵਿਕਾਸ ਨਾਲ ਰਾਸ਼ਟਰੀ ਆਮਦਨ ਵਿੱਚ ਬਹੁਤ ਤੇਜ ਵਾਧਾ ਹੁੰਦਾ ਹੈ।

2. ਉਦਯੋਗਾਂ ਦੇ ਵਿਕਾਸ ਨਾਲ ਰਾਸ਼ਟਰੀ ਆਮਦਨ ਵਿੱਚ ਹੋਏ ਵਾਧੇ ਨਾਲ ਬੱਚਤਾਂ ਵਿਚ ਵਾਧਾ ਹੁੰਦਾ ਹੈ। ਇਹ ਬੱਚਤ ਪੂੰਜੀ ਨਿਰਮਾਣ ਵਿੱਚ ਮਦਦ ਕਰਦੀਆਂ ਹਨ।

3. ਉਦਯੋਗਾਂ ਦੇ ਵਿਕਾਸ ਨਾਲ ਰੋਜਗਾਰ ਦੇ ਮੌਕਿਆਂ ਵਿਚ ਵਾਧਾ ਹੁੰਦਾ ਹੈ।

4. ਉਦਯੋਗ ਦੇ ਵਿਕਾਸ ਨਾਲ ਖੇਤੀ ਦਾ ਵਿਕਾਸ ਵੀ ਹੁੰਦਾ ਹੈ।

## ਛੇ ਅੰਕਾਂ ਵਾਲੇ ਪ੍ਰਸ਼ਨ

28. ਪ੍ਰਸ਼ਨ:-ਕੁਟੀਰ ਅਤੇ ਲਘੂ ਉਦਯੋਗ ਵਿਚ ਅੰਤਰ ਦੱਸੋ

ਉੱਤਰ:-1. ਕੁਟੀਰ ਉਦਯੋਗ ਜਿਆਦਾਤਰ ਪਿੰਡਾਂ ਵਿੱਚ ਲਗਾਏ ਜਾਂਦੇ ਹਨ ਪਰੰਤੂ ਲਘੂ ਉਦਯੋਗ ਜਿਆਦਾਤਰ ਨਹਿਰਾਂ ਵਿੱਚ ਲਗਾਏ ਜਾਂਦੇ ਹਨ।

2. ਕੁਟੀਰ ਉਦਯੋਗ ਵਿੱਚ ਪਰਿਵਾਰ ਦੇ ਮੈਂਬਰ ਹੀ ਕੰਮ ਕਰਦੇ ਹਨ ਪਰੰਤੂ ਲਘੂ ਉਦਯੋਗਾਂ ਵਿੱਚ ਭਾੜੇ ਦੇ ਮਜਦੂਰ ਲਗਾਏ ਜਾਂਦੇ ਹਨ।

3. ਕੁਟੀਰ ਉਦਯੋਗ ਆਮ ਕਰਕੇ ਸਥਾਨਿਕ ਮੰਗਾਂ ਦੀ ਪੂਰਤੀ ਕਰਦੇ ਹਨ ਜਦਕਿ ਲਘੂ ਉਦਯੋਗ ੱਹਿਰੀ ਅਤੇ ਅਰਧ-ੱਹਰੀ ਖੇਤਰਾਂ ਲਈ ਮਾਲ ਪੈਦਾ ਕਰਦੇ ਹਨ।

29. ਪ੍ਰਸ਼ਨ:-ਭਾਰਤ ਵਿੱਚ ਉਦਯੋਗੀਕਰਨ ਦੀ ਧੀਮੀ ਗਤੀ ਦੇ ਕੀ ਕਾਰਨ ਹਨ?

ਉੱਤਰ:- 1. ਭਾਰਤ ਵਿੱਚ ਜ਼ਿਆਦਾਤਰ ਲੋਕ ਗਰੀਬ ਹਨ। ਇਸ ਲਈ ਪੂੰਜੀ ਦੀ ਘਾਟ ਉਦਯੋਗੀਕਰਨ ਦੀ ਧੀਮੀ ਗਤੀ ਦਾ ਮੁੱਖ ਕਾਰਨ ਹਨ।

2. ਭਾਰਤ ਵਿੱਚ ਸਸਤੀ ਬਿਜਲੀ ਸਾਧਨਾਂ ਦੀ ਘਾਟ ਵੀ ਧੀਮੀ ਗਤੀ ਦਾ ਕਾਰਨ ਹੈ।

3. ਭਾਰਤ ਵਿੱਚ ਉਦਯੋਗਾਂ ਲਈ ਕੱਚਾ ਮਾਲ ਬਹੁਤ ਘੱਟ ਮਾਤਰਾਂ ਵਿੱਚ ਅਤੇ ਘਟੀਆਂ ਕਿਸਮ ਦਾ ਪ੍ਰਾਪਤ ਹੁੰਦਾ ਹ ਜੋ ਕਿ ਉਦਯੋਗੀਕਰਨ ਦੀ ਧੀਮੀ ਗਤੀ ਦਾ ਕਾਰਨ ਹੈ।

4. ਕੁਸ਼ਲ ਮਜਦੂਰਾਂ ਦੀ ਘਾਟ।

5. ਕੁਸ਼ਲ ਪ੍ਰਬੰਧਕਾਂ ਦੀ ਘਾਟ।

# ਪਾਠ-5 ਭਾਰਤ ਦਾ ਵਿਦੇਸ਼ੀ ਵਪਾਰ

## ਬਹੁ-ਵਿਕਲਪੀ ਪ੍ਰਸ਼ਨ

1. ਪ੍ਰਸ਼ਨ:-ਭਾਰਤ ਹੇਠ ਲਿਖਿਆਂ ਵਿੱਚ ਕਿਸ ਵਸਤੂ ਦਾ ਨਿਰਯਾਤ ਕਰਦਾ ਹੈ।

   (ੳ) ਚਾਹ (ਅ) ਸਮੁੰਦਰੀ ਜਹਾਜ

   (ੲ) ਪੈਟਰੋਲ (ਸ) ਰਸਾਇਣਿਕ ਖਾਦ

   ਉੱਤਰ:- ਚਾਹ

2. ਪ੍ਰਸ਼ਨ:-ਭਾਰਤ ਹੇਠ ਲਿਖਿਆਂ ਵਿੱਚੋਂ ਕਿਸ ਵਸਤੂ ਦਾ ਆਯਾਤ ਕਰਦਾ ਹੈ।

   (ੳ) ਪੈਟਰੋਲ (ਅ)ਪਟਸਨ ਦਾ ਸਮਾਨ

   (ੲ) ਚਾਹ (ਸ) ਸੂਤੀ ਕੱਪੜੇ

   ਉੱਤਰ:-ਪੈਟਰੋਲ

3. ਪ੍ਰਸ਼ਨ:-ਭਾਰਤ ਦਾ ਸਭ ਤੋਂ ਵੱਧ ਨਿਰਯਾਤ ਕਿਸ ਦੇਸ਼ ਨਾਲ ਹੈ।

   (ੳ) ਸੰਯੁਕਤ ਅਰਬ ਅਮੀਰਾਤ (ਅ) ਅਮਰੀਕਾ

   (ੲ) ਪਾਕਿਸਤਾਨ (ਸ) ਰੂਸ

   ਉੱਤਰ:- ਸੰਯੁਕਤ ਅਰਬ ਅਮੀਰਾਤ

4. ਪ੍ਰਸ਼ਨ:-ਭਾਰਤ ਹੇਠ ਲਿਖਿਆਂ ਵਿਚੋਂ ਕਿਹੜੀ ਦਾ ਵਸਤੂ ਦਾ ਨਿਰਯਾਤ ਨਹੀਂ ਕਰਦਾ ।

   (ੳ) ਪੈਟਰੋਲ (ਅ)ਮਸਾਲੇ

   (ੲ) ਚਾਹ (ਸ) ਤੰਬਾਕੂ

   ਉੱਤਰ:- ਪੈਟਰੋਲ

5. ਪ੍ਰਸ਼ਨ:-ਭਾਰਤ ਕਿਸ ਵਸਤੂ ਨੂੰ ਆਯਾਤ ਕਰਕੇ ਨਿਰਯਾਤ ਕਰ ਦਿੰਦਾ ਹੈ।

   (ੳ) ਕਾਜੂ (ਅ) ਤਾਂਬਾ

   (ੲ) ਚਾਹ (ਸ) ਤੰਬਾਕੂ

   ਉੱਤਰ:- ਕਾਜੂ

## ਖਾਲੀ ਥਾਵਾਂ ਭਰੋ

6. ਪ੍ਰਸ਼ਨ:-ਇੱਕ ਦੇਸ਼ ਦਾ ਦੂਸਰੇ ਦੇਸ਼ ਨਾਲ ਕੀਤਾ ਜਾਣ ਵਾਲਾ ਵਪਾਰ----ਵਪਾਰ ਹੈ।

   (ੳ) ਵਿਦੇਸ਼ੀ (ਅ) ਖੇਤਰੀ

   ਉੱਤਰ:-ਵਿਦੇਸ਼ੀ

7. ਪ੍ਰਸ਼ਨ:-ਦੂਸਰੇ ਦੇਸ਼ਾਂ ਨੂੰ ਵਸਤੂਆਂ ਭੇਜਣਾ--------ਵਪਾਰ ਕਹਾਉਂਦਾ ਹੈ।

   (ੳ) ਨਿਰਯਾਤ (ਅ) ਵਪਾਰ ਬਾਕੀ

   ਉੱਤਰ:-ਨਿਰਿਯਾਤ

8. ਪ੍ਰਸ਼ਨ:- ---------ਭਾਰਤ ਦਾ ਮੁੱਖ ਨਿਰਯਾਤ ਹੈ।

   (ੳ) ਚਾਹ (ਅ) ਪੈਟਰੋਲ

   ਉੱਤਰ:- ਚਾਹ

9. ਪ੍ਰਸ਼ਨ:- -------ਭਾਰਤ ਦਾ ਮੁੱਖ ਆਯਾਤ ਹੈ।

(ੳ) ਮôੀਨਰੀ (ਅ) ਪਟਸਨ

ਉੱਤਰः-ਮਸ਼ੀਨਰੀ

**ਸਹੀ-ਗਲਤ**

10. ਪ੍ਰਸ਼ਨः- ਦੂਸਰੇ ਦੇਸ਼ਾਂ ਨੂੰ ਵਸਤੂਆਂ ਭੇਜਣਾ ਨਿਰਯਾਤ ਕਹਾਉਂਦਾ ਹੈ।

ਉੱਤਰः- (✓)

11. ਪ੍ਰਸ਼ਨः-ਦੂਸਰੇ ਦੇਸ਼ਾਂ ਤੋਂ ਵਸਤੂਆਂ ਮੰਗਵਾਉਣਾ ਆਯਾਤ ਕਹਾਉਂਦਾ ਹੈ।

ਉੱਤਰः- (✓)

12. ਪ੍ਰਸ਼ਨ:-ਕਿਸੇ ਦੇਸ਼ ਵਿੱਚ ਇੱਕ ਸਾਲ ਦੌਰਾਨ ਹੋਣ ਵਾਲੀਆਂ ਵਸਤਾਂ ਦੇ ਆਯਾਤ ਅਤੇ ਨਿਰਯਾਤ ਦੇ ਅੰਤਰ ਨੂੰ ਵਿਦੇਸ਼ੀ ਵਪਾਰ ਕਹਿੰਦੇ ਹਨ।

ਉੱਤਰ:- (×)

13. ਪ੍ਰਸ਼ਨ:- ਪ੍ਰਤੀਕੂਲ ਵਪਾਰ ਬਾਕੀ ਦੇ ਕਾਰਣ ਵਿਦੇਸ਼ੀ ਮੁਦਰਾ ਵਿੱਚ ਕੋਈ ਕਮੀ ਨਹੀਂ ਆਉਂਦੀ ਹੈ।

ਉੱਤਰ:- (×)

14. ਪ੍ਰਸ਼ਨ:- ਅਨੁਕੂਲ ਵਪਾਰ ਬਾਕੀ ਦੇ ਕਾਰਣ ਵਿਦੇਸ਼ੀ ਮੁਦਰਾ ਵਿੱਚ ਵਾਧਾ ਹੁੰਦਾ ਹੈ।

ਉੱਤਰ:- (✓)

15. ਸਹੀ ਮਿਲਾਨ ਕਰੋ

| | |
|---|---|
| ਚਾਹ | ਆਯਾਤ |
| ਪਟਸਨ | ਆਯਾਤ |
| ਪੈਟਰੋਲ | ਨਿਰਯਾਤ |
| ਰਸਾਇਣਿਕ ਖਾਦਾਂ | ਨਿਰਯਾਤ |
| ਚਮੜੇ ਦਾ ਸਮਾਨ | ਆਯਾਤ |
| ਮਸ਼ੀਨਰੀ | ਨਿਰਯਾਤ |

ਉੱਤਰ:-

| | |
|---|---|
| ਚਾਹ | ਨਿਰਯਾਤ |
| ਪਟਸਨ | ਨਿਰਯਾਤ |
| ਪੈਟਰੋਲ | ਆਯਾਤ |
| ਰਸਾਇਣਿਕ ਖਾਦਾਂ | ਆਯਾਤ |
| ਚਮੜੇ ਦਾ ਸਮਾਨ | ਨਿਰਯਾਤ |
| ਮਸ਼ੀਨਰੀ | ਆਯਾਤ |

## ਇੱਕ ਲਾਈਨ ਵਾਲੇ ਪ੍ਰਸ਼ਨ

16. ਪ੍ਰਸ਼ਨ:-ਵਿਦੇਸ਼ੀ ਵਪਾਰ ਕੀ ਹੁੰਦਾ ਹੈ?

ਉੱਤਰ:-ਜਿਹੜਾ ਦੋ ਦੇਸ਼ਾਂ ਵਿਚਾਲੇ ਹੁੰਦਾ ਹੈ।

17. ਪ੍ਰਸ਼ਨ:-ਨਿਰਯਾਤ ਕੀ ਹੈ?

ਉੱਤਰ:- ਦੂਸਰੇ ਦੇਸ਼ ਨੂੰ ਵਸਤੂਆਂ ਭੇਜਣਾ

18. ਪ੍ਰਸ਼ਨ:-ਆਯਾਤ ਕੀ ਹੈ?

ਉੱਤਰ:-ਦੂਸਰੇ ਦੇਸ਼ ਤੋਂ ਵਸਤੂਆਂ ਮੰਗਵਾਉਂਣਾ

19. ਪ੍ਰਸ਼ਨ:-ਭਾਰਤ ਦਾ ਮੁੱਖ ਨਿਰਯਾਤ ਕਿਹੜਾ ਹੈ?

ਉੱਤਰ:-ਚਾਹ

20. ਪ੍ਰਸ਼ਨ:-ਭਾਰਤ ਦਾ ਮੁੱਖ ਆਯਾਤ ਕਿਹੜਾ ਹੈ?

ਉੱਤਰ:-ਮਸ਼ੀਨਰੀ, ਪੈਟਰੋਲ

21. ਪ੍ਰਸ਼ਨ:-ਵਪਾਰ ਬਾਕੀ ਕਿਸਨੂੰ ਕਹਿੰਦੇ ਹਨ?

ਉੱਤਰ:-ਕਿਸੇ ਦੇਸ਼ ਵਿੱਚ ਇੱਕ ਸਾਲ ਦੌਰਾਨ ਹੋਣ ਵਾਲੀ ਵਸਤਾਂ ਦੇ ਆਯਾਤ ਅਤੇ ਨਿਰਯਾਤ ਦੇ ਅੰਤਰ

ਨੂੰ ਵਪਾਰ ਬਾਕੀ ਕਿਹਾ ਜਾਂਦਾ ਹੈ।

22. ਪ੍ਰਸ਼ਨ:-ਭੁਗਤਾਨ ਬਾਕੀ ਕਿਸਨੂੰ ਕਹਿੰਦੇ ਹਨ?

ਉੱਤਰ:-ਕਿਸੇ ਦੇਸ਼ ਵਿੱਚ ਇੱਕ ਸਾਲ ਦੌਰਾਨ ਸਭ ਪ੍ਰਕਾਰ ਦੀਆਂ ਵਸਤਾਂ, ਸੇਵਾਵਾਂ ਅਤੇ ਪੂੰਜੀ ਦੇ ਆਯਾਤ ਅਤੇ ਨਿਰਯਾਤ ਦੇ ਅੰਤਰ ਨੂੰ ਭੁਗਤਾਨ ਬਾਕੀ ਕਹਿੰਦੇ ਹਨ।

23. ਪ੍ਰਸ਼ਨ:-ਵਪਾਰ ਤੋਂ ਕੀ ਭਾਵ ਹੈ?

ਉੱਤਰ:-ਵਾਧੂ ਵਸਤਾਂ ਦਾ ਰਾਜ ਅਤੇ ਦੇਸ਼ਾਂ ਵਿੱਚਕਾਰ ਵਟਾਂਦਰਾ ਕਰਨਾ ਵਪਾਰ ਅਖਵਾਉਂਦਾ ਹੈ।

24. ਪ੍ਰਸ਼ਨ:-ਸਥਾਨਕ ਵਪਾਰ ਤੋਂ ਕੀ ਭਾਵ ਹੈ?

ਉੱਤਰ:-ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਦਾ ਵਪਾਰ ਸਥਾਨਕ ਵਪਾਰ ਅਖਵਾਉਂਦਾ ਹੈ।

25. ਪ੍ਰਸ਼ਨ:-ਭਾਰਤ ਦੇ ਵਿਦੇਸ਼ੀ ਵਪਾਰ ਦੀ ਦਿਸ਼ਾ ਤੋਂ ਕੀ ਭਾਵ ਹੈ?

ਉੱਤਰ:-ਭਾਰਤ ਦੇ ਵਿਦੇਸ਼ੀ ਵਪਾਰ ਦੀ ਦਿਸ਼ਾ ਤੋਂ ਭਾਵ ਹੈ ਕਿ ਭਾਰਤ ਕਿਹੜੇ ਦੇਸ਼ਾਂ ਤੋਂ ਆਯਾਤ ਕਰਦਾ ਹੈ ਅਤੇ ਕਿਹੜੇ ਦੇਸ਼ਾਂ ਨੂੰ ਨਿਰਯਾਤ ਕਰਦਾ ਹੈ।

## ਚਾਰ ਅੰਕਾਂ ਵਾਲੇ ਪ੍ਰਸ਼ਨ

26. ਪ੍ਰਸ਼ਨ:-ਅਨੁਕੂਲ ਅਤੇ ਪ੍ਰਤੀਕੂਲ ਵਪਾਰ ਬਾਕੀ ਅੰਤਰ ਦੱਸੋ?

ਉੱਤਰ:-ਜੇਕਰ ਕਿਸੇ ਦੇਸ਼ ਦਾ ਨਿਰਯਾਤ ਉਸ ਦੇ ਆਯਾਤ ਤੋਂ ਵੱਧ ਤਾਂ ਵਪਾਰ ਬਾਕੀ ਅਨੁਕੂਲ ਹੁੰਦਾ ਹੈ। ਇਸ ਦੇ ਉਲਟ ਜੇ ਨਿਰਯਾਤ ਉਸਦੇ ਆਯਾਤ ਤੋਂ ਘੱਟ ਹੋਵੇ ਤਾਂ ਵਪਾਰ ਬਾਕੀ ਪ੍ਰਤੀਕੂਲ ਹੁੰਦਾ ਹੈ।

27. ਪ੍ਰਸ਼ਨ:-ਭਾਰਤੀ ਅਰਥ ਵਿਵਸਥਾ ਵਿੱਚ ਨਿਰਯਾਤਾਂ ਦਾ ਕੀ ਮਹੱਤਵ ਹੈ?

ਉੱਤਰ:-1. ਵਾਧੂ ਉਤਪਾਦਨ ਦਾ ਨਿਰਯਾਤ:- ਭਾਰਤ ਵਿੱਚ ਕਈ ਵਸਤਾਂ ਜਿਵੇਂ ਚਾਹ, ਪਟਸਨ ਆਦਿ ਦਾ ਉਤਪਾਦਨ ਘਰੇਲੂ ਜਰੂਰਤਾਂ ਤੋਂ ਵਧੇਰੇ ਹੁੰਦਾ ਹੈ। ਇਹਨਾਂ ਦਾ ਵੱਡੇ ਅਤੇ ਲਾਭਦਾਇਕ ਪੈਮਾਨੇ ਉਪਰ ਉਤਪਾਦਨ ਕਰਨਾ ਸੰਭਵ ਹੁੰਦਾ ਹੈ।

2. ਵਿਦੇਸ਼ੀ ਮੁਦਰਾ ਦੀ ਪ੍ਰਾਪਤੀ:- ਭਾਰਤ ਨੂੰ ਅਪਣੀਆ ਆਯਾਤ ਕਰਨ ਵਾਲੀਆਂ ਵਸਤੂਆਂ ਨੂੰ ਪ੍ਰਾਪਤ ਕਰਨ ਲਈ ਵਿਦੇਸ਼ੀ ਮੁਦਰਾ ਦੀ ਲੋੜ ਹੁੰਦੀ ਹੈ। ਇਹ ਵਿਦੇਸ਼ੀ ਮੁਦਰਾ ਨਿਰਯਾਤ ਵਸਤੂਆਂ ਰਾਹੀ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ।

## ਛੇ ਅੰਕਾਂ ਵਾਲੇ ਪ੍ਰਸ਼ਨ

28. ਪ੍ਰਸ਼ਨ:-ਭਾਰਤ ਅਰਥ ਵਿਵਸਥਾ ਵਿੱਚ ਆਯਾਤ ਦਾ ਕੀ ਮੱਹਤਵ ਹੈ?

ਉੱਤਰ:-1. ਭਾਰਤੀ ਅਰਥ ਵਿਵਸਥਾ ਆਪਣੀਆਂ ਜਰੂਰੀ ਲੋੜੀਂਦੀਆ ਉਪਭੋਗਤਾ ਵਸਤਾਂ ਦੀ ਕਮੀ ਨੂੰ ਆਯਾਤਾਂ ਰਾਹੀਂ ਪੂਰਾ ਕਰ ਸਕਦੀ ਹੈ।

2. ਭਾਰਤ ਅਪਣੀਆਂ ਆਰਥਿਕ ਵਿਕਾਸ ਲਈ ਕਈ ਵਸਤਾਂ ਜਿਵੇਂ ਮਸ਼ੀਨਰੀ, ਯੰਤਰ ਦੀ ਕਮੀ ਵੀ ਆਯਾਂਤਾਂ ਰਾਹੀਂ ਹੀ ਪੂਰਾ ਕਰ ਸਕਦਾ ਹੈ।

3. ਭਾਰਤੀ ਅਰਥ ਵਿਵਸਥਾ ਆਪਣੀਆਂ ਉਦਯੋਗਾਂ ਅਤੇ ਖੇਤੀਬਾੜੀ ਦੇ ਵਿਕਾਸ ਲਈ ਕਈ ਵਸਤਾਂ ਜਿਵੇਂ ਪੈਟਰੋਲ, ਰਸਾਇਿਨਕ ਖਾਦਾਂ ਆਦਿ ਦੀ ਲੋੜ ਵੀ ਆਯਾਤਾਂ ਰਾਹੀ ਹੀ ਪੂਰਾ ਕਰ ਸਕਦੀ ਹੈ।

29. ਪ੍ਰਸ਼ਨ:-ਭਾਰਤ ਦੀ ਅਰਥ ਵਿਵਸਥਾ ਵਿੱਚ ਵਿਦੇਸ਼ੀ ਵਪਾਰ ਦੇ ਮਹੱਤਵ ਨੂੰ ਸੰਖੇਪ ਵਿਚ ਸਪੱਸ਼ਟ ਕਰੋ।

ਉੱਤਰ:-ਵਿਦੇਸ਼ੀ ਵਪਾਰ ਤੋਂ ਹਰੇਕ ਦੇਸ਼ ਨੂੰ ਲਾਭ ਹੁੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਉਹ ਬਾਕੀ ਦੁਨੀਆਂ ਤੋਂ ਲਾਭਦਾਇਕ ਢੰਗ ਨਾਲ ਉਹਨਾਂ ਵਸਤੂਆਂ ਨੂੰ ਖਰੀਦ ਸਕਦਾ ਹੈ। ਜਿਨ੍ਹਾਂ ਦਾ ਆਪਣੇ ਦੇੱਸ ਵਿੱਚ ਉਤਪਾਦਨ ਕਰਨ ਤੇ ਵੱਧ ਲਾਗਤ ਆਉਂਦੀ ਹੈ। ਉਸਦੀ ਤੁਲਨਾ ਵਿੱਚ ਉਹ ਸੰਸਾਰ ਮੰਡੀ ਤੋਂ ਸਸਤੀਆਂ ਖਰੀਦ ਸਕਦਾ ਹੈ। ਇਸੇ ਤਰ੍ਹਾਂ ਇਹ ਬਾਕੀ ਦੁਨੀਆਂ ਨੂੰ ਉਹ ਚੀਜਾਂ ਵੇਚ ਸਕਦਾ ਹੈ। ਜਿਨ੍ਹਾਂ ਨੂੰ ਉਹ ਬਾਕੀ ਦੇਸ਼ਾਂ ਦੀ ਤੁਲਨਾ ਵਿਚ ਸਸਤਾ ਉਤਪਾਦਨ ਕਰ ਸਕਦਾ ਹੈ।

# ਪਾਠ-6 (ਭਾਰਤ ਵਿਚ ਆਰਥਿਕ ਨਿਯੋਜਨ)

## ਬਹੁ-ਵਿਕਲਪੀ ਪ੍ਰਸ਼ਨ

1. ਪ੍ਰਸ਼ਨ:-ਪਹਿਲੀ ਪੰਜ ਸਾਲਾ ਯੋਜਨਾ ਕਦੋਂ ਸ਼ੁਰੂ ਕੀਤੀ ਗਈ ਹੈ?

(ੳ) 1951 (ਅ)1956

(ੲ) 1947 (ਸ) 2●17

ਉੱਤਰ:-1951

2. ਪ੍ਰਸ਼ਨ:-ਬਾਰਵੀਂ ਪੰਜ ਸਾਲਾ ਯੋਜਨਾ ਦਾ ਸਮਾਂ ਕਾਲ ਦੱਸੋ।

(ੳ) 2●12-2●17 (ਅ)2●●2-2●●7

(ੲ) 2●17-2●22 (ਸ) 1951-1956

ਉੱਤਰ:-2●12-2●17

3. ਪ੍ਰਸ਼ਨ:-ਯੋਜਨਾ ਆਯੋਗ ਦੀ ਸਥਾਪਨਾ ਕਦੋਂ ਹੋਈ?

(ੳ) 195● (ਅ) 2●18

(ੲ) 1951 (ਸ) 2●17

ਉੱਤਰ:-195●

4. ਪ੍ਰਸ਼ਨ:-ਭਾਰਤੀ ਯੋਜਨਾਵਾਂ ਦਾ ਨਿਰਮਾਤਾ ਕਿਸਨੂੰ ਕਹਿੰਦੇ ਹਨ?

(ੳ) ਪੀ.ਸੀ. ਮਹਾਲੋਨੋਬਿਸ (ਅ) ਅਰੁਣ ਜੇਤਲੀ

(ੲ) ਪੀ. ਚਿੰਤਬਰਮ (ਸ) ਜਵਾਹਰ ਲਾਲ ਨਹਿਰੂ

ਉੱਤਰ:-ਪੀ.ਸੀ. ਮਹਾਲੋਨੋਬਿਸ

5. ਪ੍ਰਸ਼ਨ:-ਹੁਣ ਤੱਕ ਕਿੰਨੀਆਂ ਪੰਜ ਸਾਲਾ ਯੋਜਨਾਵਾਂ ਪੂਰੀਆਂ ਹੋ ਚੁੱਕੀਆਂ ਹਨ।

(ੳ) 1 (ਅ) 12

(ੲ) 5 (ਸ) 11

ਉੱਤਰ:-12

## ਸਹੀ-ਗਲਤ

6. ਪ੍ਰਸ਼ਨ:-ਭਾਰਤ ਵਿੱਚ ਜੰਨਸੰਖਿਆ ਘੱਟ ਹੈ।

ਉੱਤਰ:-(×)

7. ਪ੍ਰਸ਼ਨ:-ਪੰਜ ਸਾਲ ਯੋਜਨਾਵਾਂ ਦਾ ਉਦੇô ਲੋਕਾਂ ਦਾ ਜੀਵਨ ਪੱਧਰ ਉੱਚਾ ਕਰਨਾ ਹੈ।

ਉੱਤਰ:-(✓)

8. ਪ੍ਰਸ਼ਨ:- ਪੰਜ ਸਾਲਾ ਯੋਜਨਾਵਾਂ ਦਾ ਉਦੇਸ਼ ਰੋਜਗਾਰ ਕੀ ਮਾਤਰਾ ਨੂੰ ਘੱਟ ਕਰਨਾ ਹੈ।

ਉੱਤਰ:- (×)

9. ਪ੍ਰਸ਼ਨ:- ਭਾਰਤ ਦੀ ਅੱਠਵੀਂ ਪੰਜ ਸਾਲਾ ਯੋਜਨਾ 1 ਅਪ੍ਰੈਲ 1992 ਵਿਚ ਆਰੰਭ ਹੋਈ।

ਉੱਤਰ:- (✓)

10. ਪ੍ਰਸ਼ਨ:- ਪ੍ਰਧਾਨ ਮੰਤਰੀ ਯੋਜਨਾ ਆਯੋਗ ਦਾ ਪ੍ਰਧਾਨ ਹੁੰਦਾ ਹੈ।

ਉੱਤਰ:- (✓)

## ਇੱਕ ਲਾਈਨ ਵਾਲੇ ਪ੍ਰਸ਼ਨ

11. ਪ੍ਰਸ਼ਨ:-ਭਾਰਤ ਵਿਚ ਹੁਣ ਤੱਕ ਕਿੰਨੀਆਂ ਪੰਜ ਸਾਲਾ ਯੋਜਨਾਵਾਂ ਲਾਗੂ ਕੀਤੀਆਂ ਜਾ ਚੁੱਕੀਆਂ ਹਨ?
ਉੱਤਰ:- 12

12. ਪ੍ਰਸ਼ਨ:- ਯੋਜਨਾ ਆਯੋਗ ਦਾ ਪ੍ਰਧਾਨ ਕੌਣ ਹੁੰਦਾ ਹੈ?
ਉੱਤਰ:- ਪ੍ਰਧਾਨ ਮੰਤਰੀ

13. ਪ੍ਰਸ਼ਨ:- ਯੋਜਨਾ ਆਯੋਗ ਦੀ ਸਥਾਪਨਾ ਕਦੋਂ ਹੋਈ?
ਉੱਤਰ :- 1950

14. ਪ੍ਰਸ਼ਨ:- ਪਹਿਲੀ ਪੰਜ ਸਾਲਾ ਯੋਜਨਾ ਕਿਸ ਸਾਲ ਸ਼ੁਰੂ ਹੋਈ।
ਉੱਤਰ:- 1951

15. ਪ੍ਰਸ਼ਨ:- ਬਾਰ੍ਹਵੀਂ ਪੰਜ ਸਾਲਾ ਯੋਜਨਾ ਕਿਸ ਸਾਲ ਖਤਮ ਹੋਈ।
ਉੱਤਰ:-2017

16. ਪ੍ਰਸ਼ਨ:-ਯੋਜਨਾ ਆਯੋਗ ਦਾ ਅਜੋਕਾ ਨਾਮ ਕੀ ਹੈ?
ਉੱਤਰ:- ਨੀਤੀ ਆਯੋਗ

17. ਪ੍ਰਸ਼ਨ:- ਯੋਜਨਾ ਦੀ ਲੋੜ ਕਿਉਂ ਪਈ?
ਉੱਤਰ:- ਤੇਜ ਆਰਥਿਕ ਵਿਕਾਸ ਲਈ।

18. ਪ੍ਰਸ਼ਨ:- ਭਾਰਤ ਵਿੱਚ ਆਰਥਿਕ ਨਿਯੋਜਨ ਕਿਉਂ ਲਾਗੂ ਕੀਤੀ ਗਈ?
ਉੱਤਰ:-ਸੰਸਾਧਨਾ ਦੀ ਉੱਚਿਤ ਵਰਤੋਂ ਕਰਨ ਲਈ ਅਤੇ ਤੇਜ ਆਰਥਿਕ ਵਿਕਾਸ ਲਈ।

19. ਪ੍ਰਸ਼ਨ:- ਭਾਰਤ ਵਿਚ ਆਰਥਿਕ ਨਿਯੋਜਨ ਦਾ ਕੋਈ ਇੱਕ ਮੁੱਖ ਉਦੇਸ਼ ਦੱਸੋ।
ਉੱਤਰ ਰਾਸ਼ਟਰੀ ਆਮਦਨ ਵਿੱਚ ਵਾਧਾ ਅਤੇ ਆਰਥਿਕ ਵਿਕਾਸ ।

20. ਪ੍ਰਸ਼ਨ:- ਭਾਰਤੀ ਆਰਥਿਕ ਨਿਯੋਜਨ ਦੀ ਕੋਈ ਇੱਕ ਅਸਫਲਤਾ ਦੱਸੋ?
ਉੱਤਰ:- ਪ੍ਰਤੀ ਵਿਅਕਤੀ ਆਮਦਨ ਵਿਚ ਗੈਰ ਤਸੱਲੀਬਖਸ਼ ਉਨਤੀ

## ਚਾਰ ਅੰਕਾਂ ਵਾਲੇ ਪ੍ਰਸ਼ਨ

21. ਪ੍ਰਸ਼ਨ:- ਭਾਰਤ ਵਿਚ ਆਰਥਿਕ ਨਿਯੋਜਨ ਕਦੋਂ ਅਤੇ ਕਿਉਂ ਸ਼ੁਰੂ ਹੋਇਆ?
ਉੱਤਰ:- ਭਾਰਤ ਵਿੱਚ ਆਰਥਿਕ ਨਿਯੋਜਨ 1951 ਤੋਂ ਸ਼ੁਰੂ ਹੋ ਹੋਇਆ ਆਰਥਿਕ ਯੋਜਨਾਬੰਧੀ ਦੇ ਹੇਠ ਲਿਖੇ ਕਾਰਨ ਸਨ:-
1. ਲੋਕਾਂ ਦਾ ਜੀਵਨ ਪੱਧਰ ਸੁਧਾਰਨਾ
2. ਕਾਫੀ ਮਾਤਰਾ ਵਿੱਚ ਸਾਧਨਾਂ ਨੂੰ ਜੁਟਾਉਣਾ

22. ਪ੍ਰਸ਼ਨ:- ਭਾਰਤ ਵਿਚ ਆਰਥਿਕ ਨਿਯੋਜਨ (ਪੰਜ ਸਾਲਾਂ ਯੋਜਨਾਵਾਂ) ਦੀਆਂ ਤਿੰਨ ਮੁੱਖ ਅਸਫਲਤਾਵਾਂ ਦਾ ਵਰਣਨ ਕਰੋ।
ਉੱਤਰ:- ਜੀਵਨ ਪੱਧਰ ਵਿੱਚ ਬਹੁਤ ਘੱਟ ਵਾਧਾ
2. ਕੀਮਤਾਂ ਵਿੱਚ ਵਾਧਾ
3. ਬੇਰੁਜਗਾਰੀ ਵਿੱਚ ਵਾਧਾ।

## ਛੇ ਅੰਕਾਂ ਵਾਲੇ ਪ੍ਰਸ਼ਨ

23. ਪ੍ਰਸ਼ਨ:- ਆਰਥਿਕ ਨਿਯੋਜਨ ਦਾ ਕੀ ਅਰਥ ਹੈ? ਇਸ ਦੇ ਕੋਈ 3 ਲਾਭ ਲਿਖੋ।

ਉੱਤਰ:- ਆਰਥਿਕ ਨਿਯੋਜਨ ਇੱਕ ਅਜਿਹਾ ਢੰਗ ਹੈ। ਜਿਸ ਦੇ ਅੰਦਰ ਕਿਸੇ ਦੇਸ਼ ਦੇ ਸਾਧਨਾ ਨੂੰ ਧਿਆਨ ਵਿਚ ਰੱਖ ਕੇ ਇੱਕ ਨਿਸ਼ਚਿਤ ਸਮੇਂ ਵਿਚ ਆਰਥਿਕ ਵਿਕਾਸ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ ਕੀਤੀ ਜਾਂਦੀ ਹੈ।

ਲਾਭ:-

1. ਪੂੰਜੀ ਨਿਰਮਾਣ

2. ਸਤੁੰਲਿਤ ਵਿਕਾਸ

3. ਸਾਧਨਾਂ ਦਾ ਕੁੱਲ ਉਪਯੋਗ

24. ਪ੍ਰਸ਼ਨ:- ਭਾਰਤ ਵਿਚ ਆਰਥਿਕ ਵਿਕਾਸ ਲਈ ਨਿਯੋਜਨ ਦੀ ਕੀ ਲੋੜ ਹੈ?

ਉੱਤਰ:- 1. ਲੋਕਾਂ ਦੇ ਜੀਵਨ ਪੱਧਰ ਨੂੰ ਸੁਧਾਰਨ ਲਈ

2. ਕਾਫੀ ਮਾਤਰਾ ਵਿਚ ਸਾਧਨਾਂ ਨੂੰ ਜੁਟਾਉਣ ਲਈ।

3.ਗਰੀਬੀ ਦੇ ਕੁ-ਚੱਕਰ ਨੂੰ ਦੂਰ ਕਰਨ ਲਈ

4. ਸੀਮਿਤ ਮਾਤਰਾ ਵਿਚ ਉਪਲਬਧ ਸਾਧਨਾ ਦੀ ਵੱਧ ਤੋਂ ਵੱਧ ਸਹੀ ਤਰੀਕੇ ਨਾਲ ਵਰਤੋਂ ਕਰਨ ਲਈ।

5. ਉਦਯੋਗਾਂ ਦੇ ਵਿਕਾਸ ਲਈ

6. ਰੋਜਗਾਰ ਦੇ ਵੱਧ ਮੌਕੇ ਪੈਂਦਾ ਕਰਨ ਲਈ।

## 3 (ਇਤਿਹਾਸ)

## ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਉਹਨਾਂ ਦਾ ਇਸ ਦੇ ਇਤਿਹਾਸ ਤੇ ਪ੍ਰਭਾਵ

**I (ਵਸਤੂ ਨਿਸ਼ਠ ਪ੍ਰਸ਼ਨ)**

**ਠੀਕ ਉੱਤਰ ਚੁਣੋ:**

(ੳ) ਪੰਜਾਬ ਸ਼ਬਦ ਵਿੱਚ ਆਬ ਸ਼ਬਦ ਕਿਸ ਭਾਸ਼ਾ ਤੋਂ ਲਿਆ ਗਿਆ ਹੈ?

1. ਉਰਦੂ 2. ਹਿੰਦੀ 3. ਅੰਗਰੇਜ਼ੀ 4. ਫਾਰਸੀ

(ਅ) ਪੰਜਾਬ ਨੂੰ ਕਿੰਨੇ ਦੁਆਬਿਆਂ ਵਿੱਚ ਵੰਡਿਆ ਗਿਆ ਸੀ?

ਜਾਂ

ਪੰਜਾਬ ਦੇ ਕਿੰਨੇ ਦੁਆਬੇ ਸਨ?

1. ਦੋ 2. ਪੰਜ 3. ਨੌਂ 4. ਗਿਆਰ੍ਹਾਂ

(ੲ) ਦੁਆਬ ਸ਼ਬਦ ਦਾ ਕੀ ਮਤਲਬ ਹੈ?

1. ਦੋ ਸਮੁੰਦਰਾਂ ਦੇ ਵਿਚਕਾਰਲਾ ਇਲਾਕਾ
2. ਦੋ ਸ਼ਹਿਰਾਂ ਦੇ ਵਿਚਕਾਰਲਾ ਇਲਾਕਾ
3. ਦੋ ਪਿੰਡਾਂ ਦੇ ਵਿਚਕਾਰਲਾ ਇਲਾਕਾ
4. ਦੋ ਦਰਿਆਵਾਂ ਦੇ ਵਿਚਕਾਰਲਾ ਇਲਾਕਾ

(ਸ) ਪੰਜਾਬ ਨੂੰ ਭਾਸ਼ਾ ਦੇ ਆਧਾਰ ਤੇ ਦੋ ਹਿੱਸਿਆਂ ਵਿੱਚ ਕਦੋਂ ਵੰਡਿਆ ਗਿਆ?

1. 1857 ਈਸਵੀ ਵਿੱਚ 2. 1966 ਈਸਵੀ ਵਿੱਚ
3. 1798 ਈਸਵੀ ਵਿੱਚ 4. 1757 ਈਸਵੀ ਵਿੱਚ

**ਉੱਤਰ:-**

(ੳ) 4. ਫਾਰਸੀ

(ਅ) 2. ਪੰਜ

(ੲ) 4. ਦੋ ਦਰਿਆਵਾਂ ਦੇ ਵਿਚਕਾਰਲਾ ਇਲਾਕਾ।

(ਸ) 2. 1966 ਈਸਵੀ ਵਿੱਚ।

**II ਹੇਠ ਲਿਖੇ ਸ਼ਬਦਾਂ ਨੂੰ ਠੀਕ ਤਰ੍ਹਾਂ ਮਿਲਾਓ:-**

| | | |
|---|---|---|
| (1) | (ੳ) ਮਹਾਰਾਜਾ ਰਣਜੀਤ ਸਿੰਘ | ਸਪਤ ਸਿੰਧੂ |
| | (ਅ) ਪਾਕਿਸਤਾਨੀ ਪੰਜਾਬ | ਸਿਆਲ ਕੋਟ |
| | (ੲ) ਵੈਦਿਕ ਕਾਲ ਵਿੱਚ ਪੰਜਾਬ ਦਾ ਨਾਂਅ | ਲਾਹੌਰ ਰਾਜ |
| | (ਸ) ਸਾਕਲਾ ਦਾ ਮੌਜੂਦਾ ਨਾਂਅ | ਪੱਛਮੀ ਪੰਜਾਬ |
| (2) | (ੳ) ਸ਼ਾਹ ਜਮਾਨ ਦਾ ਹਮਲਾ | 1911 ਈਸਵੀ |
| | (ਅ) ਪੰਜਾਬ ਦੀ ਭਾਸ਼ਾ ਦੇ ਆਧਾਰ ਤੇ ਵੰਡ | 1798 ਈਸਵੀ |
| | (ੲ) ਦਿੱਲੀ ਦਾ ਭਾਰਤ ਦੀ ਰਾਜਧਾਨੀ ਬਣਨਾ | 326 ਈਸਵੀ ਪੂਰਵ |
| | (ਸ) ਸਿਕੰਦਰ ਦਾ ਹਮਲਾ | 1966 ਈਸਵੀ |

**ਉੱਤਰ:-**

| | | |
|---|---|---|
| (1) | (ੳ) ਮਹਾਰਾਜਾ ਰਣਜੀਤ ਸਿੰਘ | ਲਾਹੌਰ ਰਾਜ |
| | (ਅ) ਪਾਕਿਸਤਾਨੀ ਪੰਜਾਬ | ਪੱਛਮੀ ਪੰਜਾਬ |
| | (ੲ) ਵੈਦਿਕ ਕਾਲ ਵਿੱਚ ਪੰਜਾਬ ਦਾ ਨਾਂਅ | ਸਪਤ ਸਿੰਧੂ |
| | (ਸ) ਸਾਕਲਾ | ਸਿਆਲਕੋਟ |
| (2) | (ੳ) ਸ਼ਾਹ ਜਮਾਨ ਦਾ ਹਮਲਾ | 1798 ਈਸਵੀ |
| | (ਅ) ਪੰਜਾਬ ਦੀ ਭਾਸ਼ਾ ਦੇ ਆਧਾਰ ਤੇ ਵੰਡ | 1966 ਈਸਵੀ |
| | (ੲ) ਦਿੱਲੀ ਦਾ ਭਾਰਤ ਦੀ ਰਾਜਧਾਨੀ ਬਣਨਾ | 1911 ਈਸਵੀ |
| | (ਸ) ਸਿਕੰਦਰ ਦਾ ਹਮਲਾ | 326 ਈਸਵੀ ਪੂਰਵ |

**III ਖਾਲੀ ਥਾਵਾਂ ਭਰੋ:-**

1. ..................ਦਰਿਆ ਦਾ ਕੁਝ ਹਿੱਸਾ ਭਾਰਤ-ਪਾਕਿਸਤਾਨ ਸੀਮਾ ਦਾ ਕੰਮ ਕਰਦਾ ਹੈ। (ਰਾਵੀ, ਜੇਹਲਮ, ਘੱਗਰ)
2. ਦੋਆਬਾ ਸ਼ਬਦ ..................ਬਾਦਸ਼ਾਹ ਦੇ ਸਮੇਂ ਵਰਤੋਂ ਵਿੱਚ ਆਉਣਾ ਸ਼ੁਰੂ ਹੋਇਆ। (ਔਰੰਗਜੇਬ, ਅਕਬਰ, ਬਹਾਦਰ)
3. ਅੰਗਰੇਜ਼ਾਂ ਅਤੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ ..................ਦਰਿਆ ਸੀਮਾ ਦਾ ਕੰਮ ਕਰਦਾ ਸੀ। (ਸਿੰਧ, ਚਨਾਬ, ਸਤਲੁਜ)

4. ਰਮਾਇਣ ਅਤੇ ਮਹਾਂਭਾਰਤ ਕਾਲ ਵਿੱਚ ਪੰਜਾਬ ਨੂੰ.................. ਕਿਹਾ ਜਾਂਦਾ ਸੀ। (ਸੇਕੀਆ, ਸਪਤਸਿੰਧੂ, ਪੰਚਨਦ)

5. ..................ਦਾ ਅਰਥ ਪੰਜ ਨਦੀਆਂ ਦੀ ਧਰਤੀ ਹੈ। (ਭਾਰਤ, ਪੰਜਾਬ, ਲਾਹੌਰ)

6. ਦਰਿਆ ਸਤਲੁਜ ਅਤੇ ਘੱਗਰ ਵਿਚਲੇ ਇਲਾਕੇ ਨੂੰ ..................ਆਖਦੇ ਹਨ। (ਮਾਲਵਾ, ਮਾਝਾ, ਦੋਆਬਾ)

**ਉੱਤਰ**:- 1. ਰਾਵੀ 2. ਅਕਬਰ 3. ਸਤਲੁਜ 4. ਪੰਚਨਦ 5. ਪੰਜਾਬ 6. ਮਾਲਵਾ

**IV ਸਹੀ ਵਾਕ ਅੱਗੇ (3) ਅਤੇ ਗਲਤ ਵਾਕ ਅੱਗੇ (7) ਦਾ ਨਿਸ਼ਾਨ ਲਾਓ:-**

(ੳ) ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ 1849 ਈ. ਨੂੰ ਮਿਲਾਇਆ ਗਿਆ। (3)

(ਅ) ਬਿਸਤ ਦੋਆਬ ਬਿਆਸ ਅਤੇ ਸਤਲੁਜ ਦਰਿਆਵਾਂ ਵਿਚਾਲੇ ਸਥਿਤ ਹੈ। (3)

(ੲ) ਮਹਾਰਾਜਾ ਰਣਜੀਤ ਸਿੰਘ ਸਮੇਂ ਲਾਹੌਰ ਪੰਜਾਬ ਦੀ ਰਾਜਧਾਨੀ ਸੀ। (3)

(ਸ) ਮੁਗਲ ਬਾਦਸ਼ਾਹ ਅਕਬਰ ਨੇ ਪੰਜਾਬ ਨੂੰ ਚਾਰ ਪ੍ਰਾਂਤਾਂ ਵਿੱਚ ਵੰਡਿਆ ਸੀ। (7)

**V(a) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ:-**

**ਪ੍ਰਸ਼ਨ**:-(1) ਭਾਰਤੀ ਪੰਜਾਬ ਵਿੱਚ ਹੁਣ ਕਿਹੜੇ ਦੋ ਦਰਿਆ ਰਹਿ ਗਏ ਹਨ?

ਉੱਤਰ:- ਬਿਆਸ ਅਤੇ ਸਤਲੁਜ

**ਪ੍ਰਸ਼ਨ**:-(2) ਦਿੱਲੀ ਨੂੰ ਭਾਰਤ ਦੀ ਰਾਜਧਾਨੀ ਕਿਹੜੇ ਗਵਰਨਰ ਜਨਰਲ ਨੇ ਬਣਾਇਆ?

ਉੱਤਰ:- ਲਾਰਡ ਹਾਰਡਿੰਗ ਨੇ।

**ਪ੍ਰਸ਼ਨ**:-(3) ਪੰਜਾਬ ਨੂੰ ਭਾਸ਼ਾ ਦੇ ਆਧਾਰ ਤੇ ਕਦੋਂ ਦੋ ਹਿੱਸਿਆਂ ਵਿੱਚ ਵੰਡਿਆ ਗਿਆ?

ਉੱਤਰ:-1966 ਈਸਵੀ ਵਿੱਚ।

**ਪ੍ਰਸ਼ਨ**:-(4) ਮਾਲਵਾ ਪ੍ਰਦੇਸ਼ ਕਿਨ੍ਹਾਂ ਦਰਿਆਵਾਂ ਵਿਚਾਲੇ ਸਥਿਤ ਹੈ?

ਉੱਤਰ:- ਸਤਲੁਜ ਅਤੇ ਘੱਗਰ

**ਪ੍ਰਸ਼ਨ**:-(5) ਅੱਜ ਕੱਲ੍ਹ ਭਾਰਤ ਪਾਕਿਸਤਾਨ ਸੀਮਾ ਦਾ ਕੰਮ ਕਿਹੜਾ ਦਰਿਆ ਕਰਦਾ ਹੈ?

ਉੱਤਰ:- ਰਾਵੀ।

**ਪ੍ਰਸ਼ਨ**:-(6) ਦੋਆਬਾ ਬਿਸਤ ਦਾ ਦੂਜਾ ਨਾਂਅ ਦੱਸੋ।

ਉੱਤਰ:- ਦੋਆਬਾ

**ਪ੍ਰਸ਼ਨ**:-(7) ਦੋਆਬਾ ਬਾਰੀ ਦਾ ਦੂਜਾ ਨਾਂਅ ਦੱਸੋ।

ਉੱਤਰ:- ਮਾਝਾ

**ਪ੍ਰਸ਼ਨ**:-(8) 1966 ਈਸਵ ਵਿੱਚ ਪੰਜਾਬ ਵਿੱਚ ਭਾਸ਼ਾ ਦੀ ਵੰਡ ਦੇ ਆਧਾਰ ਤੇ ਕਿਹੜੇ ਦੋ ਪ੍ਰਾਂਤ ਬਣੇ?

ਉੱਤਰ:- ਪੰਜਾਬ ਅਤੇ ਹਰਿਆਣਾ

**V(b) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਵਾਕਾਂ ਵਿੱਚ ਦਿਓ:-**

**ਪ੍ਰਸ਼ਨ**:-(1) ਦੁਆਬ ਬਾਰੀ ਨੂੰ ਮਾਝਾ ਕਿਉਂ ਕਿਹਾ ਜਾਂਦਾ ਹੈ? ਇੱਥੋਂ ਦੇ ਵਸਨੀਕਾਂ ਨੂੰ ਕੀ ਕਹਿੰਦੇ ਹਨ?

ਉੱਤਰ:- ਦੁਆਬ ਬਾਰੀ ਪੰਜਾਬ ਦੇ ਮੱਧ ਵਿੱਚ ਸਥਿਤ ਹੋਣ ਕਾਰਨ ਮਾਝਾ ਅਖਵਾਉਂਦਾ ਹੈ। ਇਸਦੇ ਨਿਵਾਸੀਆਂ ਨੂੰ ਮਝੈਲ ਕਹਿੰਦੇ ਹਨ।

**ਪ੍ਰਸ਼ਨ**:-(2) ਜੇ ਪੰਜਾਬ ਦੇ ਉੱਤਰ ਵਿੱਚ ਹਿਮਾਲਾ ਨਾਂ ਹੁੰਦਾ ਤਾਂ ਇਹ ਕਿਹੋ ਜਿਹਾ ਇਲਾਕਾ ਹੁੰਦਾ?

ਉੱਤਰ:- ਜੇ ਪੰਜਾਬ ਦੇ ਉੱਤਰ ਵਿੱਚ ਹਿਮਾਲਾ ਨਾ ਹੁੰਦਾ ਤਾਂ ਇਹ ਇਲਾਕਾ ਖੁਸ਼ਕ ਅਤੇ ਠੰਢਾ ਬਣਕੇ ਰਹਿ ਜਾਂਦਾ। ਇਥੇ ਖੇਤੀ ਨਾਂਹ ਦੇ ਬਰਾਬਰ ਹੁੰਦੀ।

**ਪ੍ਰਸ਼ਨ**:-(3) ਭਾਰਤ ਦੀ ਵੰਡ ਦਾ ਪੰਜਾਬ ਉੱਤੇ ਕੀ ਅਸਰ ਹੋਇਆ?

ਉੱਤਰ:- ਭਾਰਤ ਦੀ ਵੰਡ ਨਾਲ ਪੰਜਾਬ ਵੀ ਦੋ ਭਾਗਾਂ ਵਿੱਚ ਵੰਡਿਆ ਗਿਆ।

**ਪ੍ਰਸ਼ਨ**:-(4) ਪੰਜਾਬ ਸ਼ਬਦ ਵਿੱਚ 'ਆਬ' ਸ਼ਬਦ ਕਿਸ ਭਾਸ਼ਾ ਦਾ ਸ਼ਬਦ ਹੈ? ਇਸਦੇ ਅਰਥ ਵੀ ਲਿਖੋ।

ਉੱਤਰ:- ਪੰਜਾਬ ਸ਼ਬਦ ਵਿੱਚ ਆਬ ਸ਼ਬਦ ਫਾਰਸੀ ਭਾਸ਼ਾ ਦਾ ਸਬਦ ਹੈ। ਜਿਸਦਾ ਅਰਥ ਹੈ ਪਾਣੀ ਇਸਲਈ ਪੰਜਾਬ ਸ਼ਬਦ ਦਾ ਅਰਥ ਹੈ ਪੰਜ ਦਰਿਆਵਾਂ ਦੀ ਧਰਤੀ।

**ਪ੍ਰਸ਼ਨ**:-(5) ਪੰਜਾਬ ਦੇ ਪੰਜ ਦੋਆਬਿਆਂ ਦੇ ਨਾਂਅ ਲਿਖੋ।

ਉੱਤਰ:- (i) ਬਿਸਤ ਦੋਆਬ (ii) ਬਾਰੀ ਦੋਆਬ, (iii) ਰਚਨਾ ਦੋਆਬ (iv) ਚੱਜ ਦੋਆਬ (v) ਸਿੰਧ ਸਾਗਰ ਦੋਆਬ

**VI 5●-6● ਸ਼ਬਦਾਂ ਵਾਲੇ ਉੱਤਰ**

**ਪ੍ਰਸ਼ਨ**:-(1). **ਹਿਮਾਲਾ ਦੀਆਂ ਪਹਾੜੀਆਂ ਦੇ ਹੇਠ ਲਿਖੇ ਚਾਰ ਲਾਭ ਹਨ:-**

ਉੱਤਰ:- (i) ਹਿਮਾਲਾ ਤੋਂ ਨਿਕਲਣ ਵਾਲੀਆਂ ਨਦੀਆਂ ਸਾਰਾ ਸਾਲ ਵਗਦੀਆਂ ਹਨ। ਇਹ ਨਦੀਆਂ ਪੰਜਾਬ ਦੀ ਧਰਤੀ ਨੂੰ ਉਪਜਾਊ ਬਣਾਉਂਦੀਆਂ ਹਨ।

(ii) ਹਿਮਾਲਾ ਦੀਆਂ ਪਹਾੜੀਆਂ ਦੇ ਸੰਘਣੇ ਜੰਗਲਾਂ ਤੋਂ ਜੜੀ-ਬੂਟੀਆਂ ਅਤੇ ਲੱਕੜ ਪ੍ਰਾਪਤ ਹੁੰਦੀ ਹੈ।

(iii) ਹਿਮਾਲਾ ਦੀਆਂ ਚੋਟੀਆਂ ਦੁਸ਼ਮਣ ਨੂੰ ਭਾਰਤ ਤੇ ਹਮਲਾ ਕਰਨ ਤੋਂ ਰੋਕਦੀਆਂ ਹਨ।

(iv) ਹਿਮਾਲਾ ਪਰਬਤ ਵਰਖਾ ਲਿਆਉਣ ਵਿੱਚ ਸਹਾਇਤਾ ਕਰਦੇ ਹਨ। ਜਾਂ
ਹਿਮਾਲਾ ਪਰਬਤ ਮੀਂਹ ਪਾਉਣ ਵਿੱਚ ਸਹਾਇਤਾ ਕਰਦੇ ਹਨ।

**ਪ੍ਰਸ਼ਨ**:–(2) ਕੋਈ ਤਿੰਨ ਦੁਆਬਿਆਂ ਬਾਰੇ ਸੰਖੇਪ ਵਿੱਚ ਦੱਸੋ।

ਉੱਤਰ:– (1) ਦੁਆਬਾ ਸਿੰਧ ਸਾਗਰ: ਇਸ ਦੁਆਬੇ ਵਿੱਚ ਦਰਿਆ ਸਿੰਧ ਅਤੇ ਜੇਹਲਮ ਵਿਚਲਾ ਇਲਾਕਾ ਆਉਂਦਾ ਹੈ। ਇਹ ਭਾਗ ਜਿਆਦਾ ਉਪਜਾਊ ਨਹੀਂ ਹੈ।

(2) ਦੁਆਬ ਚੱਜ: ਇਸ ਦੁਆਬੇ ਵਿੱਚ ਦਰਿਆ ਚਨਾਬ ਅਤੇ ਜੇਹਲਮ ਵਿਚਲਾ ਇਲਾਕਾ ਆਉਂਦਾ ਹੈ। ਗੁਜਰਾਤ ਅਤੇ ਭੇਰਾ ਇਸਦੇ ਪ੍ਰਸਿੱਧ ਸ਼ਹਿਰ ਹਨ।

(3) ਦੁਆਬ ਰਚਨਾ : ਇਸ ਦੁਆਬੇ ਵਿੱਚ ਦਰਿਆ ਚਨਾਬ ਅਤੇ ਰਾਵੀ ਵਿਚਲਾ ਇਲਾਕਾ ਆਉਂਦਾ ਹੈ। ਇਸ ਉਪਜਾਊ ਭਾਗ ਦਾ ਗੁੱਜਰਾਂਵਾਲਾ ਪ੍ਰਸਿੱਧ ਸ਼ਹਿਰ ਹੈ।

**ਪ੍ਰਸ਼ਨ**:– (3) ਪੰਜਾਬ ਦੇ ਦਰਿਆਵਾਂ ਨੇ ਇਸਦੇ ਇਤਿਹਾਸ ਤੇ ਕੀ ਅਸਰ ਪਾਇਆ ਹੈ?

ਉੱਤਰ:– ਪੰਜਾਬ ਦੇ ਦਰਿਆਵਾਂ ਦਾ ਇਸਦੇ ਇਤਿਹਾਸ ਤੇ ਪ੍ਰਭਾਵ:–

(1) ਪੰਜਾਬ ਦੇ ਦਰਿਆਵਾਂ ਨੇ ਸਦਾ ਦੁਸ਼ਮਣ ਦੇ ਵਧਦੇ ਕਦਮਾਂ ਨੂੰ ਰੋਕਿਆ ਹੈ।

(2) ਇੱਥੋਂ ਦੇ ਦਰਿਆਵਾਂ ਨੇ ਹਮਲਾਵਰਾਂ ਨੂੰ ਰਾਹ ਦੱਸਣ ਵਿੱਚ ਮਦਦ ਵੀ ਕੀਤੀ ਹੈ।

(3) ਪੰਜਾਬ ਦੇ ਦਰਿਆਵਾਂ ਨੇ ਕੁਦਰਤੀ ਹੱਦਾਂ ਦਾ ਕੰਮ ਵੀ ਕੀਤਾ ਹੈ।

(4) ਇਹਨਾਂ ਦਰਿਆਵਾਂ ਨੇ ਪੰਜਾਬ ਦੇ ਮੈਦਾਨਾਂ ਨੂੰ ਉਪਜਾਊ ਬਣਾਇਆ ਅਤੇ ਪੰਜਾਬੀਆਂ ਨੂੰ ਅਮੀਰੀ ਬਖਸ਼ੀ।

**ਪ੍ਰਸ਼ਨ**:– (4) ਪੰਜਾਬ ਨੇ ਭਾਰਤੀ ਇਤਿਹਾਸ ਵਿੱਚ ਕੀ ਭੂਮਿਕਾ ਨਿਭਾਈ ਹੈ?

ਉੱਤਰ:– ਪੰਜਾਬ ਦੀ ਭਾਰਤੀ ਇਤਿਹਾਸ ਵਿੱਚ ਭੂਮਿਕਾ :

(1) ਪੰਜਾਬ ਭਾਰਤੀ ਸੱਭਿਅਤਾ ਦਾ ਪੰਘੂੜਾ ਬਣਿਆ।

(2) ਸਿੰਧੂ ਘਾਟੀ ਸੱਭਿਅਤਾ ਇਸੇ ਖੇਤਰ ਵਿੱਚ ਵਧੀ–ਫੁੱਲੀ।

(3) ਹਿੰਦੂ ਧਰਮ ਦੀ ਉੱਤਪਤੀ ਇੱਥੇ ਹੀ ਹੋਈ ਅਤੇ ਇੱਥੇ ਵਧਿਆ–ਫੁੱਲਿਆ।

(4) ਮਹਾਨ ਵੇਦਾਂ–ਗ੍ਰੰਥਾਂ ਦੀ ਇੱਥੇ ਰਚਨਾ ਹੋਈ।

(5) ਪੰਜਾਬ ਹੀ ਸਿੱਖ ਧਰਮ ਦੀ ਜਨਮ ਭੂਮੀ ਹੈ।

(6) ਪੰਜਾਬੀਆਂ ਨੇ ਵਿਦੇਸ਼ੀ ਹਮਲਾਵਰਾਂ ਨਾਲ ਯੁੱਧ ਕਰਕੇ ਉਹਨਾਂ ਦੇ ਕਦਮਾਂ ਨੂੰ ਭਾਰਤ ਵੱਲ ਵਧਣੋ ਰੋਕਿਆ।

(7) ਗੁਰੂ ਗ੍ਰੰਥ ਸਾਹਿਬ ਦੀ ਰਚਨਾ ਅਤੇ ਖਾਲਸਾ ਪੰਥ ਦੀ ਸਿਰਜਣਾ ਇਸੇ ਧਰਤੀ ਤੇ ਹੋਈ।

(8) ਇਸਲਾਮ ਤੇ ਸੂਫੀਵਾਦ ਵੀ ਭਾਰਤ ਵਿੱਚ ਸਭ ਤੋਂ ਪਹਿਲਾਂ ਇੱਥੇ ਹੀ ਵਧਿਆ–ਫੁੱਲ੍ਹਿਆ।

**ਪ੍ਰਸ਼ਨ**:– (5) ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਕਦੋਂ ਅਤੇ ਕਿਸਨੇ ਮਿਲਾਇਆ? ਆਜਾਦੀ ਦੀ ਲੜਾਈ ਵਿੱਚ ਪੰਜਾਬ ਦੇ ਯੋਗਦਾਨ ਬਾਰੇ ਲਿਖੋ।

ਉੱਤਰ:– ਪੰਜਾਬ ਨੂੰ 1849 ਈਸਵੀ ਵਿੱਚ ਲਾਰਡ ਡਲਹੌਜ਼ੀ ਨੇ ਅੰਗਰੇਜ਼ੀ ਰਾਜ ਵਿਚ ਮਿਲਾਇਆ।

ਆਜ਼ਾਦੀ ਦੀ ਲੜਾਈ ਵਿੱਚ ਪੰਜਾਬ ਨੇ ਬਹੁਤ ਯੋਗਦਾਨ ਪਾਇਆ ਜਿਵੇਂ–

(1) ਪੰਜਾਬ ਵਿੱਚ ਬਾਬਾ ਰਾਮ ਸਿੰਘ ਜੀ ਨੇ ਕੂਕਾ ਅੰਦੋਲਨ ਦੀ ਨੀਂਹ ਰੱਖੀ।

(2) 20ਵੀਂ ਸਦੀ ਵਿੱਚ ਗਦਰ ਪਾਰਟੀ ਅਤੇ ਨੌਜੁਆਨ ਭਾਰਤ ਸਭਾ ਆਦਿ ਵਰਗੀਆਂ ਕਈ ਲਹਿਰਾਂ ਨੇ ਆਜ਼ਾਦੀ ਦੀ ਲੜਾਈ ਨੂੰ ਹੋਰ ਤੇਜ਼ ਕੀਤਾ।

(3) ਸ਼ਹੀਦ ਭਗਤ ਸਿੰਘ, ਊਧਮ ਸਿੰਘ ਅਤੇ ਕਰਤਾਰ ਸਿੰਘ ਸਰਾਭੇ ਵਰਗੇ ਨੌਜੁਆਨਾਂ ਨੇ ਭਾਰਤ ਮਾਂ ਦੀ ਆਜ਼ਾਦੀ ਲਈ ਹੱਸ–ਹੱਸ ਕੇ ਆਪਣੀਆਂ ਜਾਨਾਂ ਵਾਰੀਆਂ।

(4) ਪੰਜਾਬ ਨੂੰ ਭਾਰਤ ਦੀ ਖੜਗ ਭੁਜਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਕਿਉਂਕਿ ਭਾਰਤ ਵਿੱਚ ਬਾਹਰੋਂ ਆਉਣ ਵਾਲੀ ਹਮਲਾਵਰਾਂ ਦਾ ਟਾਕਰਾਂ ਸੱਭ ਤੋਂ ਪਹਿਲਾਂ ਪੰਜਾਬੀਆਂ ਨਾਲ ਹੀ ਹੁੰਦਾ ਸੀ।

# ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੇ ਪੰਜਾਬ ਦੀ ਰਾਜਨੀਤਿਕ ਅਤੇ ਸਮਾਜਿਕ ਅਵਸਥਾ

**(ਵਸਤੂਨਿਸ਼ਠ ਪ੍ਰਸ਼ਨ)**

**I ਠੀਕ ਉੱਤਰ ਚੁਣੋ:**

(ੳ) ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਕਿਹੜੇ ਸਾਲ ਈਸਵੀ ਹੋਇਆ?

1. 126● ਈਸਵੀ ਵਿੱਚ 2. 1469 ਈਸਵੀ ਵਿੱਚ

3. 1526 ਈਸਵੀ ਵਿੱਚ 4. 1398 ਈਸਵੀ ਵਿੱਚ

(ਅ) ਪਤੀ ਦੀ ਚਿਤਾ ਉਤੇ ਪਤਨੀ ਨੂੰ ਜਿਉਂਦੇ ਸਾੜਨ ਦੀ ਭੈੜੀ ਰਸਮ ਦਾ ਨਾਂਅ ਕੀ ਸੀ?

1. ਬਾਲ ਵਿਆਹ 2. ਦਹੇਜ ਪ੍ਰਥਾ

3. ਸਤੀ ਪ੍ਰਥਾ 4. ਭਰੂਣ ਹੱਤਿਆ

(ੲ) ਪਾਣੀਪਤ ਦੀ ਪਹਿਲੀ ਲੜਾਈ ਕਦੋਂ ਹੋਈ?

1.1666 ਈਸਵੀ 2. 1688 ਈਸਵੀ

3. 1562 ਈਸਵੀ 4. 1526 ਈਸਵੀ

(ਸ) ਉਲਮਾ ਕੌਣ ਸਨ?

1. ਸੇਖ 2. ਮੁੱਲਾ

3. ਮੁਸਲਿਮ ਧਾਰਮਿਕ ਵਰਗ ਦੇ ਨੇਤਾ 4. ਕਾਜ਼ੀ

(ਹ) ਬਾਬਰ ਨੇ ਪਾਣੀਪਤ ਦੀ ਪਹਿਲੀ ਲੜਾਈ ਵਿੱਚ ਕਿਸਨੂੰ ਹਰਾਇਆ?

1. ਫਿਰੋਜ ਤੁਗਲਕ ਨੂੰ 2. ਇਬਰਾਹੀਮ ਲੋਧੀ ਨੂੰ

3. ਸੇਰ ਸ਼ਾਹ ਸੂਰੀ ਨੂੰ 4. ਹੇਮੂੰ ਨੂੰ

**ਉੱਤਰ:-**

(ੳ) 2. 1469 ਈਸਵੀ ਵਿੱਚ

(ਅ) 3. ਸਤੀ ਪ੍ਰਥਾ

(ੲ) 1526 ਈਸਵੀ

(ਸ) ਮੁਸਲਿਮ ਧਾਰਮਿਕ ਵਰਗ ਦੇ ਨੇਤਾ

(ਹ) ਇਬਰਾਹੀਮ ਲੋਧੀ ਨੂੰ

**II ਹੇਠ ਲਿਖੇ ਸ਼ਬਦਾਂ ਨੂੰ ਠੀਕ ਤਰ੍ਹਾਂ ਮਿਲਾਓ:**

| | | |
|---|---|---|
| (1) | (ੳ) ਸੱਯਦ | ਇਬਰਾਹੀਮ ਲੋਧੀ |
| | (ਅ) ਵਪਾਰੀ ਅਤੇ ਕਿਸਾਨ | ਬੀਬੀ ਫਾਤਿਮਾ ਦੀ ਸੰਤਾਨ |
| | (ੲ) ਲੋਧੀ ਬਾਦਸ਼ਾਹ | ਜਜ਼ੀਆ |
| | (ਸ) ਧਾਰਮਿਕ ਕਰ | ਮੱਧ-ਸ਼੍ਰੇਣੀ |
| (2) | (ੳ) ਵੈਸ਼ | ਯੋਧਾ ਸ਼੍ਰੇਣੀ |
| | (ਅ) ਖੱਤਰੀ | ਧਾਰਮਿਕ ਵਿਦਵਾਨ |
| | (ੲ) ਸ਼ੂਦਰ | ਵਪਾਰੀ ਵਰਗ |
| | (ਸ) ਬ੍ਰਾਹਮਣ | ਸੇਵਕ ਵਰਗ |

**ਉੱਤਰ:-**

| | | |
|---|---|---|
| (1) | (ੳ) ਸੱਯਦ | ਬੀਬੀ ਫਾਤਿਮਾ ਦੀ ਸੰਤਾਨ |
| | (ਅ) ਵਪਾਰੀ ਅਤੇ ਕਿਸਾਨ | ਮੱਧ ਸ਼੍ਰੇਣੀ |
| | (ੲ) ਲੋਧੀ ਬਾਦਸ਼ਾਹ | ਇਬਰਾਹੀਮ ਲੋਧੀ |
| | (ਸ) ਧਾਰਮਿਕ ਕਰ | ਜਜੀਆ |
| (2) | (ੳ) ਵੈਸ਼ | ਵਪਾਰੀ ਵਰਗ |
| | (ਅ) ਖੱਤਰੀ | ਯੋਧਾ ਸ਼੍ਰੇਣੀ |
| | (ੲ) ਸ਼ੂਦਰ | ਸੇਵਕ ਵਰਗ |
| | (ਸ) ਬ੍ਰਾਹਮਣ | ਧਾਰਮਿਕ ਵਿਦਵਾਨ |

**III ਖਾਲੀ ਥਾਂਵਾਂ ਭਰੋ:**

(1) ਬਾਬਰ ਨੇ ਪੰਜਾਬ ਨੂੰ ............... ਈਸਵੀ ਵਿੱਚ ਜਿੱਤਿਆ।

(1469 ਈਸਵੀ/1526 ਈਸਵੀ/1588 ਈਸਵੀ)

(2) ..............ਦੌਲਤ ਖਾਂ ਲੋਧੀ ਦਾ ਪੁੱਤਰ ਸੀ। (ਦਿਲਾਵਰ ਖਾਂ ਲੋਧੀ, ਬਾਬਰ , ਆਲਮ ਖਾਂ●

(3) ਹਿੰਦੂਆਂ ਤੋਂ ..............ਧਾਰਮਿਕ ਕਰ ਵਸੂਲਿਆਂ ਜਾਂਦਾ ਸੀ। (ਜ਼ਕਾਤ, ਭੂਮੀ ਕਰ, ਜਜ਼ੀਆ)

(4) ਗੁਲਾਮ ਹਿਜੜਿਆਂ ਨੂੰ ਬੇਗਮਾਂ ਦੀ ਸੇਵਾ ਲਈ ..............ਵਿੱਚ ਰੱਖਿਆ ਜਾਂਦਾ ਸੀ। (ਮਹਿਲ, ਹਰਮ, ਮਕਬਰਾ)

(5) ਸ਼ੂਦਰਾਂ ਨੂੰ ..............ਸਮਝਿਆ ਜਾਂਦਾ ਸੀ। (ਅਛੂਤ, ਆਦਰਯੋਗ, ਯੋਧੇ)

**ਉੱਤਰ:-**

(1) 1526 ਈਸਵੀ
(2) ਦਿਲਾਵਰ ਖਾਂ ਲੋਧੀ
(3) ਜਜੀਆ
(4) ਹਰਮ
(5) ਅਛੂਤ

**IV ਸਹੀ ਵਾਕ ਅੱਗੇ (3) ਅਤੇ ਗਲਤ ਵਾਕ ਅੱਗੇ (7) ਦਾ ਨਿਸ਼ਾਨ ਲਗਾਓ।**

(1) ਹਿੰਦੂ ਸਮਾਜ ਤਿੰਨ ਮੁੱਖ ਜਾਤੀਆਂ ਵਿੱਚ ਵੰਡਿਆ ਹੋਇਆ ਸੀ। (7)

(2) 16ਵੀਂ ਸਦੀ ਵਿੱਚ ਔਰਤਾਂ ਦੀ ਹਾਲਤ ਚੰਗੀ ਸੀ। (7)

(3) ਇਬਰਾਹੀਮ ਲੋਧੀ ਪਾਣੀਪਤ ਦੀ ਪਹਿਲੀ ਲੜਾਈ ਵਿੱਚ ਹਾਰ ਗਿਆ ਸੀ। (3)

(4) ਦੋਲਤ ਖਾਂ ਲੋਧੀ ਪੰਜਾਬ ਦਾ ਗਵਰਨਰ (ਸੂਬੇਦਾਰ) ਸੀ। (3)

(5) ਜੌਹਰ ਦੀ ਪ੍ਰਥਾ ਰਾਜਪੂਤ ਇਸਤਰੀਆ (ਔਰਤਾਂ) ਵਿੱਚ ਮੌਜੂਦ ਸੀ। (3)

**V (a) ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ:-**

**ਪ੍ਰਸ਼ਨ:-**(1) ਤਾਤਾਰ ਖਾਂ ਦੇ ਬਾਅਦ ਪੰਜਾਬ ਦਾ ਸੂਬੇਦਾਰ ਕੌਣ ਬਣਿਆ?

ਉੱਤਰ:- ਦੌਲਤ ਖਾਂ ਲੋਧੀ।

**ਪ੍ਰਸ਼ਨ:-**(2) ਮੁਸਲਿਮ ਸਮਾਜ ਵਿੱਚ ਸਭ ਤੋਂ ਹੇਠਲੇ ਦਰਜੇ ਤੇ ਕੌਣ ਸੀ?

ਉੱਤਰ:- ਗੁਲਾਮ

**ਪ੍ਰਸ਼ਨ:-**(3) ਬਾਬਰ ਦਾ ਲਾਹੌਰ ਤੇ ਕਬਜਾ ਕਦੋਂ ਹੋਇਆ?

ਉੱਤਰ:- 1524 ਈਸਵੀ ਵਿੱਚ।

**ਪ੍ਰਸ਼ਨ:-**(4) ਲੋਧੀ ਮੁਲਤਾਨਾਂ ਵੇਲੇ ਨਿਆਂ ਅਧਿਕਾਰੀ ਕੌਣ ਹੁੰਦਾ ਸੀ?

ਜਾਂ

ਲੋਧੀ ਮੁਲਤਾਨਾਂ ਵੇਲੇ ਨਿਆਂ ਬਾਰੇ ਕੰਮ ਕੌਣ ਕਰਦੇ ਸਨ?

ਉੱਤਰ:- ਕਾਜ਼ੀ

**ਪ੍ਰਸ਼ਨ:-**(5) ਹਿੰਦੂ ਸਮਾਜ ਵਿੱਚ ਸਭ ਤੋਂ ਹੇਠਲੇ ਦਰਜੇ ਤੇ ਕੌਣ ਸੀ?

ਉੱਤਰ:- ਸ਼ੂਦਰ।

**V (b) ਉੱਤਰ ਇੱਕ ਜਾਂ ਦੋ ਲਾਈਨਾਂ ਵਿੱਚ ਦਿਓ:-**

**ਪ੍ਰਸ਼ਨ:-** (1) ਇਬਰਾਹੀਮ ਲੋਧੀ ਦੇ ਸੁਭਾਅ ਦੇ ਦੋ ਦੋਸ਼ (ਔਗੁਣ ਲਿਖੋ)।

ਉੱਤਰ: (ੳ) ਇਬਰਾਹੀਮ ਲੋਧੀ ਪਠਾਣਾਂ ਦੇ ਸੁਭਾਅ ਅਤੇ ਵਤੀਰੇ ਨੂੰ ਨਹੀਂ ਸਮਝ ਸਕਿਆ।
(ਅ) ਉਸਨੇ ਪਠਾਣਾਂ ਵਿੱਚ ਅਨੁਸ਼ਾਸਨ ਕਾਇਮ ਕਰਨ ਦਾ ਅਸਫਲ ਯਤਨ ਕੀਤਾ।

**ਪ੍ਰਸ਼ਨ:-** (2) ਉਲਮਾ ਬਾਰੇ ਤੁਸੀਂ ਕੀ ਜਾਣਦੇ ਹੋ?

ਉੱਤਰ: -ਉਲਮਾ ਮੁਸਲਿਮ ਧਾਰਮਿਕ ਸ਼੍ਰੇਣੀ ਦੇ ਨੇਤਾ ਸਨ ਜੋ ਅਰਬੀ ਅਤੇ ਧਾਰਮਿਕ ਸਾਹਿਤ ਦੇ ਵਿਦਵਾਨ ਸਨ।

**ਪ੍ਰਸ਼ਨ:-**:(3) ਮੁਸਲਿਮ ਮੱਧ ਸ਼੍ਰੇਣੀ ਵਿੱਚ ਕੌਣ ਕੌਣ ਸਨ?

ਉੱਤਰ:- ਮੁਸਲਿਮ ਮੱਧ ਸ਼੍ਰੇਣੀ ਵਿੱਚ ਸਰਕਾਰੀ ਮੁਲਾਜ਼ਮ, ਸਿਪਾਹੀ, ਵਪਾਰੀ ਅਤੇ ਕਿਸਾਨ ਆਉਂਦੇ ਸਨ।

**ਪ੍ਰਸ਼ਨ:-**:(4) ਹਿੰਦੂਆਂ ਦੇ ਵਹਿਮਾਂ ਅਤੇ ਅਗਿਆਨਤਾ ਬਾਰੇ ਦੱਸੋ।

ਉੱਤਰ:- 16ਵੀਂ ਸਦੀ ਵੇਲੇ ਪੰਜਾਬ ਦੇ ਹਿੰਦੂ ਦੇਵਤਿਆਂ ਨੂੰ ਖੁਸ਼ ਕਰਨ ਲਈ ਬਲੀ ਦਿੰਦੇ ਸਨ।
(ਅ) ਉਹ ਜਾਦੂ-ਟੂਣੇ, ਤਵੀਤਾਂ ਅਤੇ ਕਰਾਮਾਤਾਂ ਵਿੱਚ ਯਕੀਨ ਰੱਖਦੇ ਸਨ।

**ਪ੍ਰਸ਼ਨ:-** (5) ਜੌਹਰ ਦੀ ਪ੍ਰਥਾ ਕੀ ਸੀ?

ਉੱਤਰ:- ਜੌਹਰ ਦੀ ਪ੍ਰਥਾ ਅਨੁਸਾਰ ਰਾਜਪੂਤ ਇਸਤਰੀਆਂ ਆਪਣੇ ਸਤ ਅਤੇ ਇੱਜਤ ਲਈ ਅੱਗ ਵਿੱਚ ਜਿਉਂਦੀਆਂ ਸੜ ਮਰਦੀਆਂ ਸਨ।

**VI ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 5●-6● ਸ਼ਬਦਾਂ ਜਾਂ 5-6 ਲਾਈਨਾਂ ਵਿੱਚ ਦਿਓ:-**

**ਪ੍ਰਸ਼ਨ :-** (1) ਸਿਕੰਦਰ ਲੋਧੀ ਦੀ ਧਾਰਮਿਕ ਨੀਤੀ ਬਾਰੇ ਲਿਖੋ।

ਉੱਤਰ:- (i) ਸਿਕੰਦਰ ਲੋਧੀ ਦੀ ਨਿਆਂ-ਪ੍ਰਸਤੀ ਮੁਸਲਮਾਨ ਵਰਗ ਤੱਕ ਹੀ ਸੀਮਿਤ ਸੀ।
(ii) ਉਹ ਹਿੰਦੂ ਪਰਜਾ ਲਈ ਬੜਾ ਜ਼ਾਲਮ ਅਤੇ ਅਤਿਆਚਾਰੀ ਸੀ।
(iii) ਉਸਨੇ ਹਿੰਦੂਆਂ ਨੂੰ ਧੱਕੇ ਨਾਲ ਮੁਸਲਮਾਨ ਬਣਾਇਆ।
(iv) ਉਸਨੇ ਹਿੰਦੂਆਂ ਦੇ ਮੰਦਰਾਂ ਨੂੰ ਡੇਗ ਦਿੱਤਾ।
(v) ਹਜ਼ਾਰਾਂ ਹਿੰਦੂ ਸਿਕੰਦਰ ਲੋਧੀ ਦੇ ਜ਼ੁਲਮ ਦਾ ਸ਼ਿਕਾਰ ਹੋਏ।

**ਪ੍ਰਸ਼ਨ :-** (2) 16ਵੀਂ ਸਦੀ ਦੇ ਸ਼ੁਰੂ ਵਿੱਚ ਪੰਜਾਬ ਦੀ ਰਾਜਨੀਤਿਕ ਦਸ਼ਾ ਬਾਰੇ ਲਿਖੋ।

ਉੱਤਰ:- (i) 16ਵੀਂ ਸਦੀ ਦੇ ਸ਼ੁਰੂ ਵਿੱਚ ਪੰਜਾਬ ਦੀ ਰਾਜਨੀਤਿਕ ਹਾਲਤ ਬਹੁਤ ਬੁਰੀ ਸੀ।

(ii) ਉਦੋਂ ਪੰਜਾਬ ਨੂੰ ਲਾਹੌਰ ਰਾਜ ਆਖਦੇ ਸਨ।

(iii) ਪੰਜਾਬ ਅਨਿਆਂ ਅਤੇ ਸਾਜਿਸ਼ਾਂ ਦਾ ਅੱਡਾ ਬਣਿਆ ਹੋਇਆ ਸੀ।

(iv) ਰਾਜੇ ਅਤੇ ਨਵਾਬ ਭੋਗ ਵਿਲਾਸ ਵਿੱਚ ਰੁੱਝੇ ਹੋਏ ਸਨ।

(v) ਸਰਕਾਰੀ ਮੁਲਾਜ਼ਮ ਵੱਢੀਖੋਰ ਅਤੇ ਕੰਮਚੋਰ ਸਨ।

**ਪ੍ਰਸ਼ਨ** :- (3) 16ਵੀਂ ਸਦੀ ਵਿੱਚ ਹਿੰਦੂ ਧਰਮ ਦੀ ਜਾਤੀ ਵੰਡ ਬਾਰੇ ਲਿਖੋ।

ਉੱਤਰ:- (i) 16ਵੀਂ ਸਦੀ ਦਾ ਹਿੰਦੂ ਸਮਾਜ 4 ਜਾਤਾਂ ਵਿੱਚ ਵੰਡਿਆ ਹੋਇਆ ਸੀ।

(ii) ਉਹ ਚਾਰ ਜਾਤਾਂ ਸਨ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ।

(iii) ਬ੍ਰਾਹਮਣ ਉਸ ਸਮੇਂ ਦੇ ਸਾਸਕਾਂ ਦੀ ਚਾਪਲੂਸੀ ਕਰਕੇ ਆਪਣੀ ਜਾਤ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਸਨ।

(iv) ਬ੍ਰਾਹਮਣ ਆਪਣੇ ਲਾਲਚ ਲਈ ਸਮਾਜ ਵਿੱਚ ਵਹਿਮ ਭਰਮ ਫੈਲਾਉਂਦੇ ਸਨ।

(v) ਵੈਸ਼ ਅਤੇ ਖੱਤਰੀਆਂ ਦੀ ਹਾਲਤ ਠੀਕ ਸੀ।

(vi) ਸੂਦਰਾਂ ਦੀ ਹਾਲਤ ਬੜੀ ਤਰਸਯੋਗ ਸੀ। ਬਾਕੀ ਜਾਤਾਂ ਉਹਨਾਂ ਨੂੰ ਘਿਰਣਾ ਕਰਦੀਆਂ ਸਨ।

**ਪ੍ਰਸ਼ਨ** :- (4) 16ਵੀਂ ਸਦੀ ਵਿੱਚ ਪੰਜਾਬ ਵਿੱਚ ਇਸਤਰੀਆਂ (ਔਰਤਾਂ) ਦੀ ਹਾਲਤ ਕਿਹੋ ਜਿਹੀ ਸੀ?

ਉੱਤਰ:- (i) 16ਵੀਂ ਸਦੀ ਦੇ ਸ਼ੁਰੂ ਵਿੱਚ ਸਮਾਜ ਵਿੱਚ ਔਰਤਾਂ ਦੀ ਹਾਲਤ ਚੰਗੀ ਨਹੀਂ ਸੀ।

(ii) ਉਸਨੂੰ ਨੀਚ ਅਤੇ ਮਰਦਾਂ ਤੋਂ ਘਟੀਆ ਸਮਝਿਆ ਜਾਂਦਾ ਸੀ।

(iii) ਮੁਸਲਿਮ ਸਮਾਜ ਵਿੱਚ ਤਾਂ ਔਰਤ ਨੂੰ ਮਨ ਪ੍ਰਚਾਵੇ ਦਾ ਸਾਧਨ ਹੀ ਸਮਝਿਆ ਜਾਂਦਾ ਸੀ।

(iv) ਕੁਝ ਰਾਜਪੂਤ ਕਬੀਲੇ ਕੁੜੀਆਂ ਨੂੰ ਜੰਮਦਿਆਂ ਮਾਰ ਦਿੰਦੇ ਸਨ।

(v) ਕਈ ਤਰ੍ਹਾਂ ਦੀਆਂ ਕੁਰੀਤੀਆਂ ਜਿਵੇਂ ਸਤੀ-ਪ੍ਰਥਾ, ਬਾਲ ਵਿਆਹ ਅਤੇ ਪਰਦਾ ਪ੍ਰਥਾ ਆਦਿ ਔਰਤਾਂ ਦੇ ਵਿਕਾਸ ਦੇ ਰਾਹ ਵਿੱਚ ਰੋੜਾ ਸਨ।

(vi) ਸਮਾਜ ਵਿੱਚ ਜਿਆਦਾਤਰ ਔਰਤਾਂ ਅਨਪੜ੍ਹ ਸਨ। ਔਰਤ ਘਰ ਦੀਆਂ ਕੰਧਾ ਵਿੱਚ ਹੀ ਕੈਦ ਸੀ।

**ਪ੍ਰਸ਼ਨ** :- (5) ਪਾਣੀਪਤ ਦੀ ਪਹਿਲੀ ਲੜਾਈ ਬਾਰੇ ਦੱਸੋ।

ਉੱਤਰ:- (i) ਬਾਬਰ ਪੰਜਾਬ ਨੂੰ ਜਿੱਤ ਕੇ ਦਿੱਲੀ ਵੱਲ ਵਧਿਆ।

(ii) ਦਿੱਲੀ ਲਾਗੇ ਰਸਤੇ ਵਿੱਚ ਬਾਬਰ ਦਾ ਪਾਣੀਪਤ ਵਿਖੇ ਸੁਲਤਾਨ ਇਬਰਾਹੀਮ ਲੋਧੀ ਦੀ ਸੈਨਾ ਨਾਲ ਸਾਹਮਣਾ ਹੋਇਆ।

(iii) 21 ਅਪ੍ਰੈਲ 1526 ਈਸਵੀ ਵਾਲੇ ਦਿਨ ਪਾਣੀਪਤ ਦੇ ਇਤਿਹਾਸਕ ਮੈਦਾਨ ਵਿੱਚ ਦੋਹਾਂ ਸੈਨਾਵਾਂ ਵਿੱਚ ਯੁੱਧ ਹੋਇਆ।

(iv) ਬਾਬਰ ਦੀ ਸੈਨਾ ਜਿੱਤ ਗਈ। ਇਬਰਾਹੀਮ ਲੋਧੀ ਦੀ ਬੁਰੀ ਤਰ੍ਹਾਂ ਹਾਰ ਹੋਈ ਅਤੇ ਉਹ ਮਾਰਿਆ ਗਿਆ।

(v) ਇਵੇਂ ਬਾਬਰ ਨੇ ਦਿੱਲੀ ਜਿੱਤੀ ਅਤੇ ਸਾਰੇ ਭਾਰਤ ਵਿੱਚ ਮੁਗਲ ਰਾਜ ਦੀ ਨੀਂਹ ਰੱਖੀ ਗਈ।

**ਪ੍ਰਸ਼ਨ** :- (6) 16ਵੀਂ ਸਦੀ ਵਿੱਚ ਪੰਜਾਬ ਵਿੱਚ ਮੁਸਲਿਮ ਸਮਾਜ ਦੇ ਵੱਖ-ਵੱਖ ਵਰਗਾਂ ਦਾ ਵਰਣਨ ਕਰੋ।

ਉੱਤਰ:- (i) 16ਵੀਂ ਸਦੀ ਵਿੱਚ ਮੁਸਲਿਮ ਸਮਾਜ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਸੀ:-

(ii) ਉੱਚ ਵਰਗ ਸੁਲਤਾਨ, ਅਮੀਰ, ਕਾਜ਼ੀ, ਉਲਮਾ, ਮੰਤਰੀ, ਉੱਚ ਸਰਕਾਰੀ ਫੌਜੀ ਅਤੇ ਸਿਵਲ ਮੁਲਾਜ਼ਮ ਆਦਿ ਇਸ ਵਰਗ ਵਿੱਚ ਸਾਮਲ ਸਨ।

(iii) ਉੱਚ ਵਰਗ ਆਪਣਾ ਸਮਾਂ ਐਸ਼ੋ-ਆਰਾਮ ਵਿੱਚ ਬਿਤਾਉਂਦਾ ਸੀ।

(iv) ਮੱਧ ਸ਼੍ਰੇਣੀ-ਛੋਟੇ ਪੱਧਰ ਦੇ ਕਾਜ਼ੀ, ਕਰਮਚਾਰੀ, ਸੈਨਿਕ ਵਪਾਰੀ ਆਦਿ ਮੱਧ ਸ਼੍ਰੇਣੀ ਵਿੱਚ ਸ਼ਾਮਲ ਸਨ।

(v) ਮੱਧ ਸ਼੍ਰੇਣੀ ਦਾ ਸਮਾਜ ਵਿੱਚ ਚੰਗਾ ਸਨਮਾਨ ਸੀ।

(vi) ਹੇਠਲੀ ਸ਼੍ਰੇਣੀ ਇਸ ਵਿੱਚ ਦਾਸ, ਘਰੇਲੂ ਨੌਕਰ ਨੌਕਰਾਣੀਆਂ ਅਤੇ ਹਿਜੜੇ ਸ਼ਾਮਲ ਸਨ।

(vii) ਇਸ ਵਰਗ ਦੇ ਲੋਕਾਂ ਦਾ ਜੀਵਨ ਚੰਗਾ ਨਹੀਂ ਸੀ।

# ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੀਆਂ ਸਿੱਖਿਆਵਾਂ

**(ਵਸਤੂਨਿਸ਼ਠ-ਪ੍ਰਸ਼ਨ)**

**I ਠੀਕ ਉੱਤਰ ਚੁਣੋ-**

(ੳ) ਗੁਰੂ ਨਾਨਕ ਦੇਵ ਜੀ ਕਿਹੋ ਜਿਹਾ ਜਨੇਊ ਚਾਹੁੰਦੇ ਸਨ?

1. ਚਾਂਦੀ ਦਾ ਬਣਿਆ — 2. ਸੋਨੇ ਦਾ ਬਣਿਆ
3. ਵਧੀਆ ਗੁਣਾਂ ਦੇ ਧਾਗੇ ਦਾ ਬਣਿਆ — 4.ਹੀਰੇ ਮੋਤੀਆਂ ਦਾ ਬਣਿਆ

(ਅ) ਗੁਰੂ ਨਾਨਕ ਦੇਵ ਜੀ ਨੇ ਕਿਹੜਾ ਸ਼ਹਿਰ ਵਸਾਇਆ?

1. ਅੰਮ੍ਰਿਤਸਰ — 2. ਕਰਤਾਰਪੁਰ
3. ਬਠਿੰਡਾ — 4. ਰੋਪੜ

(ੲ) ਗੁਰੂ ਨਾਨਕ ਦੇਵ ਜੀ ਨੇ ਸੁਲਤਾਨਪੁਰ ਲੋਧੀ ਵਿਖੇ ਕਿਸ ਕੋਲ ਨੌਕਰੀ ਕੀਤੀ?

1. ਦੌਲਤ ਖਾਂ ਲੋਧੀ — 2. ਬਾਬਰ
3. ਬਹਿਲੋਲ ਖਾਂ — 4.ਇਬਰਾਹੀਮ ਖਾਂ

(ਸ) ਕਿਸ ਘਟਨਾ ਨੂੰ ਸੱਚਾ-ਸੌਦਾ ਦਾ ਨਾਂਅ ਦਿੱਤਾ ਗਿਆ ਹੈ?

1. ਵੇਈਂ ਨਦੀ ਵਿੱਚ ਇਸ਼ਨਾਨ ਕਰਨਾ — 2. ਜੋਤੀ ਜੋਤ ਸਮਾਉਣਾ
3. ਮੋਦੀਖਾਨੇ ਵਿੱਚ ਨੌਕਰੀ ਕਰਨਾ — 4. ਵਪਾਰ ਲਈ ਦਿੱਤੇ 20 ਰੁਪਿਆਂ ਨਾਲ ਭੁੱਖੇ ਸਾਧੂਆਂ ਨੂੰ ਲੰਗਰ ਛਕਾਉਣਾ

(ਹ) ਗੁਰੂ ਨਾਨਕ ਦੇਵ ਜੀ ਨੇ ਆਸਾਮ (ਕਾਮਰੂਪ) ਵਿਖੇ ਕਿਹੜੀ ਜਾਦੂਗਰਨੀ ਨੂੰ ਉਪਦੇਸ਼ ਦਿੱਤਾ?

1. ਨੂਰਸ਼ਾਹੀ — 2. ਪੂਤਨਾ
3. ਰਾਮ ਪਿਆਰੀ — 4. ਚਾਚੀ ਤਾੜਕਾ

(ਕ) ਗੁਰੂ ਨਾਨਕ ਦੇਵ ਜੀ ਦੇ ਮਾਤਾ ਜੀ ਦਾ ਕੀ ਨਾਂਅ ਸੀ?

1. ਸੁਲੱਖਣੀ ਜੀ — 2. ਤ੍ਰਿਪਤਾ ਜੀ
3. ਅਸਰੋ ਜੀ — 4. ਅਨੋਖੀ ਜੀ

**ਉੱਤਰ:-**

(ੳ) 3. ਵਧੀਆ ਗੁਣਾਂ ਦੇ ਧਾਗੇ ਦਾ ਬਣਿਆ।

(ਅ) 2. ਕਰਤਾਰਪੁਰ।

(ੲ) 1. ਦੌਲਤ ਖਾਂ ਲੋਧੀ।

(ਸ) 4. ਵਪਾਰ ਲਈ ਦਿੱਤੇ 20 ਰੁਪਿਆਂ ਨਾਲ ਭੁੱਖੇ ਸਾਧੂਆਂ ਨੂੰ ਲੰਗਰ ਛਕਾਉਣਾ

(ਹ) 1. ਨੂਰਸ਼ਾਹੀ

(ਕ) 2. ਤ੍ਰਿਪਤਾ ਜੀ।

**II ਹੇਠ ਲਿਖੇ ਸ਼ਬਦਾਂ ਨੂੰ ਠੀਕ ਤਰ੍ਹਾ ਮਿਲਾਓ:-**

| | | |
|---|---|---|
| 1. | (ੳ) ਰਾਏ ਭੋਏ ਦੀ ਤਲਵੰਡੀ | ਹਜ਼ਰਤ ਮੁਹੰਮਦ ਸਾਹਿਬ |
| | (ਅ) ਮੱਕਾ | ਮੋਦੀਖਾਨਾ |
| | (ੲ) ਕਰਤਾਰਪੁਰ | ਨਨਕਾਣਾ ਸਾਹਿਬ |
| | (ਸ) ਸੁਲਤਾਨਪੁਰ ਲੋਧੀ | ਈਸ਼ਵਰ ਦਾ ਘਰ |
| 2. | (ੳ) ਗੁਰੂ ਨਾਨਕ ਦੇਵ ਜੀ ਦੀ ਪਤਨੀ | ਮਰਦਾਨਾ ਜੀ |
| | (ਅ) ਗੁਰੂ ਨਾਨਕ ਦੇਵ ਜੀ ਦੀ ਮਾਤਾ | ਨਾਨਕੀ ਜੀ |
| | (ੲ) ਗੁਰੂ ਨਾਨਕ ਦੇਵ ਜੀ ਦੀ ਭੈਣ | ਤ੍ਰਿਪਤਾ ਜੀ |
| | (ਸ) ਗੁਰੂ ਨਾਨਕ ਦੇਵ ਜੀ ਦਾ ਸਾਥੀ (ਦੋਸਤ) | ਸੁਲੱਖਣੀ ਜੀ |
| 3. | (ੳ) ਧਾਰਮਿਕ ਯਾਤਰਾਵਾਂ | ਸੱਚਾ ਸੌਦਾ |
| | (ਅ) ਭੁੱਖੇ ਸਾਧੂਆਂ ਨੂੰ ਭੋਜਨ ਛਕਾਉਣਾ | ਉਦਾਸੀਆਂ |
| | (ੲ) ਪਾਪਾਂ ਦੀ ਬਰਾਤ | ਮੂਲ-ਮੰਤਰ |
| | (ਸ) ਇੱਕ ਓਂਕਾਰ | ਬਾਬਰ ਦਾ ਹਮਲਾ |

**ਉੱਤਰ:-**

| | | |
|---|---|---|
| (1) | (ੳ) ਰਾਏ ਭੋਏ ਦੀ ਤਲਵੰਡੀ | ਨਨਕਾਣਾ ਸਾਹਿਬ |
| | (ਅ) ਮੱਕਾ | ਹਜ਼ਰਤ ਮੁਹੰਮਦ ਸਾਹਿਬ |
| | (ੲ) ਕਰਤਾਰਪੁਰ | ਈਸ਼ਵਰ ਦਾ ਘਰ |
| | (ਸ)ਸੁਲਤਾਨਪੁਰ ਲੋਧੀ | ਮੋਦੀਖਾਨਾ |
| (2) | (ੳ) ਗੁਰੂ ਨਾਨਕ ਦੇਵ ਜੀ ਦੀ ਪਤਨੀ | ਸੁਲੱਖਣੀ ਜੀ |

| | | |
|---|---|---|
| | (ਅ) ਗੁਰੂ ਨਾਨਕ ਦੇਵ ਜੀ ਦੀ ਮਾਤਾ | ਤ੍ਰਿਪਤਾ ਜੀ |
| | (ੲ) ਗੁਰੂ ਨਾਨਕ ਦੇਵ ਜੀ ਦੀ ਭੈਣ | ਨਾਨਕੀ ਜੀ |
| | (ਸ) ਗੁਰੂ ਨਾਨਕ ਦੇਵ ਜੀ ਦਾ ਸਾਥੀ | ਮਰਦਾਨਾ ਜੀ |
| (3) | (ੳ) ਧਾਰਮਿਕ ਯਾਤਰਾਵਾਂ | ਉਦਾਸੀਆਂ |
| | (ਅ) ਭੁੱਖੇ ਸਾਧੂਆਂ ਨੂੰ ਭੋਜਨ ਛਕਾਉਣਾ | ਸੱਚਾ-ਸੌਦਾ |
| | (ੲ) ਪਾਪਾਂ ਦੀ ਬਰਾਤ | ਬਾਬਰ ਦਾ ਹਮਲਾ |
| | (ਸ) ਇੱਕ ਓਕਾਰ | ਮੂਲ-ਮੰਤਰ |

**III ਖਾਲੀ ਥਾਵਾਂ ਭਰੋ:-**

1. ਗੁਰੂ ਨਾਨਕ ਦੇਵ ਜੀ ਨੂੰ ................ ਦੀ ਪਾਠਸ਼ਾਲਾ ਵਿੱਚ ਪੜ੍ਹਨ ਭੇਜਿਆ ਗਿਆ। (ਮਰਦਾਨਾ ਜੀ, ਪੰਡਿਤ ਗੋਪਾਲ, ਮਹਿਤਾ ਕਾਲੂ ਜੀ)

2. ਬੀਬੀ ਸੁਲੱਖਣੀ ਜੀ ................ਨਗਰ ਦੇ ਰਹਿਣ ਵਾਲੇ ਸਨ। (ਬਟਾਲਾ, ਸੁਲਤਾਨਪੁਰ, ਸੈਦਪੁਰ)

3. ਗੁਰੂ ਜੀ ਦੇ ਪਿਤਾ ਮਹਿਤਾ ਕਾਲੂ ਜੀ ਇੱਕ ................ਸਨ। (ਹਕੀਮ, ਪੰਡਿਤ, ਪਟਵਾਰੀ)

4. ................ਗੁਰੂ ਜੀ ਦੇ ਭੈਣ ਜੀ ਸਨ। (ਸੁਲੱਖਣੀ ਜੀ ਨਾਨਕੀ ਜੀ, ਤ੍ਰਿਪਤਾ ਜੀ)

5. ਬਾਬਰ ਨੇ ................ਸਥਾਨ ਵਿਖੇ ਗੁਰੂ ਨਾਨਕ ਦੇਵ ਜੀ ਨੂੰ ਕੈਦੀ ਬਣਾਇਆ। (ਤੁਲੰਬਾ, ਸੈਦਪੁਰ, ਕਾਮਰੂਪ)

**ਉੱਤਰ:-** 1. **ਪੰਡਿਤ ਗੋਪਾਲ** 2. **ਬਟਾਲਾ** 3.**ਪਟਵਾਰੀ**
4. **ਨਾਨਕੀ ਜੀ** 5. **ਸੈਦਪੁਰ**

**IV ਸਹੀ ਵਾਕ ਅੱਗੇ (3) ਅਤੇ ਗਲਤ ਵਾਕ ਅੱਗੇ (7) ਦਾ ਨਿਸ਼ਾਨ ਲਗਾਓ;**

1. ਗੁਰੂ ਨਾਨਕ ਦੇਵ ਜੀ ਦਾ ਜਨਮ 15 ਅਪ੍ਰੈਲ 1469 ਈਸਵੀ ਨੂੰ ਹੋਇਆ। (3)
2. ਗੁਰਦੁਆਰਾ ਪੰਜਾ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਸਥਿਤ ਹੈ। (7)
3. ਕਰਤਾਰਪੁਰ ਦੀ ਸਥਾਪਨਾ ਗੁਰੂ ਅੰਗਦ ਦੇਵ ਜੀ ਨੇ ਕੀਤੀ। (7)
4.ਗੁਰੂ ਨਾਨਕ ਦੇਵ ਜੀ 22 ਸਤੰਬਰ 1539 ਈਸਵੀ ਨੂੰ ਜੋਤੀ ਜੋਤ ਸਮਾਏ। (3)
5. ਗੁਰੂ ਨਾਨਕ ਦੇਵ ਜੀ ਨੇ ਸਾਰੇ ਲੋਕਾਂ ਨੂੰ ਧਰਮ ਦਾ ਸੱਚਾ ਰਾਹ ਦਿਖਾਉਣ ਲਈ ਉਦਾਸੀਆਂ ਕੀਤੀਆਂ। (3)

**V(a) ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ:-**

**ਪ੍ਰਸ਼ਨ:**(1). ਪਰਮਾਤਮਾ ਬਾਰੇ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਦਾ ਸਾਰ ਕਿਸ ਬਾਣੀ ਵਿੱਚ ਮਿਲਦਾ ਹੈ?

ਉੱਤਰ:- ਜਪੁਜੀ ਸਾਹਿਬ ਵਿੱਚ।

**ਪ੍ਰਸ਼ਨ:** (2). ਗੁਰੂ ਨਾਨਕ ਦੇਵ ਜੀ ਦੇ ਪੁੱਤਰਾਂ ਦੇ ਨਾਂਅ ਦੱਸੋ।

ਉੱਤਰ:- ਬਾਬਾ ਸ੍ਰੀਚੰਦ ਜੀ ਅਤੇ ਬਾਬਾ ਲੱਖਮੀ ਦਾਸ।

**ਪ੍ਰਸ਼ਨ:** (3). ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਆਖਰੀ 18 ਸਾਲ ਕਿੱਥੇ ਬਿਤਾਏ?

ਉੱਤਰ:- ਕਰਤਾਰਪੁਰ ਵਿਖੇ

**ਪ੍ਰਸ਼ਨ:**-(4). ਗੁਰੂ ਨਾਨਕ ਦੇਵ ਜੀ ਨੂੰ ਸੱਚੇ ਗਿਆਨ ਦੀ ਪ੍ਰਾਪਤ ਕਦੋਂ ਹੋਈ?

ਉੱਤਰ:- 1499 ਈਸਵੀ ਵਿੱਚ

**ਪ੍ਰਸ਼ਨ:**(5). ਪਹਿਲੀ ਉਦਾਸੀ ਵਿੱਚ ਗੁਰੂ ਨਾਨਕ ਦੇਵ ਜੀ ਦੇ ਸਾਥੀ ਕੌਣ ਸਨ?

ਉੱਤਰ:- ਭਾਈ ਮਰਦਾਨਾ ਜੀ

**ਪ੍ਰਸ਼ਨ:**(6). ਕਰਤਾਰਪੁਰ ਵਿਖੇ ਗੁਰੂ ਨਾਨਕ ਦੇਵ ਜੀ ਨੇ ਕਿਹੜੀਆਂ ਦੋ ਸੰਸਥਾਵਾ ਚਲਾਈਆਂ?

ਉੱਤਰ:-ਸੰਗਤ ਅਤੇ ਪੰਗਤ

**V(b) ਉੱਤਰ ਇੱਕ ਜਾਂ ਦੋ ਵਾਕਾਂ ਵਿੱਚ ਦਿਓ:**

**ਪ੍ਰਸ਼ਨ:**-(1). ਗੁਰੂ ਨਾਨਕ ਦੇਵ ਜੀ ਦਾ ਜਨਮ ਕਿੱਥੇ ਹੋਇਆ?

ਉੱਤਰ:- ਗੁਰੂ ਨਾਨਕ ਦੇਵ ਜੀ ਦਾ ਜਨਮ ਰਾਏ ਭੋਏ ਦੀ ਤਲਵੰਡੀ ਜਿਸਦਾ ਨਾਮ ਹੁਣ ਨਨਕਾਣਾ ਸਾਹਿਬ (ਪਾਕਿਸਤਾਨ) ਹੈ ਵਿਖੇ ਹੋਇਆ।

**ਪ੍ਰਸ਼ਨ:**-( 2). ਗੁਰੂ ਨਾਨਕ ਦੇਵ ਜੀ ਦੀ ਭੇਂਟ ਦਾ ਸੱਜਣ ਠੱਗ ਤੇ ਕੀ ਪ੍ਰਭਾਵ ਪਿਆ?

ਉੱਤਰ:-ਗੁਰੂ ਨਾਨਕ ਦੇਵ ਜੀ ਦੇ ਸੰਪਰਕ ਵਿੱਚ ਆ ਕੇ ਸੱਜਣ ਠੱਗ ਨੇ ਬੁਰੇ ਕੰਮ ਛੱਡ ਦਿੱਤੇ ਅਤੇ ਉਹ ਗੁਰੂ ਜੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਨ ਲੱਗਾ।

**ਪ੍ਰਸ਼ਨ:**-( 3). ਗੁਰੂ ਨਾਨਕ ਦੇਵ ਜੀ ਕਿਹੋ ਜਿਹਾ ਜਨੇਊ ਚਾਹੁੰਦੇ ਸਨ?

ਉੱਤਰ:- ਗੁਰੂ ਨਾਨਕ ਦੇਵ ਜੀ ਸਦਗੁਣਾਂ (ਵਧੀਆ ਗੁਣਾਂ) ਰੂਪੀ ਧਾਗੇ ਤੋਂ ਬਣਿਆ ਜਨੇਊ ਪਹਿਨਣਾ ਚਾਹੁੰਦੇ ਸਨ।

**ਪ੍ਰਸ਼ਨ:**-( 4). ਸੱਚੇ-ਸੌਦੇ ਤੋਂ ਕੀ ਭਾਵ ਹੈ?

ਉੱਤਰ:-ਸੱਚੇ-ਸੌਦੇ ਤੋਂ ਭਾਵ ਹੈ ਪਵਿੱਤਰ ਵਪਾਰ ਜੋ ਗੁਰੂ ਨਾਨਕ ਦੇਵ ਜੀ ਨੇ ਆਪਣੇ 2● ਰੁਪਇਆਂ ਨਾਲ ਭੁੱਖੇ ਸਾਧੂਆਂ ਨੂੰ ਰੋਟੀ ਖੁਆ ਕੇ ਕੀਤਾ ਸੀ।

**ਪ੍ਰਸ਼ਨ:**-( 5). ਲੰਗਰ ਪ੍ਰਥਾ ਤੋਂ ਕੀ ਭਾਵ ਹੈ?

ਉੱਤਰ:- ਲੰਗਰ ਪ੍ਰਥਾ ਤੋਂ ਭਾਵ ਹੈ, ਸਾਰੇ ਲੋਕਾਂ ਦੁਆਰਾ ਬਿਨਾਂ ਕਿਸੇ ਭੇਦ-ਭਾਵ ਦੇ ਇੱਕ ਸਥਾਨ ਤੇ ਬੈਠ ਕੇ ਭੋਜਨ ਕਰਨਾ।

**VI ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਜਾਂ 5-6 ਲਾਈਨਾਂ ਵਿੱਚ ਦਿਓ:-**

**ਪ੍ਰਸ਼ਨ 1** ਗੁਰੂ ਨਾਨਕ ਦੇਵ ਜੀ ਦੇ ਪਰਮਾਤਮਾ ਸੰਬੰਧੀ ਵਿਚਾਰਾਂ ਦਾ ਸੰਖੇਪ ਵਰਣਨ ਕਰੋ।

ਉੱਤਰ:- ਗੁਰੂ ਨਾਨਕ ਦੇਵ ਜੀ ਦੇ ਪਰਮਾਤਮਾ ਸੰਬੰਧੀ ਵਿਚਾਰਾਂ ਦਾ ਵਰਣਨ ਇਸ ਪ੍ਰਕਾਰ ਹੈ:

1. ਪਰਮਾਤਮਾ ਇੱਕ ਹੈ। ਉਸ ਨੂੰ ਵੰਡਿਆ ਨਹੀਂ ਜਾ ਸਕਦਾ।
2. ਪ੍ਰਮਾਤਮਾ ਦਾ ਕੋਈ ਆਕਾਰ ਅਤੇ ਰੰਗਰੂਪ ਨਹੀਂ ਹੈ। ਉਹ ਸਦਗੁਣਾਂ ਦਾ ਭੰਡਾਰ ਹੈ।
3. ਪਰਮਾਤਮਾ ਸਭ ਤੋਂ ਤਾਕਤਵਰ ਹੈ ਅਤੇ ਹਰ ਥਾਂ ਭਾਵ ਕੁਦਰਤ ਦੇ ਕਣ-ਕਣ ਵਿੱਚ ਮੌਜੂਦ ਹੈ।
4. ਪਰਮਾਤਮਾ ਸਭ ਤੋਂ ਵੱਡਾ ਹੈ ਅਤੇ ਬਹੁਤ ਦਿਆਲੂ ਹੈ।

**ਪ੍ਰਸ਼ਨ: 2:** ਗੁਰੂ ਨਾਨਕ ਦੇਵ ਜੀ ਦੀ ਜਨੇਊ ਦੀ ਰਸਮ ਦਾ ਵਰਣਨ ਕਰੋ। (ਬਾਰੇ ਦੱਸੋ)

ਉੱਤਰ:- ਗੁਰੂ ਨਾਨਕ ਦੇਵ ਜੀ ਦੀ ਜਨੇਊ ਵਾਲੀ ਘਟਨਾ ਦਾ ਵੇਰਵਾ ਇਸ ਪ੍ਰਕਾਰ ਹੈ:-

(1) ਬਾਲ ਗੁਰੂ ਨਾਨਕ ਦੇ ਮਾਪਿਆਂ ਨੇ ਪੁਰਾਣੇ ਧਾਰਮਿਕ ਰਿਵਾਜਾਂ ਮੁਤਾਬਕ ਆਪ ਨੂੰ ਜਨੇਊ ਪਵਾਉਣਾ ਚਾਹਿਆ।
(2) ਸਾਕ ਸੰਬੰਧੀਆਂ ਨੂੰ ਇਸ ਰਸਮ ਵਿੱਚ ਬੁਲਾਇਆ ਗਿਆ।
(3) ਮੰਤਰ ਪੜ੍ਹਨ ਤੋਂ ਪਹਿਲਾਂ ਪੰਡਿਤ ਹਰਦਿਆਲ ਨੇ ਗੁਰੂ ਜੀ ਨੂੰ ਸਾਹਮਣੇ ਬਿਠਾ ਕੇ ਜਨੇਊ ਪਾਉਣ ਲਈ ਕਿਹਾ।
(4) ਗੁਰੂ ਜੀ ਨੇ ਜਨੇਊ ਪਾਉਣ ਤੋਂ ਨਾਂਹ ਕਰ ਦਿੱਤੀ।
(5) ਆਪ ਜੀ ਨੇ ਕਿਹਾ ਕਿ ਮੈਨੂੰ ਆਤਮਾ ਦੀ ਸ਼ੁੱਧੀ ਲਈ ਸਦਗੁਣਾਂ ਦੇ ਧਾਗੇ ਰੂਪੀ ਜਨੇਊ ਪਾਇਆ ਜਾਵੇ।

**ਪ੍ਰਸ਼ਨ:** (3). ਗੁਰੂ ਨਾਨਕ ਦੇਵ ਜੀ ਨੇ ਮੁੱਢਲੇ ਜੀਵਨ ਵਿੱਚ ਕੀ-ਕੀ ਕੰਮ-ਧੰਦੇ ਅਪਨਾਏ?

ਉੱਤਰ:- ਗੁਰੂ ਨਾਨਕ ਦੇਵ ਜੀ ਨੇ ਆਪਣੇ ਮੁੱਢਲੇ ਜੀਵਨ ਵਿੱਚ ਹੇਠ ਲਿਖੇ ਕੰਮ ਧੰਦੇ ਅਪਨਾਏ।

(1) ਦੁਨਿਆਵੀ ਪੜ੍ਹਾਈ ਪੂਰੀ ਕਰਕੇ ਗੁਰੂ ਜੀ ਸੰਸਾਰਕ ਕੰਮਾਂ ਵਿੱਚ ਰੁਚੀ ਨਹੀਂ ਲੈਂਦੇ ਸਨ।
(2) ਇਸ ਲਈ ਆਪ ਦੇ ਪਿਤਾ ਜੀ ਨੇ ਆਪ ਨੂੰ ਪਸ਼ੂ ਚਾਰਨ ਲਈ ਭੇਜਿਆ। ਪਰ ਆਪ ਰੱਬ ਦੀ ਭਗਤੀ ਵਿੱਚ ਲੀਨ ਰਹਿੰਦੇ ਸਨ।
(3) ਫਿਰ ਪਿਤਾ ਮਹਿਤਾ ਕਾਲੂ ਜੀ ਨੇ ਗੁਰੂ ਜੀ ਨੂੰ ਵਪਾਰ ਵਿੱਚ ਲਾਉਣ ਦਾ ਯਤਨ ਕੀਤਾ।
(4) ਨਤੀਜੇ ਵਜੋਂ ਸੱਚਾ-ਸੌਦਾ ਵਾਲੀ ਸਾਖੀ ਵਾਪਰੀ।
(5) ਉਪਰੰਤ ਆਪ ਜੀ ਦੇ ਜੀਜੇ ਜੈ ਰਾਮ ਨੇ ਆਪ ਜੀ ਨੂੰ ਸੁਲਤਾਨਪੁਰ ਵਿਖੇ ਮੋਦੀਖਾਨੇ ਦੇ ਭੰਡਾਰੀ ਵਜੋਂ ਨਵਾਬ ਦੌਲਤ ਖਾਂ ਕੋਲ ਨੌਕਰੀ ਲੁਆ ਦਿੱਤਾ।
(6) ਮੋਦੀਖਾਨੇ ਵਿਖੇ ਆਪ ਨੇ ਬੜੇ ਸਨਮਾਨ ਨਾਲ 12 ਸਾਲ ਭੰਡਾਰੀ ਦੀ ਨੌਕਰੀ ਕੀਤੀ।

**ਪ੍ਰਸ਼ਨ:**(4). ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਸੰਖੇਪ ਵਰਣਨ ਕਰੋ। (ਬਾਰੇ ਦੱਸੋ)

ਉੱਤਰ:- ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਇਹ ਸਿੱਖਿਆਵਾਂ ਦਿੱਤੀਆਂ:

(1) ਰੱਬ ਇੱਕ ਹੈ। ਸਭ ਤੋਂ ਤਾਕਤਵਰ ਹੈ ਅਤੇ ਹਰ ਜਗ੍ਹਾ ਮੌਜੂਦ ਹੈ।
(2) ਸਾਰੇ ਲੋਕ ਬਰਾਬਰ ਹਨ।
(3) ਚੰਗਾ ਆਚਰਣ ਮਨੁੱਖ ਨੂੰ ਮਹਾਨ ਬਣਾਉਂਦਾ ਹੈ।
(4) ਰੱਬ ਦੀ ਭਗਤੀ ਸੱਚੇ ਮਨ ਨਾਲ ਕਰਨੀ ਚਾਹੀਦੀ ਹੈ।
(5) ਰੱਬ ਨੂੰ ਪਾਉਣ ਲਈ ਸੱਚੇ-ਗੁਰੂ ਦਾ ਹੋਣਾ ਜਰੂਰੀ ਹੈ।
(6) ਮਨੁੱਖ ਨੂੰ ਸਦਾ ਨੇਕ ਕਮਾਈ ਖਾਣੀ ਚਾਹੀਦੀ ਹੈ।
(7) ਇਸਤਰੀ ਵੱਡੇ-ਵੱਡੇ ਮਹਾਂਪੁਰਖਾਂ ਨੂੰ ਜਨਮ ਦਿੰਦੀ ਹੈ। ਉਸਦੀ ਜਗ੍ਹਾ ਬਹੁਤ ਉੱਚੀ ਹੈ। ਉਹ ਸਦਾ ਆਦਰਯੋਗ ਹੈ।

**ਪ੍ਰਸ਼ਨ:** (5). ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਵਿਖੇ ਬਿਤਾਏ ਜੀਵਨ ਬਾਰੇ ਦੱਸੋ।

ਉੱਤਰ:- (1) 1522 ਈਸਵੀ ਦੇ ਲੱਗਭੱਗ ਗੁਰੂ ਨਾਨਕ ਦੇਵ ਜੀ ਨੇ ਰਾਵੀ ਦੇ ਕੰਢੇ ਇੱਕ ਨਵਾਂ ਸ਼ਹਿਰ ਵਸਾਇਆ।
(2) ਇਸ ਸ਼ਹਿਰ ਦਾ ਨਾਂਅ ਕਰਤਾਰਪੁਰ ਰੱਖਿਆ। ਜਿਸਦਾ ਭਾਵ ਹੈ ਰੱਬ ਦਾ ਘਰ।
(3) ਗੁਰੂ ਜੀ ਨੇ ਆਪਣੀ ਜਿੰਦਗੀ ਦੇ ਆਖਰੀ 18 ਸਾਲ ਪਰਿਵਾਰ ਸਮੇਤ ਇੱਥੇ ਬਿਤਾਏ।
(4) ਇਸ ਸਮੇਂ ਆਪ ਨੇ ਇੱਥੇ ਵਾਰ ਆਸਾ, ਜਪੁਜੀ ਸਾਹਿਬ ਆਦਿ ਬਾਣੀਆਂ ਰਚੀਆਂ।
(5) ਇਥੇ ਆਪ ਜੀ ਨੇ ਸੰਗਤ ਅਤੇ ਪੰਗਤ ਦੀ ਸੰਸਥਾ ਦਾ ਵਿਕਾਸ ਕੀਤਾ।
(6) ਇਥੇ ਹੀ ਆਪ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਿਆਈ ਸੌਂਪ ਕੇ ਗੁਰੂ ਅੰਗਦ ਦੇਵ ਜੀ ਬਣਾਇਆ।
(7) 1539 ਈਸਵੀ ਨੂੰ ਗੁਰੂ ਨਾਨਕ ਦੇਵ ਜੀ ਇੱਸੇ ਪਵਿੱਤਰ ਸਥਾਨ ਤੇ ਜੋਤੀ ਜੋਤ ਸਮਾਏ।

## ਗੁਰੂ ਅੰਗਦ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ ਤੱਕ ਸਿੱਖ ਗੁਰੂਆਂ ਦਾ ਯੋਗਦਾਨ

**ਵਸਤੂਨਿਸ਼ਠ ਪ੍ਰਸ਼ਨ**

**I. ਠੀਕ ਉੱਤਰ ਚੁਣੋ:**

(ੳ) ਬਾਲ ਗੁਰੂ ਦੇ ਨਾਂਅ ਨਾਲ ਕੌਣ ਪ੍ਰਸਿੱਧ ਹਨ?

1. ਗੁਰੂ ਤੇਗ ਬਹਾਦਰ ਜੀ　　2. ਗੁਰੂ ਹਰਕ੍ਰਿਸ਼ਨ ਜੀ
3. ਗੁਰੂ ਅਮਰਦਾਸ ਜੀ　　4. ਗੁਰੂ ਅਰਜਨ ਦੇਵ ਜੀ।

(ਅ) ਹਰਿਮੰਦਰ ਸਾਹਿਬ ਦਾ ਪਹਿਲਾ ਗ੍ਰੰਥੀ ਕਿਸ ਨੂੰ ਨਿਯੁਕਤ ਕੀਤਾ ਗਿਆ?

1. ਪ੍ਰਿਥੀਚੰਦ ਨੂੰ　　2. ਮਹਾਦੇਵ ਜੀ ਨੂੰ
3. ਬਾਬਾ ਬੁੱਢਾ ਜੀ ਨੂੰ　　4. ਨੱਥਾ ਮੱਲ ਜੀ ਨੂੰ

(ੲ) ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਿੱਥੇ ਹੋਇਆ?

1.ਪਟਨਾ ਸਾਹਿਬ ਵਿਖੇ　　2. ਕੀਰਤਪੁਰ ਵਿਖੇ
3. ਤਰਨਤਾਰਨ ਵਿਖੇ　　4. ਦਿੱਲੀ ਵਿਖੇ

(ਸ) ਗੁਰੂ ਤੇਗ ਬਹਾਦਰ ਜੀ ਨੂੰ ਕਿਸ ਸਥਾਨ ਤੇ ਸ਼ਹੀਦ ਕੀਤਾ ਗਿਆ?

1. ਤਾਜ ਮਹਿਲ ਆਗਰਾ　　2. ਚਾਂਦਨੀ ਚੌਂਕ ਦਿੱਲੀ
3. ਚਾਰਮੀਨਾਰ ਹੈਦਰਾਬਾਦ　　4. ਜਾਮਾ ਮਸਜਿਦ ਦਿੱਲੀ

(ਹ) ਗੁਰੂ ਰਾਮਦਾਸ ਜੀ ਨੇ ਕਿਹੜਾ ਸ਼ਹਿਰ ਵਸਾਇਆ?

1. ਮੁਕਤਸਰ　　2. ਹਰਗੋਬਿੰਦਪੁਰ
3. ਰਾਮਦਾਸਪੁਰ　　4. ਕੀਰਤਪੁਰ

(ਕ) ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਕਿਸ ਗੁਰੂ ਨੇ ਧਾਰਨ ਕੀਤੀਆਂ?

1. ਗੁਰੂ ਨਾਨਕ ਦੇਵ ਜੀ　　2. ਗੁਰੂ ਅਮਰਦਾਸ ਜੀ
3. ਗੁਰੂ ਅਰਜਨ ਦੇਵ ਜੀ　　4. ਗੁਰੂ ਹਰਗੋਬਿੰਦ ਸਾਹਿਬ ਜੀ

(ਖ) ਗੋਇੰਦਵਾਲ ਵਿਖੇ ਬਾਉਲੀ ਸਾਹਿਬ ਦਾ ਨਿਰਮਾਣ ਕਿਸ ਗੁਰੂ ਜੀ ਨੇ ਪੂਰਾ ਕਰਵਾਇਆ?

1. ਗੁਰੂ ਅਮਰਦਾਸ ਜੀ ਨੇ　　2. ਗੁਰੂ ਹਰਗੋਬਿੰਦ ਸਾਹਿਬ ਜੀ ਨੇ
3. ਗੁਰੂ ਹਰਕ੍ਰਿਸ਼ਨ ਜੀ ਨੇ　　4. ਗੁਰੂ ਗੋਬਿੰਦ ਸਿੰਘ ਜੀ ਨੇ

(ਗ) ਹਰਿਮੰਦਰ ਸਾਹਿਬ ਦੀ ਨੀਂਹ ਕਿਸਨੇ ਰੱਖੀ?

1. ਬੁੱਲੇ ਸ਼ਾਹ　　2. ਸ਼ੇਖ ਫਰੀਦ
3. ਸਾਈਂ ਮੀਆਂ ਮੀਰ ਜੀ　　4. ਹਜਰਤ ਮੁਹੰਮਦ

(ਘ) ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨ ਕਿਸ ਨੇ ਕੀਤੀ?

1. ਗੁਰੂ ਅਰਜਨ ਦੇਵ ਜੀ　　2. ਗੁਰੂ ਨਾਨਕ ਦੇਵ ਜੀ
3.ਗੁਰੂ ਹਰਕ੍ਰਿਸ਼ਨ ਜੀ　　4.ਗੁਰੂ ਤੇਗ ਬਹਾਦਰ ਜੀ

(ਙ) ਅਕਬਰ ਕਿਹੜੇ ਗੁਰੂ ਸਾਹਿਬ ਨੂੰ ਮਿਲਣ ਗੋਇੰਦਵਾਲ ਆਇਆ ਸੀ?

1. ਗੁਰੂ ਨਾਨਕ ਦੇਵ ਜੀ　　2. ਗੁਰੂ ਹਰ ਰਾਏ ਜੀ
3. ਗੁਰੂ ਤੇਗ ਬਹਾਦਰ ਜੀ　　4. ਗੁਰੂ ਅਮਰਦਾਸ ਜੀ

**ਉੱਤਰ:-**

(ੳ) (2) ਗੁਰੂ ਹਰਕ੍ਰਿਸ਼ਨ ਜੀ
(ਅ) (3) ਬਾਬਾ ਬੁੱਢਾ ਜੀ ਨੂੰ
(ੲ) (1) ਪਟਨਾ ਸਾਹਿਬ ਵਿਖੇ
(ਸ) (2) ਚਾਂਦਨੀ ਚੌਂਕ ਦਿੱਲੀ
(ਹ) (3) ਰਾਮਦਾਸਪੁਰ (ਅੰਮ੍ਰਿਤਸਰ)
(ਕ) (4) ਗੁਰੂ ਹਰਗੋਬਿੰਦਪੁਰ ਸਾਹਿਬ ਜੀ
(ਖ) (1) ਗੁਰੂ ਅਮਰਦਾਸ ਜੀ ਨੇ
(ਗ) (3) ਸਾਈਂ ਮੀਆਂ ਮੀਰ ਜੀ ਨੇ
(ਘ) (1) ਗੁਰੂ ਅਰਜਨ ਦੇਵ ਜੀ ਨੇ
(ਙ) (4) ਗੁਰੂ ਅਮਰਦਾਸ ਜੀ ਨੂੰ

**II ਹੇਠ ਲਿਖੇ ਸ਼ਬਦਾਂ ਨੂੰ ਠੀਕ ਤਰ੍ਹਾਂ ਮਿਲਾਓ:**

| | |
|---|---|
| (ੳ) ਬਾਲ ਗੁਰੂ | ਗੁਰੂ ਗੋਬਿੰਦ ਸਿੰਘ ਜੀ |
| (ਅ) ਬਾਬਾ ਬਕਾਲਾ | ਗੁਰੂ ਹਰਕ੍ਰਿਸ਼ਨ ਜੀ |
| (ੲ) ਪਟਨਾ ਸਾਹਿਬ | ਗੁਰੂ ਹਰਗੋਬਿੰਦ ਸਾਹਿਬ ਜੀ |
| (ਸ) ਮੀਰੀ-ਪੀਰੀ | ਗੁਰੂ ਤੇਗ ਬਹਾਦਰ ਜੀ |

| | | |
|---|---|---|
| (2) | (ੳ) ਪਹਿਲੇ ਗੁਰੂ | ਗੁਰੂ ਅਮਰਦਾਸ ਜੀ |
| | (ਅ) ਤੀਜੇ ਗੁਰੂ | ਗੁਰੂ ਨਾਨਕ ਦੇਵ ਜੀ |
| | (ੲ) ਛੇਵੇਂ ਗੁਰੂ | ਗੁਰੂ ਗੋਬਿੰਦ ਸਿੰਘ ਜੀ |
| | (ਸ) ਦਸਵੇਂ ਗੁਰੂ | ਗੁਰੂ ਹਰਗੋਬਿੰਦ ਸਾਹਿਬ ਜੀ |
| (3) | (ੳ)ਉਦਾਸੀ ਮੱਤ | ਪੈਂਦੇ ਖਾਂ |
| | (ਅ) ਹਰਿਮੰਦਰ ਸਾਹਿਬ ਦੀ ਨੀਂਹ | ਬਾਬਾ ਬੁੱਢਾ ਜੀ |
| | (ੲ) ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ | ਬਾਬਾ ਸ੍ਰੀ ਚੰਦ ਜੀ |
| | (ਸ) ਪਠਾਣ ਸੈਨਾਪਤੀ | ਸਾਈਂ ਮੀਆਂ ਮੀਰ ਜੀ |
| (4) | (ੳ) ਮੰਜੀ ਪ੍ਰਥਾ | ਗੁਰੂ ਰਾਮਦਾਸ ਜੀ |
| | (ਅ) ਮਸੰਦ ਪ੍ਰਥਾ | ਗੁਰੂ ਹਰਗੋਬਿੰਦ ਸਾਹਿਬ ਜੀ |
| | (ੲ) ਅਕਾਲ ਤਖਤ ਦਾ ਨਿਰਮਾਣ | ਗੁਰੂ ਅਰਜਨ ਦੇਵ ਜੀ |
| | (ਸ) ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ | ਗੁਰੂ ਅਮਰਦਾਸ ਜੀ |
| (5) | (ੳ) ਸ੍ਰੀ ਹਰਿਮੰਦਰ ਸਾਹਿਬ | ਗੋਇੰਦਵਾਲ |
| | (ਅ) ਸ੍ਰੀ ਬੰਗਲਾ ਸਾਹਿਬ | ਅਨੰਦਪੁਰ ਸਾਹਿਬ |
| | (ੲ) ਸ੍ਰੀ ਬਾਉਲੀ ਸਾਹਿਬ | ਅੰਮ੍ਰਿਤਸਰ |
| | (ਸ) ਸ੍ਰੀ ਕੇਸਗੜ੍ਹ ਸਾਹਿਬ | ਦਿੱਲੀ |
| (6) | (ੳ) ਗੋਇੰਦਵਾਲ ਦੀ ਉਸਾਰੀ | 1593 ਈਸਵੀ |
| | (ਅ) ਤਰਨਤਾਰਨ ਦਾ ਨਿਰਮਾਣ | 1577 ਈਸਵੀ |
| | (ੲ) ਅੰਮ੍ਰਿਤਸਰ ਦੀ ਨੀਂਹ | 1546 ਈਸਵੀ |
| | (ਸ) ਕਰਤਾਰਪੁਰ ਸਾਹਿਬ (ਜਲੰਧਰ) | 159● ਈਸਵੀ |
| (7) | (ੳ) ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ | 1595 ਈਸਵੀ |
| | (ਅ) ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ | 1656 ਈਸਵੀ |
| | (ੲ) ਗੁਰੂ ਹਰਗੋਬਿੰਦ ਸਾਹਿਬ ਦਾ ਜਨਮ | 16●6 ਈਸਵੀ |
| | (ਸ) ਗੁਰੂ ਹਰਕ੍ਰਿਸ਼ਨ ਜੀ ਦਾ ਜਨਮ | 1675 ਈਸਵੀ |
| (8) | (ੳ) ਗੁਰੂ ਅੰਗਦ ਦੇਵ ਜੀ ਦਾ ਗੁਰੂ ਕਾਲ | 1574-1581 ਈਸਵੀ |
| | (ਅ) ਗੁਰੂ ਰਾਮਦਾਸ ਜੀ ਦਾ ਗੁਰੂ ਕਾਲ | 1645-1661 ਈਸਵੀ |
| | (ੲ) ਗੁਰੂ ਹਰ ਰਾਏ ਜੀ ਦਾ ਗੁਰੂ ਕਾਲ | 1664-1675 ਈਸਵੀ |
| | (ਸ) ਗੁਰੂ ਤੇਗ ਬਹਾਦਰ ਜੀ ਦਾ ਗੁਰੂ ਕਾਲ | 1539 ਤੋਂ 1552 ਈਸਵੀਂ |

**ਉੱਤਰ:-**

| | | |
|---|---|---|
| (1) | (ੳ) ਬਾਲ ਗੁਰੂ | ਗੁਰੂ ਹਰਕ੍ਰਿਸ਼ਨ ਜੀ |
| | (ਅ) ਬਾਬਾ ਬਕਾਲਾ | ਗੁਰੂ ਤੇਗ ਬਹਾਦਰ ਜੀ |
| | (ੲ) ਪਟਨਾ ਸਾਹਿਬ | ਗੁਰੂ ਗੋਬਿੰਦ ਸਿੰਘ ਜੀ |
| | (ਸ) ਮੀਰੀ-ਪੀਰੀ | ਗੁਰੂ ਹਰਗੋਬਿੰਦ ਸਾਹਿਬ ਜੀ |
| (2) | (ੳ) ਪਹਿਲੇ ਗੁਰੂ | ਗੁਰੂ ਨਾਨਕ ਦੇਵ ਜੀ |
| | (ਅ) ਤੀਜੇ ਗੁਰੂ | ਗੁਰੂ ਅਮਰਦਾਸ ਜੀ |
| | (ੲ) ਛੇਵੇਂ ਗੁਰੂ | ਗੁਰੂ ਹਰਗੋਬਿੰਦ ਸਾਹਿਬ ਜੀ |
| | (ਸ) ਦਸਵੇਂ ਗੁਰੂ | ਗੁਰੂ ਗੋਬਿੰਦ ਸਿੰਘ ਜੀ |
| (3) | (ੳ) ਉਦਾਸੀ ਮੱਤ | ਬਾਬਾ ਸ੍ਰੀਚੰਦ ਜੀ |
| | (ਅ) ਹਰਿਮੰਦਰ ਸਾਹਿਬ ਦੀ ਨੀਂਹ | ਸਾਈਂ ਮੀਆਂ ਮੀਰ ਜੀ |
| | (ੲ) ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ | ਬਾਬਾ ਬੁੱਢਾ ਜੀ |
| | (ਸ) ਪਠਾਣ ਸੈਨਾਪਤੀ | ਪੈਂਦੇ ਖਾਂ |
| (4) | ਮੰਜੀ ਪ੍ਰਥਾ | ਗੁਰੂ ਅਮਰਦਾਸ ਜੀ |
| | ਮਸੰਦ ਪ੍ਰਥਾ | ਗੁਰੂ ਰਾਮਦਾਸ ਜੀ |
| | ਅਕਾਲ ਤਖਤ ਦਾ ਨਿਰਮਾਣ | ਗੁਰੂ ਹਰਗੋਬਿੰਦ ਸਾਹਿਬ ਜੀ |
| | ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ | ਗੁਰੂ ਅਰਜਨ ਦੇਵ ਜੀ |
| (5) | (ੳ) ਸ੍ਰੀ ਹਰਿਮੰਦਰ ਸਾਹਿਬ | ਅੰਮ੍ਰਿਤਸਰ |
| | (ਅ) ਸ੍ਰੀ ਬੰਗਲਾ ਸਾਹਿਬ | ਦਿੱਲੀ |
| | (ੲ) ਸ੍ਰੀ ਬਾਉਲੀ ਸਾਹਿਬ | ਗੋਇੰਦਵਾਲ |
| | (ਸ) ਸ੍ਰੀ ਕੇਸਗੜ੍ਹ ਸਾਹਿਬ | ਅਨੰਦਪੁਰ ਸਾਹਿਬ |
| (6) | (ੳ) ਗੋਇੰਦਵਾਲ ਦੀ ਉਸਾਰੀ | 1546 ਈਸਵੀ |

(ਅ) ਤਰਨਤਾਰਨ ਦੀ ਨਿਰਮਾਣ 159● ਈਸਵੀ
(ੲ) ਅੰਮ੍ਰਿਤਸਰ ਦੀ ਨੀਂਹ 1577 ਈਸਵੀ
(ਸ) ਕਰਤਾਰਪੁਰ ਸਾਹਿਬ (ਜਲੰਧਰ) 1593 ਈਸਵੀ

(7) (ੳ) ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ 16●6 ਈਸਵੀ
(ਅ)ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ 1675 ਈਸਵੀ
(ੲ) ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ 1595 ਈਸਵੀ
(ਸ) ਗੁਰੂ ਹਰਕ੍ਰਿਸ਼ਨ ਜੀ ਦਾ ਜਨਮ 1656 ਈਸਵੀ

(8) (ੳ) ਗੁਰੂ ਅੰਗਦ ਦੇਵ ਜੀ ਦਾ ਗੁਰੂ ਕਾਲ 1539 ਤੋਂ 1552 ਈਸਵੀ
(ਅ) ਗੁਰੂ ਰਾਮਦਾਸ ਜੀ ਦਾ ਗੁਰੂ ਕਾਲ 1574 ਤੋਂ 1581 ਈਸਵੀ
(ੲ)ਗੁਰੂ ਹਰ ਰਾਏ ਜੀ ਦਾ ਗੁਰੂ ਕਾਲ 1645 ਤੋਂ 1661 ਈਸਵੀ
(ਸ) ਗੁਰੂ ਤੇਗ ਬਹਾਦਰ ਜੀ ਦਾ ਗੁਰੂ ਕਾਲ 1664 ਤੋਂ 1675 ਈਸਵੀ

**III ਖਾਲੀ ਥਾਵਾਂ ਭਰੋ?**

(1) ਗੁਰੂ ............... ਦਾ ਪਹਿਲਾ ਨਾਂਅ ਭਾਈ ਲਹਿਣਾ ਸੀ। (ਗੁਰੂ ਹਰਕ੍ਰਿਸ਼ਨ ਜੀ, ਗੁਰੂ ਗੋਬਿੰਦ ਸਿੰਘ ਜੀ, ਗੁਰੂ ਅੰਗਦ ਦੇਵ ਜੀ)

(2) ਉਦਾਸੀ ਸੱਤ ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁੱਤਰ ............... ਨੇ ਸਥਾਪਿਤ ਕੀਤਾ। (ਬਾਬਾ ਸ੍ਰੀ ਚੰਦ ਜੀ ਬਾਬਾ ਲੱਖਮੀ ਦਾਸ ਜੀ, ਮਹਾਂਦੇਵ ਜੀ)

(3) ............... ਸ਼ਹੀਦੀ ਦੇਣ ਵਾਲੇ ਪਹਿਲੇ ਸਿੱਖ ਗੁਰੂ ਸਨ। (ਗੁਰੂ ਅੰਗਦ ਦੇਵ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਹਰਕ੍ਰਿਸ਼ਨ ਜੀ)

(4) ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ .............. ਵਿਖੇ ਕੈਦ ਕੀਤਾ ਗਿਆ ਸੀ। (ਲਾਹੌਰ ਦਾ ਕਿਲ੍ਹਾ, ਗਵਾਲੀਅਰ ਦਾ ਕਿਲ੍ਹਾ, ਲਾਲ ਕਿਲ੍ਹਾ)

(5) ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਦਸ਼ਾਹ ...............ਦੇ ਕਾਲ (ਸਮੇਂ) ਵਿੱਚ ਹੋਈ। (ਅਕਬਰ, ਬਾਬਰ, ਔਰੰਗਜੇਬ)

(6) ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਲਈ ਬਾਦਸ਼ਾਹ ...............ਜ਼ਿੰਮੇਵਾਰ ਸੀ। (ਜਹਾਂਗੀਰ, ਹੁਮਾਯੂੰ, ਸ਼ਾਹਜਹਾਂ)

(7) ਗੁਰੂ ਹਰਗੋਬਿੰਦ ਸਾਹਿਬ ਜੀ ਨੇ ...............ਨੂੰ ਗਵਾਲੀਅਰ ਦੇ ਕਿਲ੍ਹੇ ਦੀ ਕੈਦ ਵਿੱਚੋਂ ਮੁਕਤ ਕਰਵਾਇਆ। (52 ਰਾਜਪੂਤ ਰਾਜਿਆਂ, 4● ਫਕੀਰਾਂ, 6● ਵਪਾਰੀਆਂ)

(8) ਆਪਣੀ ਆਮਦਨ ਦਾ ਦਸਵਾਂ ਹਿੱਸਾ ਗੁਰੂ ਜੀ ਨੂੰ ਭੇਟ ਕਰਨ ਨੂੰ ...............ਕਹਿੰਦੇ ਹਨ। (ਦਾਨ, ਜਜੀਆ, ਦਸਵੰਧ)

**ਉੱਤਰ:- (1) ਗੁਰੂ ਅੰਗਦ ਦੇਵ ਜੀ (2) ਬਾਬਾ ਸ੍ਰੀ ਚੰਦ ਜੀ (3) ਗੁਰੂ ਅਰਜਨ ਦੇਵ ਜੀ**
**(4) ਗਵਾਲੀਅਰ ਦਾ ਕਿਲ੍ਹਾ (5) ਔਰੰਗਜੇਬ (6) ਜਹਾਂਗੀਰ**
**(7) 52 ਰਾਜਪੂਤ ਰਾਜਿਆਂ (8) ਦਸਵੰਧ**

**ਸਹੀ ਵਾਕ ਅੱਗੇ (✓) ਅਤੇ ਗਲਤ ਵਾਕ ਅੱਗੇ (7) ਦਾ ਨਿਸ਼ਾਨ ਲਗਾਓ:**

(1) ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਂਅ ਭਾਈ ਜੇਠਾ ਜੀ ਸੀ। (7)
(2) ਉਦਾਸੀ ਸੱਤ ਬਾਬਾ ਸ੍ਰੀ ਚੰਦ ਜੀ ਨੇ ਸਥਾਪਿਤ ਕੀਤਾ ਸੀ। (3)
(3) ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਸਨ। (3)
(4) ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਕੀਤੀ। (7)
(5) ਦਸਵੰਧ ਤੋਂ ਭਾਵ ਆਮਦਨ ਦੇ ਵੀਂਹਵੇ ਹਿੱਸੇ ਤੋਂ ਹੈ। (7)
(6) ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਬੰਦੀ ਛੋੜ ਬਾਬਾ ਕਿਹਾ ਜਾਂਦਾ ਹੈ। (3)
(7) ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਿੱਲੀ ਚਾਂਦਨੀ ਚੌਂਕ ਵਿੱਚ ਹੋਈ। (3)
(8) ਮੀਰੀ ਅਤੇ ਪੀਰੀ ਨਾਂਅ ਦੀਆਂ ਦੋ ਤਲਵਾਰਾਂ ਗੁਰੂ ਰਾਮ ਦਾਸ ਜੀ ਨੇ ਪਹਿਨੀਆਂ ਸਨ। (7)
(9) ਗੁਰੂ ਅਰਜਨ ਦੇਵ ਜੀ ਨੂੰ ਬਾਦਸ਼ਾਹ ਬਾਬਰ ਨੇ ਸ਼ਹੀਦ ਕੀਤਾ ਸੀ। (7)
(1●) ਬਾਬਾ ਬੁੱਢਾ ਜੀ ਨੂੰ ਹਰਿਮੰਦਰ ਸਾਹਿਬ ਦਾ ਪਹਿਲਾ ਗ੍ਰੰਥੀ ਥਾਪਿਆ ਗਿਆ। (3)
(11) ਲੰਗਰ ਪ੍ਰਥਾ ਗੁਰੂ ਨਾਨਕ ਦੇਵ ਜੀ ਨੇ ਚਲਾਈ। (3)
(12) ਗੁਰੂ ਅਮਰਦਾਸ ਜੀ ਨੇ ਸਤੀ ਪ੍ਰਥਾ ਦਾ ਵਿਰੋਧ (ਖੰਡਨ) ਕੀਤਾ। (3)

**V(a) ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ:-**

**ਪ੍ਰਸ਼ਨ:**-(1) ਗੋਇੰਦਵਤਾਲ ਸਾਹਿਬ ਵਿੱਚ ਬਾਉਲੀ ਦੀ ਨੀਂਹ ਕਿਸ ਗੁਰੂ ਜੀ ਨੇ ਰੱਖੀ ਸੀ?

ਉੱਤਰ:- ਗੁਰੂ ਅੰਗਦ ਦੇਵ ਜੀ ਨੇ।

**ਪ੍ਰਸ਼ਨ:**- (2) ਹਰਗੋਬਿੰਦਪੁਰ ਅਤੇ ਛੇਹਰਟਾ ਸ਼ਹਿਰ ਕਿਸ ਗੁਰੂ ਜੀ ਨੇ ਸਥਾਪਿਤ ਕੀਤੇ?

ਉੱਤਰ:- ਗੁਰੂ ਅਰਜਨ ਦੇਵ ਜੀ ਨੇ।

**ਪ੍ਰਸ਼ਨ:-** (3) ਗੁਰੂ ਅਮਰਦਾਸ ਜੀ ਨੇ ਕਿਸ ਪ੍ਰਥਾ ਦਾ ਜ਼ੋਰਦਾਰ ਖੰਡਨ (ਵਿਰੋਧ) ਕੀਤਾ?

ਉੱਤਰ:-ਸਤੀ ਪ੍ਰਥਾ ਦਾ।

**ਪ੍ਰਸ਼ਨ:-** (4) ਅੰਮ੍ਰਿਤਸਰ ਸ਼ਹਿਰ ਦਾ ਪਹਿਲਾ ਨਾਂਅ ਕੀ ਸੀ?

ਉੱਤਰ:- ਰਾਮਦਾਸਪੁਰ।

**ਪ੍ਰਸ਼ਨ:-** (5) ਆਨੰਦ ਸਾਹਿਬ ਬਾਣੀ ਦੀ ਰਚਨਾ ਕਿਸ ਗੁਰੂ ਜੀ ਨੇ ਕੀਤੀ?

ਉੱਤਰ:- ਗੁਰੂ ਅਮਰਦਾਸ ਜੀ ਦੀ

**ਪ੍ਰਸ਼ਨ:-** (6) ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪਠਾਣ ਸੈਨਾਪਤੀ ਕੌਣ ਸੀ?

ਉੱਤਰ:- ਪੈਂਦੇ ਖਾਂ

**ਪ੍ਰਸ਼ਨ:-** (7) ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਿਹੜੇ ਸਾਲ ਹੋਈ ਸੀ?

ਉੱਤਰ:- 16●6 ਈਸਵੀ ਵਿੱਚ

**ਪ੍ਰਸ਼ਨ:-** (8) ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਕਿਹੜੇ ਸਾਲ ਹੋਈ ਸੀ?

ਉੱਤਰ:-1675 ਈਸਵੀ ਵਿੱਚ

**ਪ੍ਰਸ਼ਨ:-** (9) ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਲਈ ਕਿਹੜਾ ਮੁਗਲ ਬਾਦਸ਼ਾਹ ਜਿੰਮੇਵਾਰ ਸੀ?

ਉੱਤਰ:- ਬਾਦਸ਼ਾਹ ਔਰੰਗਜ਼ੇਬ।

**ਪ੍ਰਸ਼ਨ:-** (1●) ਗੁਰਦੁਆਰਾ ਬੰਗਲਾ ਸਾਹਿਬ ਕਿਹੜੇ ਸ਼ਹਿਰ ਵਿੱਚ ਹੈ?

ਉੱਤਰ:- ਦਿੱਲੀ ਵਿੱਚ।

**ਪ੍ਰਸ਼ਨ:-** (11) ਗੋਇੰਦਵਾਲ ਸਾਹਿਬ ਦੀ ਬਾਉਲੀ ਵਿੱਚ ਕਿੰਨੀਆਂ ਪੌੜੀਆਂ ਹਨ?

ਉੱਤਰ:- 84 ਪੌੜੀਆਂ।

**ਪ੍ਰਸ਼ਨ:-** (12) ਗੁਰੂ ਗ੍ਰੰਥ ਸਾਹਿਬ ਜੀ ਦਾ ਸੰਕਲਨ (ਸੰਪਾਦਨ) ਕਾਰਜ ਕਿਸ ਸਾਲ ਪੂਰਾ ਹੋਇਆ?

ਉੱਤਰ:- 16●4 ਈਸਵੀ ਵਿੱਚ।

**ਪ੍ਰਸ਼ਨ:-** (13) ਹਰਿਮੰਦਰ ਸਾਹਿਬ ਦਾ ਨਿਰਮਾਣ ਕਾਰਜ ਅੰਮ੍ਰਿਤਸਰ ਵਿਖੇ ਕਿਹੜੇ ਸਾਲ ਪੂਰਾ ਹੋਇਆ?

ਉੱਤਰ:- 16●1 ਈਸਵੀ ਵਿੱਚ

**V(b) ਉੱਤਰ ਇੱਕ ਜਾਂ ਦੋ ਵਾਕਾਂ ਵਿੱਚ ਦਿਓ:**

**ਪ੍ਰਸ਼ਨ:-**(1) ਲੰਗਰ ਪ੍ਰਥਾ ਤੋਂ ਕੀ ਭਾਵ ਹੈ?

ਉੱਤਰ:- ਲੰਗਰ ਪ੍ਰਥਾ ਤੋਂ ਭਾਵ ਹੈ ਕਿ ਇਸ ਵਿੱਚ ਸਾਰੀਆਂ ਜਾਤਾਂ, ਧਰਮਾਂ ਦੇ ਲੋਕ ਬਿਨਾਂ ਕਿਸੇ ਭੇਦ ਭਾਵ ਦੇ ਇੱਕ ਪੰਗਤ (ਲਾਈਨ) ਵਿੱਚ ਬੈਠ ਕੇ ਲੰਗਰ ਛਕਦੇ ਹਨ।

**ਪ੍ਰਸ਼ਨ:-** (2) ਦਸਵੰਧ ਤੋਂ ਕੀ ਭਾਵ ਹੈ?

ਉੱਤਰ:- ਦਸਵੰਧ ਤੋਂ ਭਾਵ ਹੈ ਕਿ ਹਰੇਕ ਸਿੱਖ ਆਪਣੀ ਆਮਦਨ ਦਾ ਦਸਵਾਂ ਹਿੱਸਾ ਗੁਰੂ ਜੀ ਦੇ ਨਾਂਅ ਭੇਟ ਕਰੇ।

**ਪ੍ਰਸ਼ਨ:-**(3) ਅੰਮ੍ਰਿਤਸਰ ਦੀ ਸਥਾਪਨਾ ਦੀ ਮਹੱਤਤਾ ਦੱਸੋ,

ਉੱਤਰ:- ਅੰਮ੍ਰਿਤਸਰ ਦੀ ਸਥਾਪਨਾ ਨਾਲ ਸਿੱਖਾਂ ਨੂੰ ਇੱਕ ਵੱਖਰਾ ਤੀਰਥ-ਸਥਾਨ ਅਤੇ ਮਹੱਤਵਪੂਰਨ ਵਪਾਰਕ ਕੇਂਦਰ ਮਿਲ ਗਿਆ।

**ਪ੍ਰਸ਼ਨ:-** (4) ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਕਦੋਂ ਅਤੇ ਕਿਸ ਨੇ ਰੱਖਿਆ?

ਉੱਤਰ:- ਹਰਿਮੰਦਰ ਸਾਹਿਬ ਦਾ ਨੀਂਹ ਪੱਥਰ 1589 ਈਸਵੀ ਵਿੱਚ ਉਸ ਸਮੇਂ ਦੇ ਪ੍ਰਸਿੱਧ ਸੂਫੀ ਸੰਤ ਸਾਈਂ ਮੀਆਂ ਮੀਰ ਜੀ ਨੇ ਰੱਖਿਆ।

**ਪ੍ਰਸ਼ਨ:-** (5) ਗੁਰੂ ਅਰਜਨ ਦੇਵ ਜੀ ਦੇ ਕੋਈ ਦੋ ਸਮਾਜ ਸੁਧਾਰ ਲਿਖੋ।

ਉੱਤਰ:- (1) ਗੁਰੂ ਅਰਜਨ ਦੇਵ ਜੀ ਨੇ ਵਿਧਵਾ ਵਿਆਹ ਦੇ ਪੱਖ ਵਿੱਚ ਪ੍ਰਚਾਰ ਕੀਤਾ।

(2) ਉਹਨਾਂ ਨੇ ਸਿੱਖਾਂ ਨੂੰ ਸ਼ਰਾਬ ਅਤੇ ਹੋਰ ਨਸ਼ੀਲੀਆਂ ਵਸਤਾਂ ਦੇ ਸੇਵਨ ਦੀ ਮਨਾਹੀ ਕੀਤੀ।

**ਪ੍ਰਸ਼ਨ:-** (6) ਗੁਰੂ ਹਰਗੋਬਿੰਦ ਜੀ ਨੇ ਆਪਣੇ ਜੀਵਨ ਦੇ ਅਖੀਰਲੇ 1● ਸਾਲ ਕਿੱਥੇ ਅਤੇ ਕਿਵੇਂ ਬਿਤਾਏ?

ਉੱਤਰ:- ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪਣੇ ਜੀਵਨ ਦੇ ਅੰਤਲੇ ਦਸ ਸਾਲ ਕੀਰਤਪੁਰ ਸਾਹਿਬ ਵਿੱਚ ਧਰਮ ਪ੍ਰਚਾਰ ਵਿੱਚ ਬਿਤਾਏ।

**ਪ੍ਰਸ਼ਨ:-** (7) ਗੁਰੂ ਅੰਗਦ ਦੇਵ ਜੀ ਦੇ ਕਿੰਨੇ ਪੁੱਤਰ ਧੀਆਂ ਸਨ? ਨਾਂਅ ਵੀ ਦੱਸੋ।

ਉੱਤਰ:- ਗੁਰੂ ਅੰਗਦ ਦੇਵ ਜੀ ਦੇ ਦੋ ਪੁੱਤਰ ਦਾਤੂ ਅਤੇ ਦਾਸੂ ਅਤੇ ਦੋ ਧੀਆਂ ਬੀਬੀ ਅਮਰੋ ਅਤੇ ਬੀਬੀ ਅਨੋਖੀ ਸਨ।

**ਪ੍ਰਸ਼ਨ:-** (8) ਗੁਰੂ ਰਾਮ ਦਾਸ ਜੀ ਦੇ ਪੁੱਤਰਾਂ ਦੇ ਨਾਂਅ ਦੱਸੋ।

ਉੱਤਰ:- ਗੁਰੂ ਰਾਮ ਦਾਸ ਜੀ ਦੇ ਤਿੰਨ ਪੁੱਤਰ ਸਨ-

(1) ਪ੍ਰਿਥੀ ਚੰਦ।

(2) ਮਹਾਂਦੇਵ

(3) ਗੁਰੂ ਅਰਜਨ ਦੇਵ ਜੀ।

**ਪ੍ਰਸ਼ਨ:-** (9) ਗੁਰੂ ਹਰਗੋਬਿੰਦ ਸਾਹਿਬ ਜੀ ਦੁਆਰਾ ਅਪਨਾਈ ਸੈਨਿਕ ਨੀਤੀ ਦਾ ਕੋਈ ਇੱਕ ਕਾਰਨ ਲਿਖੋ।

ਉੱਤਰ:- ਮੁਗਲਾਂ ਅਤੇ ਸਿੱਖਾਂ ਦੇ ਆਪਸੀ ਸੰਬੰਧ ਵਿਗੜ ਚੁੱਕੇ ਸਨ। ਇਸ ਲਈ ਸਿੱਖਾਂ ਦੀ ਰੱਖਿਆ ਵਾਸਤੇ ਗੁਰੂ ਜੀ ਨੇ ਸੈਨਿਕ ਨੀਤੀ ਦਾ ਸਹਾਰਾ ਲਿਆ।

**ਪ੍ਰਸ਼ਨ:- (10)** ਗੁਰੂ ਅਰਜਨ ਦੇਵ ਜੀ ਦੁਆਰਾ ਸਥਾਪਿਤ ਕੀਤੇ ਚਾਰ ਸ਼ਹਿਰਾਂ ਦੇ ਨਾਂਅ ਲਿਖੋ।

ਉੱਤਰ:- (1) ਤਰਨਤਾਰਨ (2) ਕਰਤਾਰਪੁਰ (3) ਹਰਿਗੋਬਿੰਦਪੁਰ (4) ਛੇਹਰਟਾ

**V(b) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਜਾਂ 5-6 ਲਾਈਨਾਂ ਵਿੱਚ ਦਿਓ:**

**ਪ੍ਰਸ਼ਨ:-(1).** ਗੋਇੰਦਵਾਲ ਵਿਚਲੀ ਬਾਉਲੀ ਦਾ ਵਰਣਨ ਕਰੋ।

ਉੱਤਰ:- (1) ਇਸ ਜਲ ਸੋਮੇ ਦੀ ਨੀਂਹ ਗੁਰੂ ਅੰਗਦ ਦੇਵ ਜੀ ਨੇ ਰੱਖੀ।
(2) ਇਸਨੂੰ ਗੁਰੂ ਅਮਰਦਾਸ ਜੀ ਨੇ ਬਣਵਾਇਆ।
(3) ਇਸ ਬਾਉਲ ਵਿੱਚ 84 ਪੌੜੀਆਂ ਬਣਾਈਆਂ ਗਈਆਂ।
(4) ਮੁਕਤੀ ਪ੍ਰਾਪਤ ਕਰਨ ਲਈ ਹਰੇਕ ਪੌੜੀ ਤੇ ਸੱਚੇ ਸਨ ਨਾਲ ਜਪੁਜੀ ਸਾਹਿਬ ਦਾ ਪਾਠ ਕਰਕੇ ਇਸ਼ਨਾਨ ਕਰਨ ਲਈ ਕਿਹਾ ਗਿਆ।
(5) ਇਸ ਨਵੇਂ ਤੀਰਥ-ਸਥਾਨ ਨੇ ਸਿੱਖਾਂ ਵਿੱਚ ਏਕਤਾ ਪੈਦਾ ਕੀਤੀ।

**ਪ੍ਰਸ਼ਨ:-(2).** ਮੰਜੀ ਪ੍ਰਥਾ ਕੀ ਸੀ ਅਤੇ ਇਹ ਕਿਉਂ ਸਥਾਪਿਤ ਕੀਤੀ ਗਈ?

ਉੱਤਰ:- (1) ਮੰਜੀ ਪ੍ਰਥਾ ਦੀ ਸਥਾਪਨਾ ਗੁਰੂ ਅਮਰਦਾਸ ਜੀ ਨੇ ਕੀਤੀ ਸੀ।
(2) ਅਜਿਹਾ ਉਹਨਾਂ ਨੇ ਧਰਮ ਪ੍ਰਚਾਰ ਦੀ ਸੌਖ ਲਈ ਕੀਤਾ ਸੀ।
(3) ਕਿਉਂਕਿ ਗੁਰੂ ਜੀ ਬਹੁਤ ਬਿਰਧ ਸਨ ਅਤੇ ਸਿੱਖਾਂ ਦੀ ਗਿਣਤੀ ਕਾਫੀ ਵਧ ਚੁੱਕੀ ਸੀ।
(4) ਉਹਨਾਂ ਨੇ ਸਿੱਖੀ ਪ੍ਰਚਾਰ ਲਈ ਸਾਰੇ ਸਬੰਧਿਤ ਇਲਾਕੇ ਨੂੰ 22 ਹਿੱਸਿਆਂ ਵਿੱਚ ਵੰਡ ਦਿੱਤਾ।
(5) ਇਹਨਾਂ 22 ਹਿੱਸਿਆਂ ਨੂੰ ਹੀ 22 ਮੰਜੀਆਂ ਕਿਹਾ ਜਾਂਦਾ ਸੀ।
(6) ਮੰਜੀ ਪ੍ਰਥਾ ਨੇ ਸਿੱਖ ਧਰਮ ਦੀ ਨੀਂਹ ਮਜਬੂਤ (ਪੱਕੀ) ਕੀਤੀ।

**ਪ੍ਰਸ਼ਨ:-(3).** ਆਨੰਦ ਸਾਹਿਬ ਬਾਰੇ ਲਿਖੋ।

ਉੱਤਰ:- (1) ਗੁਰੂ ਅਮਰਦਾਸ ਜੀ ਦੀ ਰਚੀ ਇੱਕ ਪ੍ਰਮੁੱਖ ਬਾਣੀ ਨੂੰ ਆਨੰਦ ਸਾਹਿਬ ਕਿਹਾ ਜਾਂਦਾ ਹੈ।
(2) ਗੁਰੂ ਜੀ ਦੇ ਹੁਕਮ ਅਨੁਸਾਰ ਇਸ ਬਾਣੀ ਨੂੰ ਮਹੱਤਵਪੂਰਨ ਖੁਸ਼ੀ ਦੇ ਮੌਕਿਆਂ ਤੇ ਵੀ ਗਾਇਆ ਜਾਂਦਾ ਹੈ।
(3) ਇਸ ਬਾਣੀ ਸਦਕਾ ਸਿੱਖਾਂ ਵਿੱਚ ਵੇਦ-ਮੰਤਰਾਂ ਦੇ ਉਚਾਰਨ ਦਾ ਮਹੱਤਵ ਬਿਲਕੁਲ ਖਤਮ ਹੋ ਗਿਆ।
(4) ਇਹ ਬਾਣੀ ਸਿੱਖਾਂ ਦੇ ਨਿੱਤਨੇਮ ਦਾ ਹਿੱਸਾ ਹੈ।

**ਪ੍ਰਸ਼ਨ:-(4).** ਹਰਿਮੰਦਰ ਸਾਹਿਬ ਬਾਰੇ ਜਾਣਕਾਰੀ ਦਿਓ।

ਉੱਤਰ:- (1) ਗੁਰੂ ਰਾਮਦਾਸ ਜੀ ਦੇ ਜੋਤੀ-ਜੋਤ ਸਮਾਉਣ ਪਿੱਛੋਂ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਸ੍ਰੀ ਹਰਿਮੰਦਰ ਸਾਹਿਬ ਦਾ ਨਿਰਮਾਣ ਕਰਵਾਇਆ।
(2) ਇਸ ਦਾ ਨੀਂਹ ਪੱਥਰ 1589 ਈਸਵੀ ਵਿੱਚ ਸਾਈਂ ਮੀਆਂ ਮੀਰ ਜੀ ਨੇ ਰੱਖਿਆ।
(3) ਗੁਰੂ ਜੀ ਨੇ ਇਸਦੇ ਚਾਰੇ ਪਾਸੇ ਇੱਕ ਇੱਕ ਦਰਵਾਜਾ ਰਖਵਾਇਆ।
(4) ਚਾਰ ਦਰਵਾਜੇ ਭਾਵ ਇਹ ਮੰਦਰ ਸਭ ਲੋਕਾਂ ਲਈ ਬਰਾਬਰ ਖੁੱਲ੍ਹਾ ਹੈ।
(5) ਹਰਿਮੰਦਰ ਸਾਹਿਬ ਦਾ ਨਿਰਮਾਣ 1601 ਈ. ਵਿੱਚ ਪੂਰਾ ਹੋਇਆ।
(6) 1604 ਈ: ਵਿੱਚ ਇੱਥੇ ਆਦਿ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸ਼ੁਰੂ ਹੋਇਆ ਅਤੇ ਬਾਬਾ ਬੁੱਢਾ ਜੀ ਇਥੋਂ ਦੇ ਪਹਿਲੇ ਗ੍ਰੰਥੀ ਬਣੇ।
(7) ਹਰਿਮੰਦਰ ਸਾਹਿਬ ਉਦੋਂ ਤੋਂ ਸਿੱਖਾਂ ਦਾ ਕੇਂਦਰੀ ਤੀਰਥ-ਸਥਾਨ ਹੈ।

**ਪ੍ਰਸ਼ਨ:-(5).** ਅਕਾਲ ਤਖਤ ਬਾਰੇ ਤੁਸੀਂ ਕੀ ਜਾਣਦੇ ਹੋ?

ਉੱਤਰ:- (1) ਇਹ ਸਿੱਖਾਂ ਦਾ ਪਹਿਲਾ ਤਖਤ ਹੈ। ਜਿਸਦਾ ਅਰਥ ਹੈ ਈਸ਼ਵਰ ਦਾ ਸਥਾਨ।
(2) ਇਸਦਾ ਅਸਲੀ ਨਾਂਅ ਅਕਾਲ ਬੁੰਗਾ ਹੈ।
(3) ਗੁਰੂ ਹਰਗੋਬਿੰਦ ਸਾਹਿਬ ਜੀ ਨੇ 1609 ਈਸਵੀ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਇਸਦਾ ਨਿਰਮਾਣ ਕਰਵਾਇਆ।
(4) ਇਸ ਭਵਨ ਵਿੱਚ 12 ਫੁੱਟ ਉੱਚਾ ਇੱਕ ਚਬੂਤਰਾ ਹੈ।
(5) ਇੱਥੇ ਬੈਠ ਕੇ ਗੁਰੂ ਜੀ ਸਿੱਖਾਂ ਦੇ ਰਾਜਨੀਤਿਕ ਅਤੇ ਸੈਨਿਕ ਮਸਲੇ ਹੱਲ ਕਰਦੇ ਸਨ।
(6) ਇੱਥੇ ਅੱਜ ਵੀ ਸਿੱਖ ਯੋਧਿਆਂ ਦੀਆਂ ਜੋਸ਼ੀਲੀਆਂ ਵਾਰਾਂ ਗਾਈਆਂ ਜਾਂਦੀਆਂ ਹਨ।

**ਪ੍ਰਸ਼ਨ:-(6).** ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਨੋਟ ਲਿਖੋ।

ਉੱਤਰ:- (1) ਅਕਬਰ ਦੀ ਮੌਤ ਤੋਂ ਬਾਅਦ ਮੁਗਲ ਬਾਦਸ਼ਾਹ ਜਹਾਂਗੀਰ ਨੇ ਸਹਿਣਸ਼ੀਲਤਾ ਦੀ ਨੀਤੀ ਛੱਡ ਦਿੱਤੀ।
(2) ਉਹ ਸਿੱਖ ਧਰਮ ਨੂੰ ਸੱਟ ਮਾਰਨ ਦੇ ਬਹਾਨੇ ਲੱਭਣ ਲੱਗਾ।
(3) ਇਸ ਸਮੇਂ ਭਾਵ 1606 ਈਸਵੀ ਦੇ ਆਸ ਪਾਸ ਜਹਾਂਗੀਰ ਦੇ ਪੁੱਤ ਖੁਸਰੋ ਨੇ ਉਸਦੇ ਖਿਲਾਫ ਬਗਾਵਤ ਕਰ ਦਿੱਤੀ।
(4) ਖੁਸਰੋ ਹਾਰ ਕੇ ਗੁਰੂ ਅਰਜਨ ਦੇਵ ਜੀ ਕੋਲ ਆਇਆ ਅਤੇ ਅਕਬਰ ਦਾ ਪੋਤਾ ਜਾਣ ਕੇ ਗੁਰੂ ਜੀ ਨੇ ਉਸਨੂੰ ਅਸ਼ੀਰਵਾਦ ਦਿੱਤਾ।
(5) ਇੱਕ ਬਾਗੀ (ਖੁਸਰੋ) ਦੀ ਮਦਦ ਦਾ ਦੋਸ਼ ਲਾ ਕੇ ਜਹਾਂਗੀਰ ਨੇ ਗੁਰੂ ਜੀ ਤੇ 2 ਲੱਖ ਰੁਪਏ ਜੁਰਮਾਨਾ ਲਗਾ ਦਿੱਤਾ।
(6) ਗੁਰੂ ਜੀ ਨੇ ਜੁਰਮਾਨਾ ਦੇਣ ਤੋਂ ਨਾਂਹ ਕਰ ਦਿੱਤੀ।

(7) ਇਸ ਲਈ ਗੁਰੂ ਜੀ ਨੂੰ ਕੈਦ ਕਰ ਲਿਆ ਗਿਆ ਅਤੇ ਤਸੀਹੇ ਦੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਸਿੱਟੇ ਵਜੋਂ ਛੇਵੇਂ ਗੁਰੂ ਜੀ ਨੇ ਸੈਨਿਕ ਨੀਤੀ ਅਪਨਾਈ।

**ਪ੍ਰਸ਼ਨ**:-(7). ਗੁਰੂ ਨਾਨਕ ਦੇਵ ਜੀ ਨੇ ਆਪਣੇ ਪੁੱਤਰਾਂ ਦੀ ਬਜਾਏ ਭਾਈ ਲਹਿਣਾ (ਗੁਰੂ ਅੰਗਦ ਦੇਵ ਜੀ) ਦੀ ਅਗਲੇ ਗੁਰੂ ਵਜੋਂ

ਚੋਣ ਕਿਉਂ ਕੀਤੀ?

**ਉੱਤਰ**:- ਇਸ ਪਿੱਛੇ ਕੁਝ ਖਾਸ ਕਾਰਨ ਸਨ। ਜਿਵੇਂ:-

(1) ਗੁਰੂ ਨਾਨਕ ਦੇਵ ਜੀ ਦੇ ਦੋਵੇਂ ਪੁੱਤਰਾਂ ਨੇ ਆਦਰਸ਼ਕ ਗ੍ਰਹਿਸਥ ਸਿਧਾਂਤ ਦੀ ਪਾਲਣਾ ਨਹੀਂ ਕੀਤੀ। ਜਦਕਿ ਭਾਈ ਲਹਿਣਾ ਜੀ ਇਸਦੀ ਸੱਚੇ ਦਿਲੋਂ ਪਾਲਣਾ ਕਰ ਰਹੇ ਸਨ।

(2) ਬਾਬਾ ਸ੍ਰੀਚੰਦ ਅਤੇ ਲੱਖਮੀ ਦਾਸ ਨਿਮਰਤਾ ਅਤੇ ਸੇਵਾ ਭਾਵ ਦੇ ਗੁਣਾਂ ਤੋਂ ਕੋਰੇ ਸਨ। ਜਦਕਿ ਭਾਈ ਲਹਿਣਾ ਜੀ ਵਿੱਚ ਇਹ ਗੁਣ ਕੁੱਟ-ਕੁੱਟ ਕੇ ਭਰੇ ਹੋਏ ਸਨ।

(3) ਸ੍ਰੀਚੰਦ ਜੀ ਨੂੰ ਸੰਸਕ੍ਰਿਤ ਭਾਸ਼ਾ ਦੇ ਵੇਦ ਮੰਤਰਾਂ ਵਿੱਚ ਡੂੰਘਾ ਵਿਸ਼ਵਾਸ਼ ਸੀ, ਜਦਕਿ ਗੁਰੂ ਨਾਨਕ ਦੇਵ ਜੀ ਇਹਨਾਂ ਨੂੰ ਨਹੀਂ ਮੰਨਦੇ ਸਨ।

**ਪ੍ਰਸ਼ਨ**:-(8). ਗੁਰੂ ਅਮਰਦਾਸ ਜੀ ਇੱਕ ਸਮਾਜ ਸੁਧਾਰਕ ਸਨ। ਕੋਈ ਚਾਰ ਦਲੀਲਾਂ ਦਿਓ।

**ਉੱਤਰ**:- ਕਈ ਬੁਰਾਈਆਂ ਦਾ ਸ਼ਿਕਾਰ ਹੋ ਚੁੱਕੇ ਸਮਾਜ ਲਈ ਗੁਰੂ ਅਮਰਦਾਸ ਜੀ ਨੇ ਹੇਠ ਲਿਖੇ ਚਾਰ ਮੁੱਖ ਸੁਧਾਰ ਕੀਤੇ:

(1) ਗੁਰੂ ਜੀ ਨੇ ਜਾਤੀ ਭੇਦਭਾਵ ਦਾ ਆਪਣੇ ਜ਼ੋਰਦਾਰ ਪ੍ਰਚਾਰ ਅਤੇ ਲੰਗਰ-ਪ੍ਰਥਾ ਰਾਹੀਂ ਖੰਡਨ ਕੀਤਾ।

(2) ਗੁਰੂ ਜੀ ਨੇ ਸਤੀ ਪ੍ਰਥਾ ਦੀ ਭੈੜੀ ਕੁਰੀਤੀ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ।

(3) ਗੁਰੂ ਜੀ ਨੇ ਇਸਤਰੀਆਂ ਦੀ ਪਰਦਾ ਪ੍ਰਥਾ ਦੀ (ਘੋਰ) ਜੋਰਦਾਰ ਨਿੰਦਾ ਕੀਤੀ ਅਤੇ ਇਸਨੂੰ ਸਮਾਜ ਦੀ ਉੱਨਤੀ ਦੇ ਰਾਹ ਵਿੱਚ ਵੱਡੀ ਰੁਕਾਵਟ ਦੱਸਿਆ।

(4) ਗੁਰੂ ਜੀ ਨੇ ਸਿੱਖਾਂ ਨੂੰ ਸਾਰੀਆਂ ਨਸ਼ੀਲੀਆਂ ਵਸਤਾਂ ਤੋਂ ਦੂਰ ਰਹਿਣ ਦਾ ਨਿਰਦੇਸ਼ ਦਿੱਤਾ।

**ਪ੍ਰਸ਼ਨ**:-(9). ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੀਵਨ ਅਤੇ ਕੰਮਾਂ ਬਾਰੇ ਦੱਸੋ।

ਉੱਤਰ:- ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਿੱਖ ਪੰਥ ਨੂੰ ਇੱਕ ਨਵਾਂ ਮੋੜ ਦਿੱਤਾ:-

(1) ਉਹਨਾਂ ਨੇ ਗੁਰਗੱਦੀ ਤੇ ਬੈਠਦਿਆਂ ਹੀ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ।

(2) ਇਸ ਤਰ੍ਹਾਂ ਉਹ ਸਿੱਖਾਂ ਦੇ ਰਾਜਨੀਤਿਕ ਅਤੇ ਸੈਨਿਕ ਨੇਤਾ ਵੀ ਬਣੇ। ਆਪ ਨੇ ਸਿੱਖ ਫੌਜ ਬਣਾਈ ਅਤੇ ਉਹਨਾਂ ਨੂੰ ਹਥਿਆਰਬੰਦ ਬਣਾਇਆ।

(3) ਉਹਨਾਂ ਨੇ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖਤ ਦੀ ਉਸਾਰੀ ਕਰਵਾਈ।

(4) ਆਪ ਜੀ ਨੇ 52 ਰਾਜਪੂਤ ਰਾਜਿਆਂ ਨੂੰ ਗਵਾਲੀਅਰ ਵਿਖੇ ਜਹਾਂਗੀਰ ਦੀ ਕੈਦ ਵਿੱਚੋਂ ਛੁਡਾਇਆ।

(5) ਗੁਰੂ ਜੀ ਨੇ ਮੁਗਲਾਂ ਵਿਰੁੱਧ ਤਿੰਨ ਯੁੱਧ ਕੀਤੇ ਅਤੇ ਤਿੰਨੇ ਹੀ ਜਿੱਤੇ।

# ਗੁਰੂ ਗੋਬਿੰਦ ਸਿੰਘ  ਜੀ ਦਾ ਜੀਵਨ ਅਤੇ ਖਾਲਸੇ ਦੀ ਸਿਰਜਣਾ ਅਤੇ ਸਖਸੀਅਤ

**I (ਵਸਤੂਨਿਸ਼ਠ ਪ੍ਰਸ਼ਨ)**

**ਠੀਕ ਉੱਤਰ ਚੁਣੋ–**

(ੳ) ਸਿੱਖਾਂ ਦੇ ਦਸਵੇਂ ਗੁਰੂ ਕੌਣ ਸਨ?

(1) ਗੁਰੂ ਗੋਬਿੰਦ ਸਿੰਘ ਜੀ  (2) ਗੁਰੂ ਨਾਨਕ ਦੇਵ ਜੀ

(3) ਗੁਰੂ ਤੇਗ ਬਹਾਦਰ ਜੀ  (4) ਗੁਰੂ ਅਮਰਦਾਸ ਜੀ

(ਅ) ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਿੱਥੇ ਹੋਇਆ?

(1) ਦਿੱਲੀ  (2) ਪਟਨਾ ਸਾਹਿਬ

(3) ਅੰਮ੍ਰਿਤਸਰ  (4) ਲਾਹੌਰ

(ੲ) ਗੁਰੂ ਗੋਬਿੰਦ ਸਿੰਘ  ਜੀ ਦੇ ਪਿਤਾ ਦਾ ਨਾਂਅ ਕੀ ਸੀ?

(1) ਗੁਰੂ ਨਾਨਕ ਦੇਵ ਜੀ  (2) ਗੁਰੂ ਅਮਰਦਾਸ ਜੀ

(3) ਗੁਰੂ ਹਰਕ੍ਰਿਸ਼ਨ ਜੀ  (4) ਗੁਰੂ ਤੇਗ ਬਹਾਦਰ ਜੀ

(ਸ) ਗੁਰੂ ਗੋਬਿੰਦ ਸਿੰਘ ਜੀ ਕਿਹੜੇ ਸਾਲ (ਈਸਵੀ) ਨੂੰ ਜੋਤੀ ਜੋਤ ਸਮਾਏ,

(1) 1539 ਈਸਵੀ ਨੂੰ  (2) 16●6 ਈਸਵੀ ਨੂੰ

(3) 17●8 ਈਸਵੀ ਨੂੰ  (4) 1645 ਈਸਵੀ ਨੂੰ

(ਹ) ਜਫਰਨਾਮਾ ਨਾਮਕ ਖਤ ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਮੁਗਲ–ਬਾਦਸ਼ਾਹ ਨੂੰ ਲਿਖਿਆ ਸੀ?

(1) ਔਰੰਗਜੇਬ ਨੂੰ  (2) ਬਾਬਰ ਨੂੰ

(3) ਬਹਾਦਰ ਸ਼ਾਹ ਨੂੰ  (4) ਫਰੁੱਖਸੀਅਰ ਨੂੰ

(ਕ) ਕਿਹੜੇ ਪੰਡਤਾਂ ਨੂੰ ਔਰਗਜ਼ੇਬ ਜਬਰਦਸਤੀ ਮੁਸਲਮਾਨ ਬਣਾਉਣਾ ਚਾਹੁੰਦਾ ਸੀ?

(1) ਬਿਹਾਰੀ  (2) ਤਾਮਿਲ

(3) ਸਿੰਧੀ  (4) ਕਸ਼ਮੀਰੀ

(ਖ) ਚਮਕੌਰ ਦਾ ਯੁੱਧ ਕਦੋਂ ਲੜਿਆ ਗਿਆ?

(1) 1857 ਈਸਵੀ ਨੂੰ  (2) 17●4 ਈਸਵੀ ਨੂੰ

(3) 1556 ਈਸਵੀ ਨੂੰ  (4) 1845 ਈਸਵੀ ਨੂੰ

(ਗ) ਬਚਿੱਤਰ ਨਾਟਕ ਕਿਸ ਗੁਰੂ ਜੀ ਦੀ ਜੀਵਨ ਕਥਾ ਹੈ?

(1) ਗੁਰੂ ਅਰਜਨ ਦੇਵ ਜੀ ਦੀ  (2) ਗੁਰੂ ਹਰਰਾਏ ਜੀ

(3) ਗੁਰੂ ਗੋਬਿੰਦ ਸਿੰਘ ਜੀ ਦੀ  (4) ਗੁਰੂ ਹਰਕ੍ਰਿਸ਼ਨ ਜੀ

(ਘ) ਗੁਰੂ ਜੀ ਦੇ ਨਗਾਰੇ ਦਾ ਕੀ ਨਾਂਅ ਸੀ?

(1) ਰਣਜੀਤ ਨਗਾਰਾ  (2) ਪ੍ਰਤਾਪ ਨਗਾਰਾ

(3) ਬਹਾਦਰ ਨਗਾਰਾ  (4) ਜੁਝਾਰ ਨਗਾਰਾ

**ਉੱਤਰ:–**

(ੳ) (1) ਗੁਰੂ ਗੋਬਿੰਦ ਸਿੰਘ ਜੀ।

(ਅ) (2) ਪਟਨਾ ਸਾਹਿਬ।

(ੲ) (4) ਗੁਰੂ ਤੇਗ ਬਹਾਦਰ ਜੀ।

(ਸ) (3) 17●8 ਈਸਵੀ ਨੂੰ

(ਹ) (1) ਔਰੰਗਜੇਬ ਨੂੰ

(ਕ) (4) ਕਸ਼ਮੀਰੀ

(ਖ) (2) 17●4 ਈਸਵੀ ਨੂੰ

(ਗ) (3) ਗੁਰੂ ਗੋਬਿੰਦ ਸਿੰਘ ਜੀ ਦੀ

(ਘ) (1) ਰਣਜੀਤ ਨਗਾਰਾ

**II ਹੇਠ ਲਿਖੇ ਸ਼ਬਦਾਂ ਨੂੰ ਠੀਕ ਤਰ੍ਹਾਂ ਮਿਲਾਓ:**

| | | |
|---|---|---|
| (1) | (ੳ) ਭੰਗਾਣੀ ਦਾ ਯੁੱਧ | 169● ਈਸਵੀ |
| | (ਅ) ਨਦੌਣ ਦਾ ਯੁੱਧ | 1688 ਈਸਵੀ |
| | (ੲ) ਚਮਕੌਰ ਸਾਹਿਬ ਦਾ ਯੁੱਧ | 17●5 ਈਸਵੀ |
| | (ਸ) ਖਿਦਰਾਣੇ ਦਾ ਯੁੱਧ | 17●4 ਈਸਵੀ |
| (2) | (ੳ) ਗੁਰੂ ਗੋਬਿੰਦ ਸਿੰਘ ਜੀ ਦਾ ਜਨਮ | 1699 ਈਸਵੀ |
| | (ਅ) ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ | 17●4 ਈਸਵੀ |

| | | |
|---|---|---|
| | (ੲ) ਖਾਲਸੇ ਜੀ ਸਿਰਜਣਾ | 1666 ਈਸਵੀ |
| | (ਸ) ਚਾਰ ਸਾਹਿਬਜਾਦਿਆਂ ਦੀ ਸ਼ਹੀਦੀ | 1675 ਈਸਵੀ |
| (3) | (ੳ) ਪਠਾਣ ਨੇਤਾ | ਪੰਡਿਤ ਕਿਰਪਾ ਰਾਮ |
| | (ਅ) ਗੁਰੂ ਗੋਬਿੰਦ ਸਿੰਘ ਜੀ ਦਾ ਅਧਿਆਪਕ | ਔਰੰਗਜ਼ੇਬ |
| | (ੲ) ਕਸ਼ਮੀਰੀ ਪੰਡਤਾਂ ਦਾ ਨੇਤਾ | ਕਾਜ਼ੀ ਪੀਰ ਮੁਹੰਮਦ |
| | (ਸ) ਮੁਗਲ ਬਾਦਸ਼ਾਹ | ਪੀਰ ਬੁੱਧੂ ਸ਼ਾਹ |
| (4) | (ੳ) ਸਾਹਿਬਜ਼ਾਦੇ | ਭਾਈ ਮਹਾਂ ਸਿੰਘ |
| | (ਅ) ਪੰਜ ਪਿਆਰਿਆ ਵਿੱਚੋਂ ਇੱਕ ਪਿਆਰਾ | ਅਜੀਤ ਸਿੰਘ ਜੀ |
| | (ੲ) 40 ਦਾ ਮੁਖੀ | ਮਾਈ ਭਾਗੋ |
| | (ਸ) ਬਹਾਦਰ ਸਿੱਖ ਔਰਤ | ਭਾਈ ਦਇਆ ਸਿੰਘ |
| (5) | (ੳ) ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਸਥਾਨ | ਮੁਕਤਸਰ ਸਾਹਿਬ |
| | (ਅ) ਖਾਲਸੇ ਦਾ ਜਨਮ ਸਥਾਨ | ਸਰਹੰਦ |
| | (ੲ) 40 ਮੁਕਤਿਆਂ ਦੀ ਭੂਮੀ | ਪਟਨਾ ਸਾਹਿਬ |
| | (ਸ) ਛੋਟੇ ਸਾਹਿਬਜਾਦਿਆਂ ਦਾ ਸਹੀਦੀ ਸਥਾਨ | ਅਨੰਦਪੁਰ ਸਾਹਿਬ |

**ਉੱਤਰ:-**

| | | |
|---|---|---|
| (1) | (ੳ) ਭੰਗਾਣੀ ਦਾ ਯੁੱਧ | 1688 ਈਸਵੀ |
| | (ਅ) ਨਦੌਣ ਦਾ ਯੁੱਧ | 1690 ਈਸਵੀ |
| | (ੲ) ਚਮਕੌਰ ਸਾਹਿਬ ਦਾ ਯੁੱਧ | 1704 ਈਸਵੀ |
| | (ਸ) ਖਿਦਰਾਣੇ ਦਾ ਯੁੱਧ | 1705 ਈਸਵੀ |
| (2) | (ੳ) ਗੁਰੂ ਗੋਬਿੰਦ ਸਿੰਘ ਜੀ ਦਾ ਜਨਮ | 1666 ਈਸਵੀ |
| | (ਅ) ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ | 1675 ਈਸਵੀ |
| | (ੲ) ਖਾਲਸੇ ਦੀ ਸਿਰਜਣਾ | 1699 ਈਸਵੀ |
| | (ਸ) ਚਾਰ ਸਾਹਿਬਜਾਦਿਆਂ ਦੀ ਸ਼ਹੀਦੀ | 1704 ਈਸਵੀ |
| (3) | (ੳ) ਪਠਾਣ ਨੇਤਾ | ਪੀਰ ਬੁੱਧੂ ਸ਼ਾਹ |
| | (ਅ)ਗੁਰੂ ਗੋਬਿੰਦ ਸਿੰਘ ਜੀ ਦਾ ਅਧਿਆਪਕ | ਕਾਜ਼ੀ ਪੀਰ ਮੁਹੰਮਦ |
| | (ੲ) ਕਸ਼ਮੀਰੀ ਪੰਡਤਾਂ ਦੇ ਨੇਤਾ | ਪੰਡਿਤ ਕਿਰਪਾ ਰਾਮ |
| | (ਸ) ਮੁਗਲ ਬਾਦਸ਼ਾਹ | ਔਰੰਗਜੇਬ |
| (4) | (ੳ) ਸਾਹਿਬਜ਼ਾਦੇ | ਅਜੀਤ ਸਿੰਘ ਜੀ |
| | (ਅ) ਪਿਆਰੇ | ਭਾਈ ਦਇਆ ਸਿੰਘ |
| | (ੲ) 40 ਸਿੰਘਾਂ ਦਾ ਮੁਖੀ | ਭਾਈ ਮਹਾਂ ਸਿੰਘ |
| | (ਸ) ਬਹਾਦਰ ਸਿੱਖ ਔਰਤ | ਮਾਈ ਭਾਗੋ |
| (5) | (ੳ) ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਸਥਾਨ | ਪਟਨਾ ਸਾਹਿਬ |
| | (ਅ) ਖਾਲਸੇ ਦਾ ਜਨਮ ਸਥਾਨ | ਅਨੰਦਪੁਰ ਸਾਹਿਬ |
| | (ੲ) 40 ਮੁਕਤਿਆਂ ਦੀ ਭੂਮੀ | ਮੁਕਤਸਰ ਸਾਹਿਬ |
| | (ਸ) ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਸਥਾਨ | ਸਰਹੰਦ |

**III ਖਾਲੀ ਥਾਵਾਂ ਭਰੋ:**

(1) ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਦਾ ਨਾਮ ....................ਸੀ। (ਭਾਨੀ ਜੀ, ਗੁਜਰੀ ਜੀ, ਨਾਨਕੀ ਜੀ)

(2) ਗੁਰੂ ਗੋਬਿੰਦ ਸਿੰਘ ਜੀ ਦੇ ...................ਸਾਹਿਬਜਾਦੇ ਸਨ। (ਚਾਰ, ਦੋ, ਛੇ)

(3) ਗੁਰੂ ਗੋਬਿੰਦ ਸਿੰਘ ਜੀ ਨੇ ਜਫਰਨਾਮਾ ...................ਭਾਸ਼ਾ ਵਿੱਚ ਲਿਖਿਆ। (ਅੰਗਰੇਜੀ, ਤਾਮਿਲ, ਫਾਰਸੀ)

(4) ਖਾਲਸਾ ਪੰਥ ਦੀ ਸਾਜਨਾ ...................ਈਸਵੀ ਨੂੰ ਹੋਈ। (1708, 1699, 1675)

(5) ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ...................ਵਿਖੇ ਕੀਤੀ। (ਪਾਉਂਟਾ ਸਾਹਿਬ, ਪਟਨਾ ਸਾਹਿਬ, ਅਨੰਦਪੁਰ ਸਾਹਿਬ)

(6) ਬੇਦਾਵਾ ਲਿਖਣ ਵਾਲੇ 40 ਸਿੰਘਾ ਨੂੰ ਮੁਕਤਸਰ ਵਿਖੇ ਸ਼ਹੀਦ ਹੋਣ ਤੋਂ ਬਾਅਦ ਕਿਹਾ ਜਾਂਦਾ ਹੈ। (40 ਮੁਕਤੇ, 40 ਪਿਆਰੇ, 40 ਯੋਧੇ)

ਉੱਤਰ:- **(1) ਗੁਜਰੀ ਜੀ** (2) 4 **(3) ਫਾਰਸੀ**

**(4) 1699** **(5) ਅਨੰਦਪੁਰ ਸਾਹਿਬ** **(6) 40 ਮੁਕਤੇ**

**IV ਸਹੀ ਵਾਕ ਅੱਗੇ (3) ਅਤੇ ਗਲਤ ਵਾਕ ਅੱਗੇ (7) ਦਾ ਨਿਸ਼ਾਨ ਲਗਾਓ:**

(1) ਚਮਕੌਰ ਸਾਹਿਬ ਦੀ ਲੜਾਈ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਸ਼ਹੀਦ ਹੋਏ। (3)

(2) ਗੁਰੂ ਗੋਬਿੰਦ ਸਿੰਘ ਜੀ ਦੇ 32 ਦਰਬਾਰੀ ਕਵੀ ਸਨ। (7)

(3) ਮੁਕਤਸਰ ਸਾਹਿਬ ਦਾ ਪਹਿਲਾ ਨਾਂਅ ਖਿਦਰਾਣਾ ਸੀ। (3)

(4) ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਦੇ ਪਹਿਲੇ 5 ਸਾਲ ਪਾਉਂਟਾ ਸਾਹਿਬ ਵਿਖੇ ਬੀਤੇ। (7)

(5) ਖਾਲਸਾ ਨੂੰ 6 ਕਕਾਰ ਧਾਰਨ ਕਰਨੇ ਹੁੰਦੇ ਹਨ। (7)

(6) ਮਸੰਦ ਪ੍ਰਥਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖਤਮ ਕੀਤਾ। (3)

**V (a) ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ:**

**ਪ੍ਰਸ਼ਨ:**-(1). ਖਾਲਸਾ ਇਸਤਰੀ ਆਪਣੇ ਨਾਂਅ ਨਾਲ ਕਿਹੜਾ ਅੱਖਰ ਲਗਾਉਂਦੀ ਹੈ।

ਉੱਤਰ:- ਕੌਰ

**ਪ੍ਰਸ਼ਨ:**-(2). ਪਾਉਂਟਾ ਸਾਹਿਬ ਦਾ ਕੀ ਅਰਥ ਹੈ?

ਉੱਤਰ:- ਪੈਰ ਟਿਕਾਉਣ ਦੀ ਥਾਂ।

**ਪ੍ਰਸ਼ਨ:**-(3). ਕਿਸ ਮੁਗਲ ਬਾਦਸ਼ਾਹ ਨੇ ਹਿੰਦੂਆਂ ਨੂੰ ਇਸਲਾਮ ਧਰਮ ਅਪਨਾਉਣ ਤੇ ਮਜਬੂਰ ਕੀਤਾ?

ਉੱਤਰ:- ਔਰੰਗਜੇਬ

**ਪ੍ਰਸ਼ਨ:**-(4). ਗੁਰੂ ਗੋਬਿੰਦ ਸਿੰਘ ਜੀ ਦੁਆਰਾ ਅਪਨਾਏ ਗਏ ਕਿਸੇ ਇੱਕ ਰਾਜਸੀ ਚਿੰਨ੍ਹ ਦਾ ਨਾਂਅ ਦੱਸੋ।

ਉੱਤਰ:- ਕਲਗੀ

**ਪ੍ਰਸ਼ਨ:**-(5). ਗੁਰੂ ਗੋਬਿੰਦ ਸਿੰਘ ਜੀ ਨੇ ਕਿਹੜਾ ਨਗਾਰਾ ਬਣਵਾਇਆ?

ਉੱਤਰ:- ਰਣਜੀਤ ਨਗਾਰਾ

**ਪ੍ਰਸ਼ਨ:**-(6). ਗੁਰੂ ਗੋਬਿੰਦ ਸਿੰਘ ਜੀ ਕੋਲ ਕਿਹੜਾ ਸਿੱਖ ਚਾਂਦਨੀ ਚੌਂਕ ਵਿਚੋਂ ਗੁਰੂ ਤੇਗ ਬਹਾਦਰ ਜੀ ਦਾ ਸੀਸ ਲਿਆਇਆ ਸੀ।

ਉੱਤਰ:- ਭਾਈ ਜੈਤਾ ਜੀ।

**V(b) ਉੱਤਰ ਇੱਕ ਜਾਂ ਦੋ ਵਾਕਾ ਵਿੱਚ ਦਿਓ:**

**ਪ੍ਰਸ਼ਨ:**-(1). ਗੁਰੂ ਜੀ ਦੇ ਕਿਹੜੇ ਸਾਹਿਬਜ਼ਾਦਿਆਂ ਨੂੰ ਕਿੱਥੇ ਨੀਹਾਂ ਵਿੱਚ ਚਿਣਵਾ ਦਿੱਤਾ ਗਿਆ ਸੀ? ਉਹਨਾਂ ਦੇ ਨਾਂਅ ਵੀ ਦੱਸੋ।

ਉੱਤਰ:- ਗੁਰੂ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹੰਦ ਵਿਖੇ ਨੀਹਾਂ ਵਿੱਚ ਚਿਣਵਾ ਦਿੱਤਾ ਗਿਆ ਸੀ। ਉਹਨਾਂ ਦੇ ਨਾਂਅ ਸਨ- ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ।

**ਪ੍ਰਸ਼ਨ:**-(2) ਗੁਰੂ ਜੀ ਦੇ ਕਿਹੜੇ ਸਾਹਿਬਜ਼ਾਦੇ ਚਮਕੌਰ ਸਾਹਿਬ ਯੁੱਧ ਵਿੱਚ ਕਿੱਥੇ ਸ਼ਹੀਦ ਹੋਏ? ਉਹਨਾਂ ਦੇ ਨਾਂਅ ਵੀ ਦੱਸੋ।

ਉੱਤਰ:- ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਚਮਕੌਰ ਸਾਹਿਬ ਦੇ ਯੁੱਧ ਵਿੱਚ ਸ਼ਹੀਦ ਹੋਏ। ਉਹਨਾਂ ਦੇ ਨਾਂਅ ਸਨ-ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ।

**ਪ੍ਰਸ਼ਨ:**-(3). ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਦਾ ਨਾਂਅ ਕੀ ਸੀ? ਉਹ ਕਿਸ ਸਾਲ ਗੁਰਗੱਦੀ ਤੇ ਬੈਠੇ?

ਉੱਤਰ:- ਗੁਰੂ ਜੀ ਦੇ ਬਚਪਨ ਦਾ ਨਾਂਅ ਗੋਬਿੰਦ ਰਾਏ ਸੀ ਉਹ 1675 ਈਸਵੀ ਵਿੱਚ ਗੁਰਗੱਦੀ ਤੇ ਬੈਠੇ ਸਨ।

**ਪਸ਼ਨ:**- (4) ਕਸ਼ਮੀਰੀ ਪੰਡਤਾਂ ਦੀ ਕੀ ਸਮੱਸਿਆ ਸੀ? ਗੁਰੂ ਤੇਗ ਬਹਾਦਰ ਜੀ ਨੇ ਉਸਨੂੰ ਕਿਵੇਂ ਹੱਲ ਕੀਤਾ?

ਉੱਤਰ:- ਕਸ਼ਮੀਰੀ ਪੰਡਤਾਂ ਨੂੰ ਬਾਦਸ਼ਾਹ ਔਰੰਗਜੇਬ ਜਬਰਦਸਤੀ ਮੁਸਲਮਾਨ ਬਣਾਉਣਾ ਚਾਹੁੰਦਾ ਸੀ। ਗੁਰੂ ਤੇਗ ਬਹਾਦਰ ਜੀ ਨੇ ਇਸ ਸਮੱਸਿਆ ਨੂੰ ਆਪਣੀ ਸ਼ਹੀਦੀ ਦੇ ਕੇ ਹੱਲ ਕੀਤਾ।

**ਪਸ਼ਨ:**-(5) ਮੁਕਤਸਰ ਦਾ ਪੁਰਾਣਾ ਨਾਂਅ ਕੀ ਸੀ? ਇਸਦਾ ਨਾਂਅ ਮੁਕਤਸਰ ਕਿਉਂ ਪਿਆ?

ਉੱਤਰ:- ਮੁਕਤਸਰ ਦਾ ਪੁਰਾਣਾ ਨਾਂਅ ਖਿਦਰਾਣਾ ਸੀ। ਖਿਦਰਾਣਾ ਦੇ ਯੁੱਧ ਵਿੱਚ ਸ਼ਹੀਦ ਹੋਣ ਵਾਲੇ 4● ਸਿੰਘਾਂ ਨੂੰ ਦਸਮ ਗੁਰੂ ਜੀ ਨੇ 4● ਮੁਕਤੇ ਕਿਹਾ ਅਤੇ ਇਸ ਲਈ ਖਿਦਰਾਣਾ ਦਾ ਨਾਂਅ ਮੁਕਤਸਰ ਪੈ ਗਿਆ।

**ਪਸ਼ਨ:**-(6) ਗੁਰੂ ਗੋਬਿੰਦ ਸਿੰਘ ਜੀ ਦੀਆਂ ਪ੍ਰਸਿੱਧ ਚਾਰ ਰਚਨਾਵਾਂ ਦੇ ਨਾਂਅ ਲਿਖੋ।

ਉੱਤਰ:- ਚੰਡੀ ਦੀ ਵਾਰ, ਅਕਾਲ ਉਸਤੱਤਿ ਵਚਿੱਤਰ ਨਾਟਕ ਅਤੇ ਜ਼ਫ਼ਰਨਾਮਾ।

**VI ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 5●-6● ਸ਼ਬਦਾਂ ਜਾਂ 5-6 ਲਾਈਨਾਂ ਵਿੱਚ ਦਿਓ:**

**ਪਸ਼ਨ:**- (1). ਪੰਜ ਪਿਆਰਿਆਂ ਦੇ ਨਾਂਅ ਲਿਖੋ। ਉਹ ਕਿੱਥੋਂ ਦੇ ਰਹਿਣ ਵਾਲੇ ਸਨ?

ਉੱਤਰ:- (1) ਭਾਈ ਦਇਆ ਸਿੰਘ ਜੀ। ਇਹ ਲਾਹੌਰ ਦੇ ਰਹਿਣ ਵਾਲੇ ਸਨ।

(2) ਭਾਈ ਧਰਮ ਸਿੰਘ ਜੀ। ਇਹ ਦਿੱਲੀ ਦੇ ਰਹਿਣ ਵਾਲੇ ਸਨ।

(3) ਭਾਈ ਹਿੰਮਤ ਸਿੰਘ ਜੀ। ਇਹ ਜਗਨਨਾਥ ਪੁਰੀ (ਉਡੀਸਾ) ਦੇ ਰਹਿਣ ਵਾਲੇ ਸਨ।

(4) ਭਾਈ ਮੋਹਕਮ ਸਿੰਘ ਜੀ। ਇਹ ਦਵਾਰਕਾ (ਗੁਜਰਾਤ) ਦੇ ਰਹਿਣ ਵਾਲੇ ਸਨ।

(5) ਭਾਈ ਸਾਹਿਬ ਸਿੰਘ ਜੀ। ਇਹ ਬਿਦਰ (ਕਰਨਾਟਕ) ਦੇ ਰਹਿਣ ਵਾਲੇ ਸਨ।

**ਪਸ਼ਨ:**- (2). ਖਾਲਸਾ ਪੰਥ ਦੀ ਸਥਾਪਨਾ (ਸਾਜਨਾ) ਤੇ ਨੋਟ ਲਿਖੋ।

ਉੱਤਰ:- (1) 1699 ਈਸਵੀ ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਵੱਖ-ਵੱਖ ਪ੍ਰਦੇਸ਼ਾਂ ਦੇ ਲੋਕਾਂ ਨੂੰ ਆਨੰਦਪੁਰ ਸਾਹਿਬ ਵਿੱਚ ਇਕੱਠਾ ਕੀਤਾ।

(2) 8●,●●● ਲੋਕਾਂ ਦੀ ਇਸ ਸਭਾ ਵਿੱਚ ਗੁਰੂ ਜੀ ਨੇ ਕਿਸ ਸਿੱਖ ਕੋਲੋਂ ਧਰਮ ਬਚਾਉਣ ਲਈ ਸਿਰ ਦੀ ਮੰਗ ਕੀਤੀ।

(3) ਗੁਰੂ ਜੀ ਦੇ ਤਿੰਨ ਵਾਰ ਮੰਗ ਦੁਹਰਾਉਣ ਤੇ ਲਾਹੌਰ ਵਾਸੀ ਭਾਈ ਦਇਆ ਰਾਮ ਨੇ ਆਪਣੇ ਆਪ ਨੂੰ ਕੁਰਬਾਨੀ ਲਈ ਪੇਸ਼ ਕੀਤਾ।

(4) ਗੁਰੂ ਜੀ ਉਸ ਨੂੰ ਤੰਬੂ ਵਿੱਚ ਲੈ ਗਏ।

(5) ਗੁਰੂ ਜੀ ਵੱਲੋਂ ਅਜਿਹਾ ਪੰਜ ਵਾਰ ਦੁਹਰਾਇਆ ਗਿਆ। ਨਤੀਜੇ ਵਜੋਂ ਭਾਈ ਧਰਮਦਾਸ, ਭਾਈ ਮੋਹਕਮ ਚੰਦ, ਸਾਹਿਬ ਚੰਦ ਅਤੇ ਹਿੰਮਤ ਰਾਏ ਕੁਰਬਾਨੀ ਲਈ ਪੇਸ਼ ਹੋਏ।

(6) ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ ਨੂੰ ਅੰਮ੍ਰਿਤ ਛਕਾ ਕੇ ਪੰਜ ਪਿਆਰੇ ਬਣਾ ਕੇ ਸਿੰਘ ਸਜਾਇਆ। ਉਹ ਖਾਲਸਾ ਅਖਵਾਏ।

(7) ਉਪਰੰਤ ਗੁਰੂ ਜੀ ਨੇ ਆਪ ਵੀ ਉਹਨਾਂ ਹੱਥੋਂ ਅੰਮ੍ਰਿਤ ਛਕਿਆ ਅਤੇ ਗੁਰੂ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਬਣ ਗਏ।

**ਪਸ਼ਨ:–** (3). ਖਾਲਸਾ ਦੇ ਨਿਯਮਾਂ ਬਾਰੇ ਦੱਸੋ।

ਉੱਤਰ:– 1699 ਈਸਵੀ ਵਿੱਚ ਸਥਾਪਿਤ ਕੀਤੇ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਪੰਥ ਦੇ ਮੁੱਖ ਨਿਯਮ ਇਹ ਹਨ:

(1) ਹਰੇਕ ਖਾਲਸਾ ਮਰਦ ਆਪਣੇ ਨਾਂਅ ਨਾਲ ਸਿੰਘ ਅਤੇ ਖਾਲਸਾ ਔਰਤ ਕੌਰ ਸ਼ਬਦ ਲਗਾਏਗੀ।

(2) ਖਾਲਸਾ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਹਰੇਕ ਵਿਅਕਤੀ ਨੂੰ ਖੰਡੇ ਦੀ ਪਾਹੁਲ ਦਾ ਅੰਮ੍ਰਿਤ ਛਕਣਾ ਪਵੇਗਾ। ਫਿਰ ਹੀ ਉਹ ਆਪਣੇ ਆਪ ਨੂੰ ਖਾਲਸਾ ਅਖਵਾਏਗਾ।

(3) ਹਰੇਕ ਸਿੰਘ ਸਿੰਘਣੀ ਨੂੰ ਪੰਜ ਕਕਾਰ–ਕੇਸ, ਕੜਾ, ਕਛਹਿਰਾ, ਕੰਘਾ ਅਤੇ ਕ੍ਰਿਪਾਨ ਧਾਰਨ ਕਰਨੇ ਹੋਣਗੇ।

(4) ਖਾਲਸਾ ਪਵਿੱਤਰ ਜੀਵਨ ਬਿਤਾਏਗਾ ਅਤੇ ਸਵੇਰੇ ਉੱਠ ਕੇ ਇਸ਼ਨਾਨ ਕਰਕੇ ਪੰਜ ਬਾਣੀਆਂ ਦਾ ਪਾਠ ਕਰੇਗਾ। ਜੋ ਅੰਮ੍ਰਿਤ ਛਕਣ ਵੇਲੇ ਪੜ੍ਹੀਆਂ ਜਾਂਦੀਆਂ ਹਨ।

**ਪਸ਼ਨ:–** (4) ਚਮਕੌਰ ਸਾਹਿਬ ਦੀ ਲੜਾਈ ਤੇ ਨੋਟ ਲਿਖੋ।

ਉੱਤਰ:– ਚਮਕੌਰ ਦੀ ਲੜਾਈ ਦਾ ਹਾਲ ਇਸ ਪ੍ਰਕਾਰ ਹੈ:

(1) ਸਰਸਾ ਨਦੀ ਨੂੰ ਪਾਰ ਕਰਕੇ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਸਾਹਿਬ ਪੁੱਜੇ।

(2) ਉਥੇ ਉਹਨਾਂ ਨੇ ਇੱਕ ਜਿੰਮੀਦਾਰ ਦੀ ਕੱਚੀ ਗੜ੍ਹੀ ਵਿੱਚ ਆਸਰਾ ਲਿਆ।

(3) ਪਰ ਪਹਾੜੀ ਰਾਜਿਆਂ ਅਤੇ ਮੁਗਲ ਫੌਜਾਂ ਨੇ ਉਹਨਾਂ ਨੂੰ ਉੱਥੇ ਵੀ ਘੇਰ ਲਿਆ।

(4) ਗੁਰੂ ਜੀ ਨਾਲ ਦੋ ਵੱਡੇ ਸਾਹਿਬਜ਼ਾਦੇ, ਪੰਜ ਪਿਆਰੇ ਅਤੇ 40 ਸਿੰਘ ਹੋਰ ਸਨ।

(5) ਗੁਰੂ ਜੀ ਦੀ ਅਗਵਾਈ ਵਿੱਚ ਸਾਰਿਆਂ ਸਿੰਘਾਂ ਨੇ ਭਾਰੀ ਮੁਗਲ ਫੌਜ ਦਾ ਡਟ ਕੇ ਮੁਕਾਬਲਾ ਕੀਤਾ।

(6) ਮੁਗਲ ਫੌਜ ਦਾ ਭਾਰੀ ਜਾਨੀ ਨੁਕਸਾਨ ਹੋਇਆ। ਦੋਵੇਂ ਸਾਹਿਬਜ਼ਾਦਿਆਂ, ਤਿੰਨ ਪਿਆਰਿਆਂ ਸਮੇਤ 44 ਸਿੰਘ ਬਹਾਦਰੀ ਨਾਲ ਲੜਦੇ ਸ਼ਹੀਦ ਹੋ ਗਏ।

(7) ਸਿੰਘਾਂ ਦੇ ਬੇਨਤੀ ਕਰਨ ਤੇ ਗੁਰੂ ਜੀ ਭਾਈ ਦਇਆ ਸਿੰਘ, ਧਰਮ ਸਿੰਘ ਨਾਲ ਗੜ੍ਹੀ ਛੱਡ ਗਏ।

**ਪਸ਼ਨ:–** (5) ਗੁਰੂ ਗੋਬਿੰਦ ਸਿੰਘ ਜੀ ਦੀ ਸੈਨਾ ਨਾਇਕ (ਫੌਜ ਦੇ ਮੁਖੀ) ਦੇ ਰੂਪ ਵਿੱਚ ਭੂਮਿਕਾ ਬਾਰੇ ਲਿਖੋ।

ਉੱਤਰ:–ਸੈਨਾ ਨਾਇਕ ਦੇ ਰੂਪ ਵਿੱਚ ਗੁਰੂ ਗੋਬਿੰਦ ਸਿੰਘ ਜੀ:–

(1) ਗੁਰੂ ਜੀ ਇੱਕ ਨਿਪੁੰਨ ਸੈਨਾਪਤੀ ਅਤੇ ਵੀਰ ਸੈਨਿਕ ਸਨ।

(2) ਇਸ ਨਿਪੁੰਨਤਾ ਦਾ ਸਬੂਤ ਆਪ ਜੀ ਨੇ ਪਹਾੜੀ ਰਾਜਿਆਂ ਅਤੇ ਮੁਗਲਾਂ ਨਾਲ ਲੜੀਆਂ ਲੜਾਈਆਂ ਵਿੱਚ ਵਾਰ–ਵਾਰ ਦਿੱਤਾ।

(3) ਗੁਰੂ ਜੀ ਤੀਰ, ਤਲਵਾਰ, ਗੁਰਜ ਅਤੇ ਘੋੜ ਸਵਾਰੀ ਵਿੱਚ ਪੂਰੇ ਮਾਹਿਰ ਸਨ।

(4) ਗੁਰੂ ਜੀ ਨੇ ਆਪਣੇ ਸੀਮਿਤ ਸਾਧਨਾਂ ਨਾਲ ਹੀ ਦੁਸ਼ਮਣਾਂ ਦੇ ਨੱਕ ਵਿੱਚ ਦਮ ਕਰ ਦਿੱਤਾ ਸੀ।

(5) ਗੁਰੂ ਜੀ ਦੀ ਅਗਵਾਈ ਵਿੱਚ ਆਪ ਜੀ ਦੇ 47 ਸਿੰਘ ਚਮਕੌਰ ਦੀ ਲੜਾਈ ਵਿੱਚ ਬੇਮਿਸਾਲ ਜੂਝੇ ਸਨ। ਹਜ਼ਾਰਾਂ ਲੱਖਾਂ ਦੀ ਗਿਣਤੀ ਵਾਲੀ ਮੁਗਲ ਫੌਜ ਦਾ ਬੇਹੱਦ ਨੁਕਸਾਨ ਹੋਇਆ ਸੀ। ਇਹ ਆਪ ਜੀ ਦੇ ਨਿਪੁੰਨ ਸੈਨਾਪਤੀ ਹੋਣ ਦੇ ਗੁਣਾਂ ਕਾਰਨ ਸੀ।

# ਬੰਦਾ ਬਹਾਦਰ ਅਤੇ ਸਿੱਖ ਮਿਸਲਾਂ

**(ਵਸਤੂਨਿਸ਼ਠ-ਪ੍ਰਸ਼ਨ)**

**I ਠੀਕ ਉੱਤਰ ਚੁਣੋ:**

(ੳ) ਗੁਰੂ ਗੋਬਿੰਦ ਸਿੰਘ ਜੀ ਦੀ ਬੰਦਾ ਸਿੰਘ ਬਹਾਦਰ ਨਾਲ ਕਿੱਥੇ ਮੁਲਾਕਾਤ ਹੋਈ?

(1) ਨੰਦੇੜ (2) ਆਨੰਦਪੁਰ

(3) ਪਟਨਾ (4) ਦਿੱਲੀ

(ਅ) ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬ ਵਿੱਚ ਸਿੱਖਾਂ ਦੀ ਅਗਵਾਈ ਕਰਨ ਲਈ ਕਿਸਨੂੰ ਭੇਜਿਆ?

(1) ਵਜ਼ੀਰ ਖਾਂ ਨੂੰ (2) ਜੱਸਾ ਸਿੰਘ ਨੂੰ

(3) ਬੰਦਾ ਸਿੰਘ ਬਹਾਦਰ ਨੂੰ (4) ਮਹਾਂ ਸਿੰਘ ਨੂੰ

(ੲ) ਵਜ਼ੀਰ ਖਾਂ ਅਤੇ ਬੰਦਾ ਸਿੰਘ ਬਹਾਦਰ ਦਾ ਯੁੱਧ ਕਿਸ ਸਥਾਨ ਤੇ ਹੋਇਆ?

(1) ਸਢੌਰਾ (2) ਸਮਾਣਾ

(3) ਚੱਪੜਚਿੜੀ (4)ਕਪੂਰੀ

(ਸ) ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਅਗਲਾ ਗੁਰੂ ਕਿਸ ਨੂੰ ਬਣਾਇਆ?

(1) ਗੁਰੂ ਗ੍ਰੰਥ ਸਾਹਿਬ ਜੀ ਨੂੰ (2) ਮਹਾਰਾਜਾ ਰਣਜੀਤ ਸਿੰਘ ਨੂੰ

(3) ਬਾਬਾ ਬੰਦਾ ਸਿੰਘ ਬਹਾਦਰ ਨੂੰ (4)ਭਾਈ ਦਇਆ ਸਿੰਘ ਨੂੰ

(ਹ) ਰਣਜੀਤ ਸਿੰਘ ਦਾ ਦਾਦਾ ਚੜ੍ਹਤ ਸਿੰਘ ਕਿਸ ਮਿਸਲ ਦਾ ਮੋਢੀ ਸੀ?

(1)ਕਨ੍ਹਈਆ ਮਿਸਲ (2)ਸ਼ੁਕਰਚੱਕੀਆ ਮਿਸਲ

(3) ਨਿਸ਼ਾਨਵਾਲੀਆ ਮਿਸਲ (4) ਸ਼ਹੀਦ ਮਿਸਲ

(ਕ) ਮਿਸਲ ਕਿਸ ਭਾਸ਼ਾ ਦਾ ਸ਼ਬਦ ਹੈ?

(1) ਉਰਦੂ (2) ਅੰਗਰੇਜ਼ੀ

(3) ਅਰਬੀ (4) ਪਸ਼ਤੋ

**ਉੱਤਰ:-**

**(ੳ) (1) ਨੰਦੇੜ** **(ਅ) (3) ਬੰਦਾ ਸਿੰਘ ਬਹਾਦਰ ਨੂੰ** **(ੲ) (3) ਚੱਪੜਚਿੜੀ**

**(ਸ) (1) ਗੁਰੂ ਗ੍ਰੰਥ ਸਾਹਿਬ ਜੀ ਨੂੰ(ਹ)** **(2) ਸੁਕਰਚੱਕੀਆ ਮਿਸਲ** **(ਕ) (3) ਅਰਬੀ**

**II ਹੇਠ ਲਿਖੇ ਸ਼ਬਦਾਂ ਨੂੰ ਠੀਕ ਤਰ੍ਹਾਂ ਮਿਲਾਓ:-**

| | | |
|---|---|---|
| (1) | ਮਿਸਲ | ਮਿਸਲ ਦਾ ਮੋਢੀ |
| | (ੳ) ਆਹਲੂਵਾਲੀਆ | ਚੜ੍ਹਤ ਸਿੰਘ |
| | (ਅ) ਰਾਮਗੜ੍ਹੀਆ | ਜੱਸਾ ਸਿੰਘ |
| | (ੲ) ਸ਼ੁਕਰਚੱਕੀਆ | ਜੈ ਸਿੰਘ |
| | (ਸ) ਕਨ੍ਹਈਆ | ਜੱਸਾ ਸਿੰਘ ਰਾਮਗੜ੍ਹੀਆ |
| (2) | (ੳ) ਸਰਹਿੰਦ ਦਾ ਨਵਾਬ | ਉਸਮਾਨ ਖਾਂ |
| | (ਅ) ਸਢੌਰੇ ਦਾ ਸ਼ਾਸਕ | ਕਦਮਉੱਦੀਨ |
| | (ੲ) ਸਮਾਣੇ ਦਾ ਜੱਲਾਦ | ਵਜ਼ੀਰ ਖਾਂ |
| | (ਸ) ਕਪੂਰੀ ਦਾ ਹਾਕਮ | ਸੱਯਦ ਜਲਾਲੂਦੀਨ |
| (3) | (ੳ) ਸ਼ਹੀਦ ਮਿਸਲ ਦਾ ਦੂਜਾ ਨਾਂਅ | ਸਿੰਘਪੁਰੀਆ ਮਿਸਲ |
| | (ਅ) ਕਰੋੜ ਸਿੰਘੀਆ ਮਿਸਲ ਦਾ ਦੂਜਾ ਨਾਂਅ | ਨਿਹੰਗ ਮਿਸਲ |
| | (ੲ) ਫੈਜ਼ਲਪੁਰੀਆ ਮਿਸਲ ਦਾ ਦੂਜਾ ਨਾਂਅ | ਪੰਜਗੜ੍ਹੀਆ ਮਿਸਲ |

**ਉੱਤਰ:-**

| | | |
|---|---|---|
| (1) | ਮਿਸਲ | ਮਿਸਲ ਦਾ ਮੋਢੀ |
| | (ੳ) ਆਹਲੂਵਾਲੀਆ | ਜੱਸਾ ਸਿੰਘ |
| | (ਅ) ਰਾਮਗੜ੍ਹੀਆ | ਜੱਸਾ ਸਿੰਘ ਰਾਮਗੜ੍ਹੀਆ |
| | (ੲ) ਸ਼ੁਕਰਚੱਕੀਆ | ਚੜ੍ਹਤ ਸਿੰਘ |
| | (ਸ) ਕਨ੍ਹਈਆ | ਜੈ ਸਿੰਘ |
| (2) | (ੳ) ਸਰਹਿੰਦ ਦਾ ਨਵਾਬ | ਵਜ਼ੀਰ ਖਾਂ |
| | (ਅ) ਸਢੌਰੇ ਦਾ ਸ਼ਾਸਕ | ਉਸਮਾਨ ਖਾਂ |
| | (ੲ) ਸਮਾਣੇ ਦਾ ਜੱਲਾਦ | ਸੱਯਦ ਜਲਾਲੂਦੀਨ |
| | (ਸ) ਕਪੂਰੀ ਦਾ ਹਾਕਮ | ਕਦਮਉੱਦੀਨ |
| (3) | (ੳ) ਸ਼ਹੀਦ ਮਿਸਲ ਦਾ ਦੂਜਾ ਨਾਂਅ | ਨਿਹੰਗ ਮਿਸਲ |

(ਅ) ਕਰੋੜਸਿੰਘੀਆ ਮਿਸਲ ਦਾ ਦੂਜਾ ਨਾਂਅ ਪੰਜਗੜ੍ਹੀਆ ਮਿਸਲ

(ੲ) ਫੈਜਲਪੁਰੀਆ ਮਿਸਲ ਦਾ ਦੂਜਾ ਨਾਂਅ ਸਿੰਘਪੁਰੀਆ ਮਿਸਲ

**III ਖਾਲੀ ਥਾਵਾਂ ਭਰੋ:**

(1) ਬੰਦਾ ਸਿੰਘ ਬਹਾਦਰ ਦੇ ਪੁੱਤਰ ਦਾ ਨਾਂਅ .................. ਸੀ। (ਅਜੈ ਸਿੰਘ, ਵਿਜੈ ਸਿੰਘ, ਨਿਰਭੈ ਸਿੰਘ)

(2) ਬੰਦਾ ਸਿੰਘ ਬਹਾਦਰ ਨੇ ..................ਦੀ ਨੱਕ ਵਿੱਚ ਨਕੇਲ ਪਾ ਕੇ ਸਰਹੰਦ ਵਿੱਚ ਜਲੂਸ ਕੱਢਿਆ। (ਜਸਪਤ ਰਾਏ, ਸੁੱਚਾ ਨੰਦ, ਚੰਦੂ ਸ਼ਾਹ)

(3) ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਸਾਲ ..................ਵਿੱਚ ਹੋਈ। (1675 ਈਸਵੀ, 1606 ਈਸਵੀ, 1716 ਈਸਵੀ)

(4) ਪੰਜਾਬ ਵਿੱਚ ਕੁੱਲ ..................ਸੁਤੰਤਰ ਸਿੱਖ ਮਿਸਲਾਂ ਦੀ ਸਥਾਪਨਾ ਹੋਈ। (12, 25,40)

(5) ਨਵਾਬ ਕਪੂਰ ਸਿੰਘ ..................ਮਿਸਲ ਦਾ ਸੰਸਥਾਪਕ ਸੀ। (ਆਹਲੂਵਾਲੀਆ, ਫੈਜ਼ਲਪੁਰੀਆ, ਸ਼ਹੀਦ)

**ਉੱਤਰ:- (1) ਅਜੈ ਸਿੰਘ (2) ਸੁੱਚਾ ਨੰਦ (3) 1716 ਈਸਵੀ**

**(4) 12 (5) ਫੈਜ਼ਲਪੁਰੀਆ**

**IV ਸਹੀ ਜਾਂ ਗਲਤ ਦਾ ਨਿਸ਼ਾਨ ਲਗਾਓ:-**

(1) ਬੰਦਾ ਸਿੰਘ ਬਹਾਦਰ ਦੀ ਸਭ ਤੋਂ ਮਹੱਤਵਪੂਰਨ ਜਿੱਤ ਰੋਪੜ ਦੀ ਸੀ। (7)

(2) ਬੰਦਾ ਸਿੰਘ ਬਹਾਦਰ ਸਮੇਂ ਸਰਹਿੰਦ ਦਾ ਸੂਬੇਦਾਰ ਵਜੀਰ ਖਾਨ ਸੀ। (3)

(3) ਬੰਦਾ ਸਿੰਘ ਬਹਾਦਰ ਨੇ 1710 ਈਸਵੀ ਵਿੱਚ ਸਰਹੰਦ ਤੇ ਜਿੱਤ ਪ੍ਰਾਪਤ ਕੀਤੀ। (3)

(4) ਸ਼ੁਕਰਚੱਕੀਆ ਮਿਸਲ ਦਾ ਮੋਢੀ ਮਹਾਰਾਜਾ ਰਣਜੀਤ ਸਿੰਘ ਸੀ। (7)

(5) ਦਲ ਖਾਲਸਾ ਦੀ ਸਥਾਪਨਾ 1748 ਈਸਵੀ ਵਿੱਚ ਅੰਮ੍ਰਿਤਸਰ ਵਿਖੇ ਹੋਈ। (3)

(6) ਸਦਾ ਕੌਰ ਮਹਾਰਾਜਾ ਰਣਜੀਤ ਸਿੰਘ ਦੀ ਪਤਨੀ ਸੀ। (7)

**V(a) ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ:-**

**ਪਸ਼ਨ:-** (1) ਬੰਦਾ ਸਿੰਘ ਬਹਾਦਰ ਨੂੰ ਕਿੱਥੇ ਸ਼ਹੀਦ ਕੀਤਾ ਗਿਆ?

**ਉੱਤਰ:-**ਦਿੱਲੀ ਵਿਖੇ

**ਪਸ਼ਨ:-** (2) ਬੰਦਾ ਸਿੰਘ ਬਹਾਦਰ ਅਤੇ ਮੁਗਲਾਂ ਵਿਚਾਲੇ ਲੜੀ ਗਈ ਅੰਤਿਮ ਲੜਾਈ ਕਿਹੜੀ ਸੀ?

**ਉੱਤਰ:-** ਗੁਰਦਾਸ ਨੰਗਲ ਦੀ।

**ਪਸ਼ਨ:-** (3) ਮਹਾਰਾਜਾ ਰਣਜੀਤ ਸਿੰਘ ਦਾ ਸੰਬੰਧ ਕਿਸ ਮਿਸਲ ਨਾਲ ਸੀ?

**ਉੱਤਰ:-** ਸ਼ੁਕਰਚੱਕੀਆ ਮਿਸਲ ਨਾਲ।

**ਪਸ਼ਨ:-**(4) ਸ਼ਹੀਦ ਮਿਸਲ ਦੇ ਸਭ ਤੋਂ ਪ੍ਰਸਿੱਧ ਨੇਤਾ ਕੌਣ ਸਨ?

**ਉੱਤਰ:-**ਬਾਬਾ ਦੀਪ ਸਿੰਘ ਜੀ।

**ਪਸ਼ਨ:-**(5) ਬੰਦਾ ਸਿੰਘ ਬਹਾਦਰ ਨੂੰ ਪੰਜਾਬ ਕਿਸਨੇ ਭੇਜਿਆ ਸੀ?

**ਉੱਤਰ:-**ਗੁਰੂ ਗੋਬਿੰਦ ਸਿੰਘ ਜੀ ਨੇ।

**V(b) ਉੱਤਰ ਇੱਕ ਜਾਂ ਦੋ ਲਾਈਨਾਂ ਵਿੱਚ ਦਿਓ:**

**ਪਸ਼ਨ:-** (1) ਮਿਸਲ ਸ਼ਬਦ ਦਾ ਕੀ ਅਰਥ ਹੈ? ਇਹ ਕਿਸ ਭਾਸ਼ਾ ਦਾ ਸ਼ਬਦ ਹੈ?

ਉੱਤਰ:- ਮਿਸਲ ਦਾ ਅਰਥ ਹੈ- ਇੱਕ ਸਮਾਨ। ਇਹ ਅਰਬੀ ਭਾਸ਼ਾ ਦਾ ਸ਼ਬਦ ਹੈ।

**ਪਸ਼ਨ:-** (2) ਨਵਾਬ ਕਪੂਰ ਸਿੰਘ ਨੇ ਸਿੱਖਾਂ ਨੂੰ 1734 ਈਸਵੀ ਵਿੱਚ ਕਿੰਨ੍ਹਾਂ ਦੋ ਦਲਾਂ ਵਿੱਚ ਵੰਡਿਆ?

ਉੱਤਰ:- ਨਵਾਬ ਕਪੂਰ ਸਿੰਘ ਜੀ ਨੇ 1734 ਈਸਵੀ ਵਿੱਚ ਸਿੱਖਾਂ ਨੂੰ ਦੋ ਦਲਾਂ ਬੁੱਢਾ ਦਲ ਅਤੇ ਤਰੁਣਾ ਦਲ ਵਿੱਚ ਵੰਡਿਆ?

**ਪਸ਼ਨ:-** (3) ਗੁਰਦਾਸ ਨੰਗਲ ਦੀ ਲੜਾਈ ਵਿੱਚ ਸਿੱਖ ਕਿਉਂ ਹਾਰੇ?

ਉੱਤਰ:- ਗੁਰਦਾਸ ਨੰਗਲ ਦੀ ਲੜਾਈ ਵਿੱਚ ਸਿੱਖ ਖਾਣ-ਪੀਣ ਦਾ ਸਮਾਨ ਮੁੱਕ ਜਾਣ ਕਰਕੇ ਹਾਰੇ।

**ਪਸ਼ਨ:-** (4) ਹੁਕਮਨਾਮੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬ ਦੇ ਸਿੱਖਾਂ ਨੂੰ ਕੀ ਆਦੇਸ਼ ਦਿੱਤੇ?

ਉੱਤਰ:- ਉੱਤਰ ਬੰਦਾ ਬਹਾਦਰ ਸਿੱਖਾਂ ਦਾ ਰਾਜਨੀਤਿਕ ਨੇਤਾ ਹੋਵੇਗਾ ਅਤੇ ਉਹ ਮੁਗਲਾਂ ਦੇ ਵਿਰੁੱਧ ਧਰਮ ਯੁੱਧ ਵਿੱਚ ਬੰਦੇ ਦਾ ਸਾਥ ਦੇਣ।

**ਪਸ਼ਨ:-** (5) ਬੰਦਾ ਬਹਾਦਰ ਦੱਖਣ ਤੋਂ ਪੰਜਾਬ ਵੱਲ ਕਿਉਂ ਆਇਆ?

ਉੱਤਰ:- ਬੰਦਾ ਬਹਾਦਰ ਦੱਖਣ ਤੋਂ ਪੰਜਾਬ ਵੱਲ ਮੁਗਲਾਂ ਦੇ ਵਿਰੁੱਧ ਸੈਨਿਕ ਕਾਰਵਾਈ ਕਰਨ ਲਈ ਆਇਆ।

**VI ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਜਾਂ 5-6 ਲਾਈਨਾਂ ਵਿੱਚ ਦਿਓ:-**

**ਪਸ਼ਨ:-**(1) ਕੋਈ 5 ਸਿੱਖ ਮਿਸਲਾਂ ਅਤੇ ਉਹਨਾਂ ਦੇ ਮੋਢੀਆਂ ਦੇ ਨਾਂਅ ਲਿਖੋ।

ਉੱਤਰ:-1. ਫੈਜ਼ਲਪੁਰੀਆ ਮਿਸਲ-ਮੋਢੀ ਨਵਾਬ ਕਪੂਰ ਸਿੰਘ।

2. ਆਹਲੂਵਾਲੀਆ ਮਿਸਲ-ਮੋਢੀ ਜੱਸਾ ਸਿੰਘ ਆਹਲੂਵਾਲੀਆ
3. ਸ਼ੁਕਰਚੱਕੀਆ ਮਿਸਲ-ਮੋਢੀ ਚੜ੍ਹਤ ਸਿੰਘ ਸ਼ੁਕਰਚੱਕੀਆ
4. ਰਾਮਗੜ੍ਹੀਆ ਮਿਸਲ-ਮੋਢੀ ਜੱਸਾ ਸਿੰਘ ਰਾਮਗੜ੍ਹੀਆ
5. ਘਨੱਈਆ ਮਿਸਲ-ਮੋਢੀ-ਜੈ ਸਿੰਘ ਘਨੱਈਆ (ਕਨ੍ਹਈਆ)।

**ਪਸ਼ਨ:-**(2) ਬੰਦਾ ਸਿੰਘ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਮੁਲਾਕਾਤ ਦਾ ਹਾਲ ਲਿਖੋ।

ਉੱਤਰ:- 1. ਬੰਦਾ ਬਹਾਦਰ ਦਾ ਮੁੱਢਲਾ ਨਾਮ ਮਾਧੋ ਦਾਸ ਸੀ। ਉਹ ਇੱਕ ਬੈਰਾਗੀ ਸੀ।

2. 1708 ਈਸਵੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਮੁਗਲ-ਬਾਦਸ਼ਾਹ ਬਹਾਦਰ ਸ਼ਾਹ ਨਾਲ ਦੱਖਣ ਵੱਲ ਗਏ।

3. ਉਥੇ ਨੰਦੇੜ ਵਿਖੇ ਮਾਧੋਦਾਸ, ਗੁਰੂ ਜੀ ਦੇ ਸੰਪਰਕ ਵਿੱਚ ਆਇਆ। ਉਹ ਗੁਰੂ ਜੀ ਤੋਂ ਬੇਹੱਦ ਪ੍ਰਭਾਵਿਤ ਹੋਇਆ ਅਤੇ ਉਹਨਾਂ ਦਾ ਬੰਦਾ ਬਣ ਗਿਆ।

4. ਗੁਰੂ ਜੀ ਨੇ ਉਸਨੂੰ ਬਹਾਦਰ ਦੀ ਪਦਵੀ ਦਿੱਤੀ ਅਤੇ ਪੰਜਾਬ ਵਿੱਚ ਸਿੱਖਾਂ ਦੀ ਅਗਵਾਈ ਕਰਨ ਦਾ ਆਦੇਸ਼ ਦਿੱਤਾ।

5. ਪੰਜਾਬ ਵਿੱਚ ਇਹ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂਅ ਨਾਲ ਪ੍ਰਸਿੱਧ ਹੋਏ।

**ਪਸ਼ਨ:-** (3) ਚੱਪੜਚਿੜੀ (ਸਰਹੰਦ) ਦੀ ਲੜਾਈ ਦਾ ਹਾਲ ਲਿਖੋ।

ਉੱਤਰ:- 1. ਬਾਬਾ ਬੰਦਾ ਸਿੰਘ ਬਹਾਦਰ ਦਾ ਅਸਲੀ ਨਿਸ਼ਾਨਾ ਸਰਹੰਦ ਸੀ।

2. ਇੱਥੋਂ ਦੇ ਸੂਬੇਦਾਰ ਵਜੀਰ ਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਜੀਵਨ ਭਰ ਤੰਗ ਕੀਤਾ ਸੀ। ਉਹ ਛੋਟੇ ਸਾਹਿਬਜਾਦਿਆਂ ਅਤੇ ਮਾਤਾ ਗੁਜਰੀ ਜੀ ਦਾ ਕਾਤਲ ਸੀ।

3. ਇਸ ਲਈ ਬਾਬਾ ਬੰਦਾ ਸਿੰਘ ਬਹਾਦਰ ਵਜੀਰ ਖਾਂ ਤੋਂ ਬਦਲਾ ਲੈਣਾ ਚਾਹੁੰਦਾ ਸੀ। ਜਿਉਂ ਹੀ ਉਹ ਸਰਹੰਦ ਵੱਲ ਵਧਿਆ ਹਜ਼ਾਰਾਂ ਲੋਕ ਉਸਦੇ ਝੰਡੇ ਹੇਠ ਫੌਜ ਦੇ ਰੂਪ ਵਿੱਚ ਇਕੱਠੇ ਹੋ ਗਏ।

4. 22 ਮਈ 1710 ਈਸਵੀ ਨੂੰ ਬਾਬਾ ਜੀ ਦੀ ਫੌਜ ਦਾ ਵਜੀਰ ਖਾਂ ਦੀ 20 ਹਜ਼ਾਰ ਫੌਜ ਨਾਲ ਸਰਹੰਦ ਤੋਂ 16 ਕਿਲੋਮੀਟਰ ਦੂਰ ਚੱਪੜਚਿੜੀ ਦੇ ਸਥਾਨ ਤੇ ਗਹਿਗੱਚ ਲੜਾਈ ਹੋਈ।

5. ਵਜ਼ੀਰ ਖਾਂ ਦੇ ਅਣਗਿਣਤ ਫੌਜੀ ਮਾਰੇ ਗਏ। ਵਜ਼ੀਰ ਖਾਂ ਨੂੰ ਮਾਰ ਕੇ ਉਸਦੀ ਲਾਸ਼ ਨੂੰ ਦਰੱਖਤ ਤੇ ਟੰਗ ਦਿੱਤਾ ਗਿਆ।

6. ਵਜੀਰ ਖਾਂ ਦੇ ਜ਼ਾਲਮ ਦੀਵਾਨ ਸੁੱਚਾ ਨੰਦ ਦੇ ਨੱਕ ਵਿੱਚ ਨਕੇਲ ਪਾ ਕੇ ਸਰਹੰਦ ਵਿੱਚ ਉਸਦਾ ਜਲੂਸ ਕੱਢਿਆ ਗਿਆ।

**ਪਸ਼ਨ:-** (4) ਗੁਰਦਾਸ ਨੰਗਦ ਦੀ ਲੜਾਈ ਦਾ ਹਾਲ ਲਿਖੋ।

ਉੱਤਰ:-1. ਬੰਦਾ ਬਹਾਦਰ ਦੀਆਂ ਲਗਾਤਾਰ ਜਿੱਤਾਂ ਤੋਂ ਬੇਹੱਦ ਗੁੱਸੇ ਵਿੱਚ ਆਏ ਮੁਗਲਾਂ ਨੇ ਭਾਰੀ ਫੌਜ ਨਾਲ ਬੰਦਾ ਬਹਾਦਰ ਉੱਤੇ ਹਮਲਾ ਕਰ ਦਿੱਤਾ।

2. ਅਬਦੁਸ ਮਸਦ ਖਾਂ ਦੀ ਅਗਵਾਈ ਵਾਲੀ ਇਸ ਫੌਜ ਦਾ ਸਿੱਖਾਂ ਨੇ ਬਹੁਤ ਬਹਾਦਰੀ ਨਾਲ ਟਾਕਰਾ ਕੀਤਾ। ਪ੍ਰੰਤੂ ! ਉਹਨਾਂ ਨੂੰ ਗੁਰਦਾਸ ਨੰਗਲ (ਗੁਰਦਾਸਪੁਰ ਨੇੜੇ) ਵੱਲ ਹਟਣਾ ਪਿਆ।

3. ਬੰਦਾ ਬਹਾਦਰ ਨੇ ਉੱਥੇ ਦੁਨੀ ਚੰਦ ਦੀ ਹਵੇਲੀ ਨੂੰ ਕਿਲ੍ਹੇ ਦਾ ਰੂਪ ਦਿੱਤਾ। ਅਪ੍ਰੈਲ 1715 ਵਿੱਚ ਮੁਗਲਾਂ ਨੇ ਇਸ ਨੂੰ ਘੇਰ ਲਿਆ।

4. ਬਹਾਦਰ ਸਿੱਖਾਂ ਨੇ ਤਕੜੀ ਲੜਾਈ ਲੜੀ। ਪਰ ਅੱਠ ਮਹੀਨੇ ਘੇਰਾ ਪੈਣ ਕਾਰਨ ਉਹਨਾਂ ਦੀ ਖੁਰਾਕ ਦਾ ਸਮਾਨ ਸਮੱਗਰੀ ਖਤਮ ਹੋ ਗਈ।

5. ਇਸ ਤਰ੍ਹਾਂ ਹਾਰ ਤੋਂ ਬਾਅਦ ਬੰਦਾ ਬਹਾਦਰ ਅਤੇ ਉਸਦੇ 200 ਸਾਥੀ ਕੈਦੀ ਬਣਾ ਲਏ ਗਏ।

**ਪਸ਼ਨ:-** (5) ਬੰਦਾ ਸਿੰਘ ਬਹਾਦਰ ਦੀ ਸਮਾਣੇ ਦੀ ਜਿੱਤ ਤੇ ਨੋਟ ਲਿਖੋ।

ਉੱਤਰ:- 1. ਬੰਦਾ ਬਹਾਦਰ ਨੇ 26 ਨਵੰਬਰ 1709 ਈਸਵੀ ਨੂੰ ਸਮਾਣੇ ਤੇ ਇਸ ਲਈ ਹਮਲਾ ਕੀਤਾ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਦੇ ਗੁਰੂ ਪਿਤਾ ਅਤੇ ਛੋਟੇ ਸਾਹਿਬਜਾਦਿਆਂ ਨੂੰ ਸ਼ਹੀਦ ਕਰਨ ਵਾਲੇ ਜੱਲਾਦ ਸਮਾਣਾ ਦੇ ਸਨ।

2. ਸਮਾਣਾ ਦੀਆਂ ਗਲੀਆਂ ਵਿੱਚ ਕਈ ਘੰਟੇ ਲੜਾਈ ਹੁੰਦੀ ਰਹੀ।

3. ਸਿੱਖਾਂ ਨੇ 10,000 ਮੁਸਲਮਾਨਾਂ ਨੂੰ ਮਾਰ ਦਿੱਤਾ ਅਤੇ ਸ਼ਹਿਰ ਨੂੰ ਤਬਾਹ ਕਰ ਦਿੱਤਾ।

4. ਕਾਤਲ ਜੱਲਾਦਾਂ ਦੇ ਪਰਿਵਾਰਾਂ ਨੂੰ ਮਾਰ ਦਿੱਤਾ ਗਿਆ।

5. ਬਾਬਾ ਬੰਦਾ ਸਿੰਘ ਬਹਾਦਰ ਨੂੰ ਇੱਥੋਂ ਬਹੁਤ ਸਾਰਾ ਧਨ ਵੀ ਪ੍ਰਾਪਤ ਹੋਇਆ।

# ਰਣਜੀਤ ਸਿੰਘ: ਮੁੱਢਲਾ ਜੀਵਨ, ਪ੍ਰਾਪਤੀਆਂ ਅਤੇ ਅੰਗਰੇਜ਼ਾਂ ਨਾਲ ਸੰਬੰਧ

**(ਵਸਤੂਨਿਸ਼ਠ ਪ੍ਰਸ਼ਨ)**

**I ਠੀਕ ਉੱਤਰ ਚੁਣੋ।**

(ੳ) ਮਹਾਰਾਜਾ ਰਣਜੀਤ ਸਿੰਘ ਦਾ ਜਨਮ ਕਦੋਂ ਹੋਇਆ?

(1) 1469 ਈਸਵੀ ਨੂੰ (2) 178● ਈਸਵੀ ਨੂੰ

(3) 1666 ਈਸਵੀ ਨੂੰ (4) 1869 ਈਸਵੀ ਨੂੰ

(ਅ) ਬਾਲ ਰਣਜੀਤ ਸਿੰਘ ਨੇ ਕਿਸ ਚੱਠਾ ਸਰਦਾਰ ਨੂੰ ਮਾਰ ਸੁੱਟਿਆ?

(1) ਚੇਤ ਸਿੰਘ ਨੂੰ (2) ਮੋਹਰ ਸਿੰਘ ਨੂੰ

(3) ਸ਼ਾਹ-ਜਮਾਨ ਨੂੰ (4) ਹਸ਼ਮਤ ਖਾਂ ਨੂੰ

(ੲ) ਮਹਾਰਾਜਾ ਰਣਜੀਤ ਸਿੰਘ ਦੇ ਵੱਡੇ ਪੁੱਤਰ ਦਾ ਕੀ ਨਾਂਅ ਸੀ?

(1) ਖੜਕ ਸਿੰਘ (2) ਫਤਹਿ ਸਿੰਘ

(3) ਮਹਾਂ ਸਿੰਘ (4) ਹਰੀ ਸਿੰਘ

(ਸ) ਮਹਾਰਾਜਾ ਰਣਜੀਤ ਸਿੰਘ ਸਮੇਂ ਪੰਜਾਬ ਦੀ ਰਾਜਧਾਨੀ ਕਿਹੜੀ ਸੀ?

(1) ਇਸਲਾਮਾਬਾਦ (2) ਰੋਪੜ

(3) ਲਾਹੌਰ (4) ਪਿਸ਼ਾਵਰ

(ਹ) ਮਹਾਰਾਜਾ ਰਣਜੀਤ ਸਿੰਘ ਦੀ ਬਚਪਨ ਵਿੱਚ ਕਿਹੜੀ ਬਿਮਾਰੀ ਕਾਰਨ ਖੱਬੀ ਅੱਖ ਖਰਾਬ ਹੋ ਗਈ ਸੀ?

(1) ਚੇਚਕ ਕਾਰਨ (2) ਪੀਲੀਏ ਕਾਰਨ

(3) ਮਲੇਰੀਏ ਕਾਰਨ (4) ਟੀ.ਬੀ. ਕਾਰਨ

**ਉੱਤਰ:-** (ੳ) (2) 178● ਈਸਵੀ ਨੂੰ

(ਅ) (4) ਹਸ਼ਮਤ ਖਾਂ ਨੂੰ।

(ੲ) (1) ਖੜਕ ਸਿੰਘ।

(ਸ) (3) ਲਾਹੌਰ

(ਹ) (1) ਚੇਚਕ ਕਾਰਨ

**II ਹੇਠ ਲਿਖੇ ਸ਼ਬਦਾਂ ਨੂੰ ਠੀਕ ਤਰ੍ਹਾਂ ਮਿਲਾਓ:-**

| | |
|---|---|
| (1) (ੳ) ਲਾਹੌਰ ਦੀ ਜਿੱਤ | 18●5 ਈਸਵੀ |
| (ਅ) ਅੰਮ੍ਰਿਤਸਰ ਦੀ ਜਿੱਤ | 1834 ਈਸਵੀ |
| (ੲ) ਮੁਲਤਾਨ ਦੀ ਜਿੱਤ | 1799 ਈਸਵੀ |
| (ਸ) ਪਿਸ਼ਾਵਰ ਦੀ ਜਿੱਤ | 18●9 ਈਸਵੀ |
| (ਹ) ਕਾਂਗੜੇ ਦੀ ਜਿੱਤ | 1818 ਈਸਵੀ |
| (2) (ੳ) ਕਾਂਗੜਾ ਦਾ ਰਾਜਾ | ਫਤਿਹ ਖਾਂ |
| (ਅ) ਕਾਬਲ ਦਾ ਵਜੀਰ | ਸੰਸਾਰ ਚੰਦ ਕਟੋਚ |
| (ੲ) ਕਸ਼ਮੀਰ ਦਾ ਹਾਕਮ | ਮੁਜੱਫਰ ਖਾਂ |
| (ਸ) ਮੁਲਤਾਨ ਦਾ ਨਵਾਬ | ਅਤਾ ਮੁਹੰਮਦ |
| (3) (ੳ) ਰੋਪੜ ਦੀ ਮੁਲਾਕਾਤ | 18●9 ਈਸਵੀ |
| (ਅ) ਅੰਮ੍ਰਿਤਸਰ ਦੀ ਸੰਧੀ | 1831 ਈਸਵੀ |
| (ੲ) ਤਿੰਨ ਪੱਖੀ ਸੰਧੀ | 1839 ਈਸਵੀ |
| (ਸ) ਮਹਾਰਾਜਾ ਰਣਜੀਤ ਸਿੰਘ ਦੀ ਮੌਤ | 1838 ਈਸਵੀ |

| | |
|---|---|
| (4) (ੳ) ਪਿਸ਼ਾਵਰ ਦਾ ਸੂਬੇਦਾਰ | ਫਕੀਰ-ਅਜੀਜਉੱਦਿਨ |
| (ਅ) ਮਹਾਰਾਜੇ ਦਾ ਵਿਦੇਸ਼ ਮੰਤਰੀ | ਸਰਦਾਰ ਹਰੀ ਸਿੰਘ ਨਲਵਾ |
| (ੲ) ਬਹਾਦਰ ਅਕਾਲੀ ਸੈਨਾਪਤੀ | ਮਿਸਰ ਦੀਵਾਨ ਚੰਦ |
| (ਸ) ਮਹਾਰਾਜੇ ਦਾ ਹਿੰਦੂ ਸੈਨਾਪਤੀ | ਅਕਾਲੀ ਫੂਲਾ ਸਿੰਘ |

**ਉੱਤਰ:-**

| | |
|---|---|
| (1) (ੳ) ਲਾਹੌਰ ਦੀ ਜਿੱਤ | 1799 ਈਸਵੀ |
| (ਅ) ਅੰਮ੍ਰਿਤਸਰ ਦੀ ਜਿੱਤ | 18●5 ਈਸਵੀ |
| (ੲ) ਮੁਲਤਾਨ ਦੀ ਜਿੱਤ | 1818 ਈਸਵੀ |
| (ਸ) ਪਿਸ਼ਾਵਰ ਦੀ ਜਿੱਤ | 1834 ਈਸਵੀ |

| | |
|---|---|
| (ਹ) ਕਾਂਗੜੇ ਦੀ ਜਿੱਤ | 18●9 ਈਸਵੀ |
| (2) (ੳ) ਕਾਂਗੜਾ ਦਾ ਰਾਜਾ | ਸੰਸਾਰ ਚੰਦ ਕਟੋਚ |
| (ਅ) ਕਾਬਲ ਦਾ ਵਜੀਰ | ਫਤਿਹ ਖਾਂ |
| (ੲ) ਕਸ਼ਮੀਰ ਦਾ ਹਾਕਮ | ਅਤਾ ਮੁਹੰਮਦ |
| (ਸ) ਮੁਲਤਾਨ ਦਾ ਨਵਾਬ | ਮੁਜੱਫਰ ਖਾਂ |
| (3) (ੳ) ਰੋਪੜ ਦੀ ਮੁਲਾਕਾਤ | 1831 ਈਸਵੀ |
| (ਅ) ਅੰਮ੍ਰਿਤਸਰ ਦੀ ਸੰਧੀ | 18●9 ਈਸਵੀ |
| (ੲ) ਤਿੰਨ ਪੱਖੀ ਸੰਧੀ | 1838 ਈਸਵੀ |
| (ਸ) ਮਹਾਰਾਜਾ ਰਣਜੀਤ ਸਿੰਘ ਦੀ ਮੌਤ | 1839 ਈਸਵੀ |
| (4) (ੳ) ਪਿਸ਼ਾਵਰ ਦਾ ਸੂਬੇਦਾਰ | ਸਰਦਾਰ ਹਰੀ ਸਿੰਘ ਨਲਵਾ |
| (ਅ) ਮਹਾਰਾਜੇ ਦਾ ਵਿਦੇਸ਼ ਮੰਤਰੀ | ਫਕੀਰ-ਅਜੀਜਉੱਦਿਨ |
| (ੲ) ਬਹਾਦਰ ਅਕਾਲੀ ਸੈਨਾਪਤੀ | ਅਕਾਲੀ ਫੂਲਾ ਸਿੰਘ |
| (ਸ) ਮਹਾਰਾਜੇ ਦਾ ਹਿੰਦੂ ਸੈਨਾਪਤੀ | ਮਿਸਰ ਦੀਵਾਨ ਚੰਦ |

**III ਖਾਲੀ ਥਾਵਾਂ ਭਰੋ:-**

(1) ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਦਾ ਨਾਂਅ.................ਸੀ। (ਮਹਾਂ ਸਿੰਘ, ਚੜ੍ਹਤ ਸਿੰਘ, ਜੱਸਾ ਸਿੰਘ)

(2) ਮਹਾਰਾਜਾ ਰਣਜੀਤ ਸਿੰਘ ਜੀ ਆਖਰੀ ਜਿੱਤ ................. ਤੇ ਸੀ। (ਲਾਹੌਰ, ਪਿਸ਼ਾਵਰ, ਕਾਂਗੜਾ)

(3) ਮਹਾਰਾਜਾ ਰਣਜੀਤ ਸਿੰਘ ਦੀ ਪਤਨੀ ਦਾ ਨਾਂਅ ................ ਸੀ। (ਪ੍ਰਕਾਸ਼ ਕੌਰ, ਦਇਆ ਕੌਰ, ਮਹਿਤਾਬ ਕੌਰ)

(4) ਮਹਾਰਾਜਾ ਰਣਜੀਤ ਸਿੰਘ ਦਾ ਜਨਮ ...................ਵਿਖੇ ਹੋਇਆ। (ਗੁੱਜਰਾਂਵਾਲਾ, ਮੁਲਤਾਨ, ਬਹਾਵਲਪੁਰ)

(5) ਅਕਾਲੀ ਫੂਲਾ ਸਿੰਘ ...................ਯੁੱਧ ਵਿੱਚ ਮਾਰਿਆ ਗਿਆ। (ਸੁਲਤਾਨ ਦੇ, ਨੌਸ਼ਹਿਰਾ ਦੇ, ਕਸ਼ਮੀਰ ਦੇ)

**ਉੱਤਰ:-** **(1) ਮਹਾਂ ਸਿੰਘ** **(2) ਪਿਸ਼ਾਵਰ** **(ੲ) ਮਹਿਤਾਬ ਕੌਰ**
**(4) ਗੁੱਜਰਾਂਵਾਲਾ** **(5) ਨੌਸ਼ਹਿਰਾ ਦੇ**

**IV ਹੇਠ ਲਿਖੇ ਵਾਕਾਂ ਅੱਗੇ ਸਹੀ (3) ਜਾਂ ਗਲਤ (7) ਦਾ ਨਿਸ਼ਾਨ ਲਗਾਉ:**

1. ਰਣਜੀਤ ਸਿੰਘ ਦੀ ਮਾਤਾ ਦਾ ਨਾਂਅ ਰਾਜ ਕੌਰ ਸੀ। (3)
2. ਮਹਾਰਾਜਾ ਰਣਜੀਤ ਸਿੰਘ ਬਹੁਤ ਵਧੀਆ ਲਿਖਾਰੀ ਸੀ। (7)
3. ਮਹਾਰਾਜਾ ਰਣਜੀਤ ਸਿੰਘ ਦੇ ਅੰਗਰੇਜਾਂ ਨਾਲ ਹਮੇਸ਼ਾ ਮਿੱਤਰਤਾ ਵਾਲੇ ਸੰਬੰਧ ਰਹੇ। (7)
4. ਮਹਾਰਾਜਾ ਰਣਜੀਤ ਸਿੰਘ ਦੀ ਤਾਜਪੋਸ਼ੀ ਲਾਹੌਰ ਵਿਖੇ ਹੋਈ। (3)
5. ਮਹਾਰਾਜਾ ਰਣਜੀਤ ਸਿੰਘ ਨੇ ਅੰਗਰੇਜਾਂ ਨਾਲ ਕੋਈ ਸੰਧੀ ਨਹੀਂ ਕੀਤੀ। (7)

**V (a) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ:**

**ਪਸ਼ਨ:-**(1) ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸਰਕਾਰ ਨੂੰ ਕੀ ਨਾਂਅ ਦਿੱਤਾ?

ਉੱਤਰ:-ਸਰਕਾਰ-ਏ-ਖਾਲਸਾ।

**ਪਸ਼ਨ:-**(2) ਅੰਮ੍ਰਿਤਸਰ ਦੀ ਜਿੱਤ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਕਿਹੜੀ ਕੀਮਤੀ ਤੋਪ ਪ੍ਰਾਪਤ ਹੋਈ?

ਉੱਤਰ:- ਜਮ-ਜਮਾ ਤੋਪ।

**ਪਸ਼ਨ:-**(3) ਕਿਹੜੇ ਸਥਾਨ ਦੇ ਯੁੱਧ ਨੂੰ ਟਿੱਬਾ ਟੇਹਰੀ ਦਾ ਯੁੱਧ ਕਿਹਾ ਜਾਂਦਾ ਹੈ?

ਉੱਤਰ:- (3) ਉੱਤਰ ਨੌਸ਼ਹਿਰਾ ਦੇ।

**ਪਸ਼ਨ:-**(4) ਰਣਜੀਤ ਸਿੰਘ ਮਹਾਰਾਜਾ ਕਦੋਂ ਬਣੇ?

ਉੱਤਰ:- 18●1 ਈਸਵੀ ਵਿੱਚ।

**ਪਸ਼ਨ:-**(5) ਮਹਾਰਾਜਾ ਰਣਜੀਤ ਸਿੰਘ ਦੀ ਸਰਕਾਰੀ ਭਾਸ਼ਾ ਕਿਹੜੀ ਸੀ?

ਉੱਤਰ:-ਫਾਰਸੀ।

**V(b) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਵਾਕਾਂ ਵਿੱਚ ਦਿਉ:**

**ਪਸ਼ਨ:-**(1) ਮਹਾਰਾਜਾ ਰਣਜੀਤ ਸਿੰਘ ਦਾ ਜਨਮ ਕਦੋਂ ਹੋਇਆ? ਉਸਦੇ ਪਿਤਾ ਦਾ ਨਾਂਅ ਦੱਸੋ।

ਉੱਤਰ:- ਮਹਾਰਾਜਾ ਰਣਜੀਤ ਸਿੰਘ ਦਾ ਜਨਮ 13 ਨਵੰਬਰ 178● ਈਸਵੀ ਨੂੰ ਹੋਇਆ। ਉਸਦੇ ਪਿਤਾ ਦਾ ਨਾਂਅ ਸਰਦਾਰ ਮਹਾਂ ਸਿੰਘ ਸੀ।

**ਪਸ਼ਨ:-**(2) ਲਾਹੌਰ ਦੇ ਸ਼ਹਿਰੀਆਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਲਾਹੌਰ ਤੇ ਹਮਲਾ ਕਰਨ ਦਾ ਸੱਦਾ ਕਿਉਂ ਦਿੱਤਾ

ਉੱਤਰ:- ਕਿਉਂਕਿ ਲਾਹੌਰ ਦੇ ਨਿਵਾਸੀ ਉੱਥੋਂ ਦੇ ਭੰਗੀ ਸਰਦਾਰਾਂ ਦੇ ਰਾਜ ਤੋਂ ਤੰਗ ਆ ਚੁੱਕੇ ਸਨ।

**ਪਸ਼ਨ:-**(3)ਮਹਾਰਾਜਾ ਰਣਜੀਤ ਸਿੰਘ ਦੀ ਲਾਹੌਰ ਜਿੱਤ ਦਾ ਕੀ ਮਹੱਤਵ ਸੀ?

ਉੱਤਰ:- ਲਾਹੌਰ ਦੀ ਜਿੱਤ ਨੇ ਹੀ ਮਹਾਰਾਜਾ ਰਣਜੀਤ ਸਿੰਘ ਨੂੰ ਪੂਰੇ ਪੰਜਾਬ ਦਾ ਸ਼ਾਸਕ ਬਣਾਉਣ ਵਿੱਚ ਮਦਦ ਕੀਤੀ

**ਪਸ਼ਨ:-** ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸਿੱਕੇ ਕਿਸਦੇ ਨਾਂਅ ਤੇ ਜਾਰੀ ਕੀਤੇ?

ਉੱਤਰ:- ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸਿੱਕੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਅ ਤੇ ਜਾਰੀ ਕੀਤੇ।

**VI ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਜਾਂ 5-6 ਲਾਈਨਾਂ ਵਿੱਚ ਦਿਓ:**

**ਪਸ਼ਨ:-** ਮਹਾਰਾਜਾ ਰਣਜੀਤ ਸਿੰਘ ਦੇ ਬਚਪਨ ਅਤੇ ਸਿੱਖਿਆ ਬਾਰੇ ਲਿਖੋ।

ਉੱਤਰ:- (1) ਮਹਾਰਾਜਾ ਰਣਜੀਤ ਸਿੰਘ ਲਾਡਾਂ ਨਾਲ ਪਲਿਆ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ।

(2) ਉਸਦੀ ਪੜ੍ਹਾਈ ਲਿਖਾਈ ਵਿੱਚ ਵਿਸ਼ੇਸ਼ ਰੁਚੀ ਨਹੀਂ ਸੀ ਇਸ ਲਈ ਉਹ ਅਨਪੜ੍ਹ ਹੀ ਰਿਹਾ।

(3) ਉਸਨੇ ਆਪਣਾ ਜਿਆਦਾਤਰ ਸਮਾਂ ਸ਼ਿਕਾਰ ਖੇਡਣ, ਤਲਵਾਰਬਾਜ਼ੀ ਸਿੱਖਣ ਅਤੇ ਘੋੜਸਵਾਰੀ ਕਰਨ ਵਿੱਚ ਹੀ ਬਤੀਤ ਕੀਤਾ।

(4) ਇਸ ਲਈ ਉਹ ਬਚਪਨ ਵਿੱਚ ਹੀ ਵਧੀਆ ਘੋੜਸਵਾਰ, ਤਲਵਾਰ ਬਾਜ ਅਤੇ ਨਿਪੁੰਨ ਤੀਰਅੰਦਾਜ਼ ਬਣ ਗਿਆ।

(5) ਬਚਪਨ ਵਿੱਚ ਹੀ ਮਹਾਰਾਜਾ ਰਣਜੀਤ ਸਿੰਘ ਚੇਚਕ ਦਾ ਸ਼ਿਕਾਰ ਹੋ ਗਿਆ। ਉਸਦੇ ਚਿਹਰੇ ਤੇ ਡੂੰਘੇ ਦਾਗ ਪੈ ਗਏ ਅਤੇ ਉਸਦੀ ਖੱਬੀ ਅੱਖ ਖਰਾਬ ਹੋ ਗਈ।

**ਪਸ਼ਨ:-** ਮਹਾਰਾਜਾ ਰਣਜੀਤ ਸਿੰਘ ਦੇ ਬਚਪਨ ਦੀਆਂ ਬਹਾਦਰੀ ਦੀਆਂ ਘਟਨਾਵਾਂ ਦਾ ਹਾਲ ਲਿਖੋ।

ਉੱਤਰ:-(1) ਮਹਾਰਾਜਾ ਰਣਜੀਤ ਸਿੰਘ ਬਚਪਨ ਤੋਂ ਹੀ ਬੜਾ ਬਹਾਦਰ ਸੀ। ਦਸ ਸਾਲ ਦੀ ਉਮਰ ਵਿੱਚ ਹੀ ਉਸਨੇ ਸੋਹਦਰਾ ਉੱਤੇ ਹਮਲਾ ਵਿੱਚ ਆਪਣੇ ਪਿਤਾ ਜੀ ਦਾ ਸਾਥ ਦਿੱਤਾ। ਇਸ ਵਿੱਚ ਦੁਸ਼ਮਣ ਨੂੰ ਭਾਰੀ ਹਾਰ ਹੋਈ।

(2) ਇੱਕ ਵਾਰ ਮਹਾਰਾਜੇ ਦੇ ਪਿਤਾ ਦੇ ਦੁਸ਼ਮਣ ਹਸ਼ਮਤ ਖਾਂ ਨੇ 14 ਸਾਲ ਦੇ ਰਣਜੀਤ ਸਿੰਘ ਉੱਪਰ ਛਿਪ ਕੇ ਤਲਵਾਰ ਨਾਲ ਹਮਲਾ ਕਰ ਦਿੱਤਾ।

(3) ਪਰ ਹਸ਼ਮਤ ਖਾਂ ਦਾ ਵਾਰ ਖਾਲੀ ਜਾਣ ਤੇ ਬਾਲਕ ਰਣਜੀਤ ਸਿੰਘ ਨੇ ਹਸ਼ਮਤ ਖਾਂ ਉੱਪਰ ਤਲਵਾਰ ਨਾਲ ਭਾਰੀ ਵਾਰ ਕੀਤਾ ਅਤੇ ਉਸਦਾ ਧਿਰ ਧੜ ਨਾਲੋਂ ਵੱਖ ਕਰ ਦਿੱਤਾ।

**ਪਸ਼ਨ:-** ਮਹਾਰਾਜਾ ਰਣਜੀਤ ਸਿੰਘ ਦੀ ਅੰਮ੍ਰਿਤਸਰ ਉੱਤੇ ਜਿੱਤ ਦੀ ਮਹੱਤਤਾ ਲਿਖੋ।

ਉੱਤਰ:- ਮਹਾਰਾਜਾ ਰਣਜੀਤ ਸਿੰਘ ਦੀ ਅੰਮ੍ਰਿਤਸਰ ਜਿੱਤ ਦਾ ਹੇਠ ਲਿਖਿਆਂ ਮਹੱਤਵ ਸੀ:

(1) ਉਹ ਸਿੱਖਾਂ ਦੀ ਧਾਰਮਿਕ ਰਾਜਧਾਨੀ ਦਾ ਮਾਲਕ ਬਣ ਗਿਆ।

(2) ਇਸ ਨਾਲ ਮਹਾਰਾਜੇ ਦੀ ਸੈਨਿਕ ਸ਼ਕਤੀ ਵਧ ਗਈ। ਉਸਨੂੰ ਲੋਹਗੜ੍ਹ ਦਾ ਕਿਲ੍ਹਾ ਅਤੇ ਜਮ-ਜਮਾ ਤੋਪ ਪ੍ਰਾਪਤ ਹੋ ਗਈ।

(3) ਇਸ ਜਿੱਤ ਦੇ ਨਤੀਜੇ ਵਜੋਂ ਮਹਾਰਾਜਾ ਨੂੰ ਪ੍ਰਸਿੱਧ ਸੈਨਿਕ ਅਕਾਲੀ ਫੂਲਾ ਸਿੰਘ ਅਤੇ ਉਸਦੇ 2000 ਨਿਹੰਗ ਸਾਥੀਆਂ ਦੀਆਂ ਸ਼ਾਨਦਾਰ ਸੇਵਾਵਾਂ ਪ੍ਰਾਪਤ ਹੋਈਆਂ।

(4) ਅੰਮ੍ਰਿਤਸਰ ਦੀ ਜਿੱਤ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਮਾਣ-ਪ੍ਰਸਿੱਧੀ ਦੂਰ-ਦੂਰ ਤੱਕ ਫੈਲ ਗਈ। ਕਈ ਯੂਰਪੀ ਸੈਨਿਕ ਮਹਾਰਾਜੇ ਦੀ ਫੌਜ ਵਿੱਚ ਭਰਤੀ ਹੋ ਗਏ।

(50) ਕਈ ਭਾਰਤੀ ਵੀ ਅੰਗਰੇਜ਼ਾਂ ਦੀ ਨੌਕਰੀ ਛੱਡ ਕੇ ਮਹਾਰਾਜੇ ਕੋਲ ਕੰਮ ਕਰਨ ਲੱਗੇ।

**ਪਸ਼ਨ:-** ਮਹਾਰਾਜਾ ਰਣਜੀਤ ਸਿੰਘ ਨਾਲ ਸੰਬੰਧਿਤ ਤ੍ਰੈਪੱਖੀ ਸੰਧੀ ਕੀ ਸੀ?

ਉੱਤਰ:- ਤ੍ਰੈਪੱਖੀ ਸੰਧੀ 26 ਜੂਨ 1838 ਈਸਵੀ ਨੂੰ ਮਹਾਰਾਜਾ ਰਣਜੀਤ ਸਿੰਘ, ਅੰਗਰੇਜ਼ਾਂ ਅਤੇ ਗੱਦੀਓਂ ਲੱਥੇ ਅਫਗਾਨ ਬਾਦਸ਼ਾਹ ਸ਼ਾਹ ਸੁਜਾ ਵਿਚਕਾਰ ਹੋਈ। ਇਸਦੀਆਂ ਮੁੱਖ ਸ਼ਰਤਾਂ ਇਸ ਪ੍ਰਕਾਰ ਸਨ:-

(1) ਮਹਾਰਾਜਾ ਰਣਜੀਤ ਸਿੰਘ ਦੁਆਰਾ ਜਿੱਤੇ ਇਲਾਕੇ ਸ਼ਾਹ ਸੁਜਾ ਦੇ ਰਾਜ ਵਿੱਚ ਨਹੀਂ ਮਿਲਾਏ ਜਾਣਗੇ।

(2) ਤਿੰਨਾਂ ਵਿੱਚੋਂ ਕੋਈ ਵੀ ਕਿਸੇ ਵਿਦੇਸ਼ੀ ਦੀ ਸਹਾਇਤਾ ਨਹੀਂ ਕਰੇਗਾ।

(3) ਮਹਾਰਾਜਾ ਰਣਜੀਤ ਸਿੰਘ ਸਿੰਧ ਦੇ ਨਵੇਂ ਜਿੱਤੇ ਇਲਾਕੇ ਤੇ ਕੰਟਰੋਲ ਕਰ ਸਕੇਗਾ।

(4) ਇੱਕ ਧਿਰ ਦਾ ਦੁਸ਼ਮਣ ਤਿੰਨਾਂ ਦਾ ਦੁਸ਼ਮਣ ਮੰਨਿਆਂ ਜਾਵੇਗਾ

(5) ਸਿੰਧ ਦੇ ਮਾਮਲੇ ਵਿੱਚ ਸਾਹ ਸ਼ੁਜਾ ਨੂੰ ਬਾਕੀ ਦੋ ਧਿਰਾਂ ਦਾ ਫੈਸਲਾ ਮੰਨਣਾ ਪਵੇਗਾ ਅਤੇ ਉਹਨਾਂ ਦੀ ਮਨਜ਼ੂਰੀ ਤੋਂ ਬਿਨਾਂ ਕਿਸੇ ਵੀ ਦੇਸ਼ ਨਾਲ ਸਬੰਧ ਕਾਇਮ ਨਹੀਂ ਕਰ ਸਕੇਗਾ।

**ਪਸ਼ਨ:-** 1809 ਈਸਵੀ ਦੀ ਅੰਮ੍ਰਿਤਸਰ ਦੀ ਸੰਧੀ ਦਾ ਕੀ ਮਹੱਤਵ ਸੀ?

ਉੱਤਰ:-ਅੰਮ੍ਰਿਤਸਰ ਦੀ ਸੰਧੀ (1809) ਦਾ ਮਹੱਤਵ:

(1) ਅੰਮ੍ਰਿਤਸਰ ਦੀ ਸੰਧੀ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਾਰੇ ਪੰਜਾਬ ਉੱਤੇ ਅਧਿਕਾਰ ਕਰਨ ਦੇ ਸੁਪਨੇ ਨੂੰ ਭੰਗ ਕਰ ਦਿੱਤਾ।

(2) ਸਤਲੁਜ ਨਦੀ ਉਸਦੇ ਰਾਜ ਦੀ ਸੀਮਾ ਬਣ ਕੇ ਰਹਿ ਗਈ।

(3) ਇਸ ਨਾਲ ਮਹਾਰਾਜੇ ਦੇ ਪ੍ਰਭਾਵ ਨੂੰ ਧੱਕਾ ਪਹੁੰਚਿਆ।

(4) ਪਰ ਇਸ ਸੰਧੀ ਨਾਲ ਉਹ ਆਪਣੇ ਰਾਜ ਉੱਤੇ ਅੰਗਰੇਜ਼ਾਂ ਦੇ ਹਮਲੇ ਤੋਂ ਬਚ ਗਿਆ ਅਤੇ ਉਸਦੇ ਹੁੰਦਿਆਂ ਅੰਗਰੇਜ਼ਾਂ ਨੇ ਉਸਦੇ ਰਾਜ ਵੱਲ ਅੱਖ ਚੁੱਕ ਕੇ ਵੀ ਨਹੀਂ ਵੇਖਿਆ।

(5) ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਰਾਜ ਉੱਤਰ ਪੱਛਮ ਵੱਲ ਖੂਬ ਵਧਾਇਆ।

**ਪਸ਼ਨ:-** ਰਣਜੀਤ ਸਿੰਘ ਦੇ ਮਹਾਰਾਜਾ ਬਣਨ ਤੇ ਸੰਖੇਪ ਨੋਟ ਲਿਖੋ।

ਉੱਤਰ:- (1) 12 ਅਪ੍ਰੈਲ 1801 ਈਸਵੀ ਨੂੰ ਵਿਸਾਖੀ ਮੌਕੇ ਲਾਹੌਰ ਵਿਖੇ ਰਣਜੀਤ ਸਿੰਘ ਦੀ ਮਹਾਰਾਜਾ ਬਣਨ ਦੀ ਰਸਮ ਬੜੀ ਧੂਮ-ਧੂਮ ਨਾਲ ਮਨਾਈ ਗਈ।

(2) ਉਸਨੇ ਆਪਣੀ ਸਰਕਾਰ ਨੂੰ ਸਰਕਾਰ-ਏ-ਖਾਲਸਾ ਦਾ ਨਾਂਅ ਦਿੱਤਾ। ਮਹਾਰਾਜਾ ਬਣਨ ਤੇ ਵੀ ਰਣਜੀਤ ਸਿੰਘ ਨੇ ਤਾਜ ਨਾ ਪਹਿਨਿਆਂ।

(3) ਉਸਨੇ ਆਪਣੇ ਸਿੱਕੇ ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਅ ਤੇ ਜਾਰੀ ਕੀਤੇ।

(4) ਇਸ ਤਰ੍ਹਾਂ ਮਹਾਰਾਜੇ ਨੇ ਖਾਲਸਾ ਨੂੰ ਹੀ ਸਰਵਉੱਚ ਸ਼ਕਤੀ ਮੰਨਿਆ।

(5) ਇਮਾਮ ਬਖਸ਼ ਨੂੰ ਲਾਹੌਰ ਦਾ ਕੋਤਵਾਲ ਨਿਯੁਕਤ ਕੀਤਾ ਗਿਆ।

## ਅੰਗਰੇਜ਼ਾਂ ਅਤੇ ਸਿੱਖਾਂ ਦੇ ਯੁੱਧ ਅਤੇ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ

**(ਵਸਤੂਨਿਸ਼ਠ ਪ੍ਰਸ਼ਨ)**

**I ਠੀਕ ਉੱਤਰ ਚੁਣੋ:**

(ੳ) ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਸਦਾ ਉੱਤਰਾਧਿਕਾਰੀ ਕੌਣ ਬਣਿਆ?

(1) ਸਦਾ ਕੌਰ (2) ਦੀਵਾਨ ਲੱਖਪਤ ਰਾਏ

(3) ਰਾਜ ਕੌਰ (4) ਖੜਕ ਸਿੰਘ

(ਅ) ਲਾਹੌਰ ਰਾਜ ਦਾ ਆਖਰੀ ਸਿੱਖ ਹਾਕਮ ਕੌਣ ਸੀ?

(1) ਸ਼ੇਰ ਸਿੰਘ (2) ਦਲੀਪ ਸਿੰਘ

(3) ਪਿਸ਼ੌਰਾ ਸਿੰਘ (4) ਜਵਾਹਰ ਸਿੰਘ

(ੲ) ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਸ਼ਾਮਿਲ ਕਰਨ ਵਾਲਾ ਭਾਰਤ ਦਾ ਗਵਰਨਰ ਜਨਰਲ ਕੌਣ ਸੀ?

(1) ਲਾਰਡ ਕਾਰਨਵਾਲਿਸ (2) ਲਾਰਡ ਰਿਪਨ

(3) ਲਾਰਡ ਡਲਹੌਜੀ (4) ਲਾਰਡ ਮਾਊਂਟਬੈਂਟਨ

(ਸ) ਪੰਜਾਬ ਨੂੰ ਅੰਗਰੇਜੀ ਰਾਜ ਵਿੱਚ ਕਦੋਂ ਸ਼ਾਮਿਲ ਕੀਤਾ ਗਿਆ?

(1) 1849 ਈਸਵੀ ਵਿੱਚ (2) 1911 ਈਸਵੀ ਵਿੱਚ

(3) 1793 ਈਸਵੀ ਵਿੱਚ (4) 1764 ਈਸਵੀ ਵਿੱਚ

(ਹ) ਮੁੱਦਕੀ ਦੀ ਲੜਾਈ ਵਿੱਚ ਕਿਸ ਸਿੱਖ ਸਰਦਾਰ ਨੇ ਗੱਦਾਰੀ ਕੀਤੀ?

(1) ਜਵਾਹਰ ਸਿੰਘ ਨੇ (2) ਲਾਲ ਸਿੰਘ ਨੇ

(3) ਸਾਹਿਬ ਸਿੰਘ ਨੇ (4) ਮੋਹਰ ਸਿੰਘ ਨੇ

**ਉੱਤਰ:-** (ੳ) (4) ਖੜਕ ਸਿੰਘ

(ਅ) (2) ਦਲੀਪ ਸਿੰਘ

(ੲ) (3) ਲਾਰਡ ਡਲਹੌਜ਼ੀ

(ਸ) (1) 1849 ਈਸਵੀ ਵਿੱਚ

(ਹ) (2) ਲਾਲ ਸਿੰਘ ਨੇ

**II ਹੇਠ ਲਿਖੇ ਸ਼ਬਦਾਂ ਨੂੰ ਠੀਕ ਤਰ੍ਹਾ ਮਿਲਾਉ:**

| | | |
|---|---|---|
| | (ੳ) ਮਹਾਰਾਜਾ ਦਲੀਪ ਸਿੰਘ ਦੀ ਮਾਤਾ ਅਤੇ ਸਰਪ੍ਰਸਤ | ਤੇਜਾ ਸਿੰਘ |
| | (ਅ) ਲਾਹੌਰ ਰਾਜ ਦਾ ਗੱਦਾਰ ਪ੍ਰਧਾਨ | ਸ਼ਾਮ ਸਿੰਘ ਅਟਾਰੀਵਾਲਾ |
| | (ੲ) ਲਾਹੌਰ ਰਾਜ ਦਾ ਗੱਦਾਰ ਸੈਨਾਪਤੀ | ਮਹਾਰਾਣੀ ਜਿੰਦਾਂ |
| | (ਸ) ਸਭਰਾਓਂ ਦੀ ਲੜਾਈ ਦਾ ਨਾਇਕ ਸਰਦਾਰ | ਲਾਲ ਸਿੰਘ |
| (2) | (ੳ) ਮੁਲਤਾਨ ਦਾ ਦੀਵਾਨ | ਦੋਸਤ ਮੁਹੰਮਦ |
| | (ਅ) ਅਫਗਾਨਿਸਤਾਨ ਦਾ ਅਮੀਰ | ਮੂਲ ਰਾਜ |
| | (ੲ) ਅੰਗਰੇਜ ਸੈਨਾਪਤੀ | ਚਤਰ ਸਿੰਘ ਅਟਾਰੀਵਾਲਾ |
| | (ਸ) ਹਜਾਰਾ ਦਾ ਨਾਜ਼ਿਮ (ਗਵਰਨਰ) | ਹਿਊਗ ਗਫ |
| (3) | (ੳ) ਮੁੱਦਕੀ ਦੀ ਲੜਾਈ | 21 ਦਸੰਬਰ 1845 ਈਸਵੀ |
| | (ਅ) ਫਿਰੋਜਸ਼ਾਹ ਦੀ ਲੜਾਈ | 18 ਦਸੰਬਰ 1845 ਈਸਵੀ |
| | (ੲ) ਬੱਦੋਵਾਲ ਦੀ ਲੜਾਈ | 28 ਜਨਵਰੀ 1846 ਈਸਵੀ |
| | (ਸ)ਆਲੀਵਾਲ ਦੀ ਲੜਾਈ | 10 ਫਰਵਰੀ 1846 ਈਸਵੀ |
| | (ਹ) ਸਭਰਾਉਂ ਦੀ ਲੜਾਈ | 21 ਜਨਵਰੀ 1846 ਈਸਵੀ |
| (4) | (ੳ) ਰਾਮਨਗਰ ਦੀ ਲੜਾਈ | 13 ਜਨਵਰੀ 1849 ਈਸਵੀ |
| | (ਅ) ਚਿਲਿਆਂਵਾਲਾ ਦੀ ਲੜਾਈ | 22 ਨਵੰਬਰ 1848 ਈਸਵੀ |
| | (ੲ) ਮੁਲਤਾਨ ਦੀ ਲੜਾਈ | 21 ਫਰਵਰੀ 1849 ਈਸਵੀ |
| | (ਸ) ਗੁਜਰਾਤ ਦੀ ਲੜਾਈ | 22 ਜਨਵਰੀ 1849 ਈਸਵੀ |

**ਉੱਤਰ:-** (1) (ੳ) ਮਹਾਰਾਜਾ ਦਲੀਪ ਸਿੰਘ ਦੀ ਮਾਤਾ ਅਤੇ ਸਰਪ੍ਰਸਤ ਮਹਾਰਾਣੀ ਜਿੰਦਾਂ

(ਅ) ਲਾਹੌਰ ਰਾਜ ਦਾ ਗੱਦਾਰ ਪ੍ਰਧਾਨ ਮੰਤਰੀ — ਲਾਲ ਸਿੰਘ
(ੲ) ਲਾਹੌਰ ਰਾਜ ਦਾ ਗੱਦਾਰ ਸੈਨਾਪਤੀ — ਤੇਜਾ ਸਿੰਘ
(ਸ) ਸਭਰਾਓ ਦੀ ਲੜਾਈ ਦਾ ਨਾਇਕ ਸਰਦਾਰ — ਸ਼ਾਮ ਸਿੰਘ ਅਟਾਰੀਵਾਲਾ

(2) (ੳ) ਮੁਲਤਾਨ ਦੀ ਦੀਵਾਨ — ਮੂਲ ਰਾਜ
(ਅ) ਅਫਗਾਨਿਸਤਾਨ ਦਾ ਅਮੀਰ — ਦੋਸਤ ਮੁਹੰਮਦ
(ੲ) ਅੰਗਰੇਜ਼ ਸੈਨਾਪਤੀ — ਹਿਊਗ ਗਫ
(ਸ) ਹਜ਼ਾਰਾ ਦਾ ਨਾਜ਼ਿਸ (ਗਵਰਨਰ) — ਚਤਰ ਸਿੰਘ ਅਟਾਰੀਵਾਲਾ

(3) (ੳ) ਮੁੱਦਕੀ ਦੀ ਲੜਾਈ — 18 ਦਸੰਬਰ 1845 ਈਸਵੀ
(ਅ) ਫਿਰੋਜ਼ਸ਼ਾਹ ਦੀ ਲੜਾਈ — 21 ਦਸੰਬਰ 1845 ਈਸਵੀ
(ੲ) ਬੱਦੋਵਾਲ ਦੀ ਲੜਾਈ — 21 ਜਨਵਰੀ 1846 ਈਸਵੀ
(ਸ) ਆਲੀਵਾਲ ਦੀ ਲੜਾਈ — 28 ਜਨਵਰੀ 1846 ਈਸਵੀ
(ਹ) ਸਭਰਾਉਂ ਦੀ ਲੜਾਈ — 10 ਫਰਵਰੀ 1846 ਈਸਵੀ

(4) (ੳ) ਰਾਮ ਨਗਰ ਦੀ ਲੜਾਈ — 22 ਨਵੰਬਰ 1848 ਈਸਵੀ
(ਅ) ਚਿਲਿਆਂਵਾਲਾ ਦੀ ਲੜਾਈ — 13 ਜਨਵਰੀ 1849 ਈਸਵੀ
(ੲ) ਮੁਲਤਾਨ ਦੀ ਲੜਾਈ — 22 ਜਨਵਰੀ 1849 ਈਸਵੀ
(ਸ) ਗੁਜਰਾਤ ਦੀ ਲੜਾਈ — 21 ਫਰਵਰੀ 1849 ਈਸਵੀ

**III ਖਾਲੀ ਥਾਵਾਂ ਭਰੋ:**

(1) ਪਹਿਲਾ ਐਂਗਲੋ-ਸਿੱਖ ਯੁੱਧ .................ਦੀ ਲੜਾਈ ਨਾਲ ਸ਼ੁਰੂ ਹੋਇਆ। (ਮੁੱਦਕੀ, ਚਿਲਿਆਂਵਾਲਾ, ਮੁਲਤਾਨ)

(2) ਦੂਜੇ ਐਂਗਲੋ-ਸਿੱਖ ਯੁੱਧ ਸਮੇਂ ਪੰਜਾਬ ਦਾ ਮਹਾਰਾਜਾ ................. ਸੀ। (ਰਣਜੀਤ ਸਿੰਘ, ਦਲੀਪ ਸਿੰਘ, ਸ਼ੇਰ ਸਿੰਘ)

(3) ਬੱਦੋਵਾਲ ਦੀ ਲੜਾਈ ਵਿੱਚ ਸਿੱਖਾਂ ਦੀ ਅਗਵਾਈ .................ਨੇ ਕੀਤੀ। (ਭਾਈ ਮਹਾਰਾਜ ਸਿੰਘ, ਸ਼ਾਮ ਸਿੰਘ ਅਟਾਰੀਵਾਲਾ, ਸਰਦਾਰ ਰਣਜੋਧ ਸਿੰਘ ਮਜੀਠੀਆ)

(4) ਦੂਜੇ ਐਂਗਲੋ-ਸਿੱਖ ਯੁੱਧ ਦੇ ਸਿੱਟੇ ਵਜੋਂ .................ਹੀਰਾ ਅੰਗਰੇਜ਼ਾਂ ਨੂੰ ਮਿਲਿਆ। (ਕੋਹੇਨੂਰ, ਪੁਖਰਾਜ, ਸੁਨੈਲਾ)

(5) ਦੂਜੇ ਐਂਗਲੋ-ਸਿੱਖ ਯੁੱਧ ਦਾ .................ਦੀ ਲੜਾਈ ਨਾਲ ਅੰਤ ਹੋਇਆ। (ਸਭਰਾਓ, ਗੁਜਰਾਤ, ਬੱਦੋਵਾਲ)

**ਉੱਤਰ:- (1) ਮੁੱਦਕੀ (2) ਦਲੀਪ ਸਿੰਘ (3) ਸਰਦਾਰ ਰਣਜੋਧ ਸਿੰਘ ਮਜੀਠੀਆ (4) ਕੋਹੇਨੂਰ (5) ਗੁਜਰਾਤ**

**IV ਹੇਠ ਲਿਖੇ ਵਾਕਾਂ ਅੱਗੇ ਸਹੀ (3) ਜਾਂ ਗਲਤ (7) ਦਾ ਨਿਸ਼ਾਨ ਲਗਾਓ:**

(1) ਲਾਹੌਰ ਦੀ ਦੂਜੀ ਸੰਧੀ 11 ਮਾਰਚ 1846 ਈਸਵੀ ਨੂੰ ਹੋਈ ਸੀ। (3)

(2) ਭੈਰੋਵਾਲ ਦੀ ਸੰਧੀ ਉੱਤੇ ਮਹਾਰਾਣੀ ਜਿੰਦਾਂ ਨੇ ਦਸਤਖਤ ਕੀਤੇ ਸਨ। (7)

(3) ਮਹਾਰਾਣੀ ਜਿੰਦਾਂ ਨੂੰ ਦੇਸ਼ ਨਿਕਾਲਾ ਦੇ ਕੇ ਲਾਹੌਰ ਭੇਜ ਦਿੱਤਾ ਗਿਆ। (7)

(4) ਗੁਜਰਾਤ ਦੀ ਲੜਾਈ ਨੂੰ ਤੋਪਾਂ ਦੀ ਲੜਾਈ ਵੀ ਕਿਹਾ ਜਾਂਦਾ ਹੈ। (7)

(5) ਭੈਰੋਵਾਲ ਦੀ ਸੰਧੀ 16 ਦਸੰਬਰ 1846 ਈਸਵੀ ਨੂੰ ਹੋਈ। (7)

**V (a) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ:-**

**ਪ੍ਰਸ਼ਨ:-(1)** ਪਹਿਲਾ ਐਂਗਲੋ ਸਿੱਖ ਯੁੱਧ ਕਦੋਂ ਹੋਇਆ?

ਉੱਤਰ:-1845-1846 ਈਸਵੀ ਨੂੰ

**ਪ੍ਰਸ਼ਨ:-** (2) ਦੂਜਾ ਐਂਗਲੋ ਸਿੱਖ ਯੁੱਧ ਕਦੋਂ ਹੋਇਆ?

ਉੱਤਰ:- 1848-1849 ਈਸਵੀ ਨੂੰ

**ਪ੍ਰਸ਼ਨ:-**(3) ਪਹਿਲਾ ਐਂਗਲੋ ਸਿੱਖ ਯੁੱਧ ਕਿਸ ਲੜਾਈ ਨਾਲ ਖਤਮ ਹੋਇਆ?

ਉੱਤਰ:-ਸਭਰਾਓ ਦੀ ਲੜਾਈ ਨਾਲ।

**ਪ੍ਰਸ਼ਨ:-** (4) ਪੰਜਾਬ ਦੀ ਜਿੱਤ ਦੇ ਬਾਅਦ ਅੰਗਰੇਜ਼ਾਂ ਨੇ ਉੱਥੋਂ ਦਾ ਪ੍ਰਸਾਸ਼ਨ ਕਿਸ ਨੂੰ ਸੌਂਪਿਆ?

ਉੱਤਰ:-ਹੈਨਰੀ ਲਾਰੈਂਸ ਨੂੰ।

**ਪ੍ਰਸ਼ਨ:-** (5) ਅੰਗਰੇਜ਼ਾਂ ਨੇ ਪੰਜਾਬ ਤੋਂ ਪ੍ਰਾਪਤ ਕੋਹੇਨੂਰ ਹੀਰਾ ਕਿਸ ਕੋਲ ਭੇਜਿਆ?

ਉੱਤਰ:- ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਕੋਲ।

**V (b) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਵਾਕਾਂ ਵਿੱਚ ਦਿਓ:**

**ਪ੍ਰਸ਼ਨ:-** (1) ਪਹਿਲੇ ਐਂਗਲੋ-ਸਿੱਖ ਯੁੱਧ ਦੀਆਂ ਮੁੱਖ ਚਾਰ ਲੜਾਈਆਂ ਕਿੱਥੇ-ਕਿੱਥੇ ਲੜੀਆਂ ਗਈਆਂ?

ਉੱਤਰ:- ਪਹਿਲੇ ਐਂਗਲੋ-ਸਿੱਖ ਯੁੱਧ ਦੀਆਂ ਚਾਰ ਮੁੱਖ ਲੜਾਈਆਂ (1) ਮੁੱਦਕੀ, (2) ਫਿਰੋਜ਼ਸ਼ਾਹ (3) ਆਲੀਵਾਲ ਅਤੇ (4) ਸਭਰਾਓ ਵਿਖੇ ਲੜੀਆਂ ਗਈਆਂ।

**ਪ੍ਰਸ਼ਨ:-** (2) ਦੂਜੇ ਐਂਗਲੋ-ਸਿੱਖ ਯੁੱਧ ਦੀਆਂ ਮੁੱਖ ਚਾਰ ਲੜਾਈਆਂ ਕਿੱਥੇ-ਕਿੱਥੇ ਲੜੀਆਂ ਗਈਆਂ?

ਉੱਤਰ:- ਦੂਜੇ ਐਂਗਲੋ ਸਿੱਖ ਯੁੱਧ ਦੀਆਂ ਚਾਰ ਮੁੱਖ ਲੜਾਈਆਂ (1) ਰਾਮ ਨਗਰ (2) ਚਿਲਿਆਂਵਾਲਾ (3) ਮੁਲਤਾਨ ਅਤੇ (4) ਗੁਜਰਾਤ ਵਿਖੇ ਲੜੀਆਂ ਗਈਆਂ

**ਪ੍ਰਸ਼ਨ:-** (3) ਸਭਰਾਉਂ ਦੀ ਲੜਾਈ ਕਦੋਂ ਹੋਈ ਅਤੇ ਇਸਦਾ ਕੀ ਸਿੱਟਾ ਨਿਕਲਿਆ?

ਉੱਤਰ:-ਸਭਰਾਉਂ ਦੀ ਲੜਾਈ 10 ਫਰਵਰੀ 1846 ਈਸਵੀ ਨੂੰ ਹੋਈ। ਇਸ ਵਿੱਚ ਸਿੱਖ ਹਾਰ ਗਏ ਅਤੇ ਅੰਗਰੇਜ਼ੀ ਫੌਜ ਬਿਨਾਂ ਕਿਸੇ ਰੁਕਾਵਟ ਦੇ ਸਤਲੁਜ ਨਦੀ ਨੂੰ ਪਾਰ ਕਰ ਗਈ।

**ਪ੍ਰਸ਼ਨ:-** (4) ਕੌਂਸਲ ਆਫ ਰੀਜੈਂਸੀ ਬਾਰੇ ਤੁਸੀਂ ਕੀ ਜਾਣਦੇ ਹੋ?

ਉੱਤਰ:- ਦੂਜੇ ਐਂਗਲੋ ਸਿੱਖ ਯੁੱਧ ਤੋਂ ਬਾਅਦ ਲਾਹੌਰ ਰਾਜ ਦਾ ਰਾਜ ਪ੍ਰਬੰਧ ਚਲਾਉਣ ਲਈ ਅੱਠ ਮੈਂਬਰਾਂ ਦੀ ਇੱਕ ਕੌਂਸਲ ਬਣਾਈ ਗਈ। ਜਿਸਨੂੰ ਕੌਂਸਲ ਆਫ ਰੀਜੈਂਸੀ ਕਹਿੰਦੇ ਹਨ।

**ਪ੍ਰਸ਼ਨ:-** (5) ਪੰਜਾਬ ਨੂੰ ਅੰਗਰੇਜੀ ਰਾਜ ਵਿੱਚ ਕਦੋਂ ਸ਼ਾਮਿਲ ਕੀਤਾ ਗਿਆ ਅਤੇ ਉਸ ਸਮੇਂ ਭਾਰਤ ਦਾ ਗਵਰਨਰ ਜਨਰਲ ਕੌਣ ਸੀ?

ਉੱਤਰ:- ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ 1849 ਈਸਵੀ ਨੂੰ ਸ਼ਾਮਿਲ ਕੀਤਾ ਗਿਆ। ਉਸ ਸਮੇਂ ਭਾਰਤ ਦਾ ਗਵਰਨਰ ਜਨਰਲ ਲਾਰਡ ਡਲਹੌਜ਼ੀ ਸੀ।

**VI ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਜਾਂ 5-6 ਲਾਈਨਾਂ ਵਿੱਚ ਦਿਓ:-**

**ਪ੍ਰਸ਼ਨ:-** (1) ਭੈਰੋਵਾਲ ਸੰਧੀ ਦੀਆਂ ਕੋਈ ਚਾਰ ਧਾਰਾਵਾਂ ਦਿਉ।

ਉੱਤਰ:- ਭੈਰੋਵਾਲ ਦੀ ਸੰਧੀ ਦੀਆਂ ਚਾਰ ਮੁੱਖ ਧਾਰਾਵਾਂ ਹੇਠ ਲਿਖੀਆਂ ਸਨ:

(1) ਲਾਹੌਰ ਵਿਖੇ ਗਵਰਨਰ ਜਨਰਲ ਦੁਆਰਾ ਨਿਯੁਕਤ ਕੀਤਾ ਗਿਆ ਇੱਕ ਬ੍ਰਿਟਿਸ਼ ਰੈਜੀਡੈਂਟ ਰਹੇਗਾ।

(2) ਨਾਬਾਲਿਗ ਮਹਾਰਾਜਾ ਦਲੀਪ ਸਿੰਘ ਦਾ ਸਾਸਨ ਪ੍ਰਬੰਧ ਅੱਠ ਸਰਦਾਰਾਂ ਦੀ ਕੌਂਸਲ ਆਫ ਰੀਜੈਂਸੀ ਰਾਹੀਂ ਚਲਾਇਆ ਜਾਵੇਗਾ।

(3) ਕੌਂਸਲ ਆਫ ਰੀਜੈਂਸੀ ਬ੍ਰਿਟਿਸ਼ ਰੈਜੀਡੈਂਟ ਦੀ ਸਲਾਹ ਨਾਲ ਪ੍ਰਸਾਸਨ ਦਾ ਕੰਮ ਕਰੇਗੀ।

(4) ਇਸ ਸੰਧੀ ਰਾਹੀਂ ਮਹਾਰਾਣੀ ਜਿੰਦਾਂ ਨੂੰ ਰਾਜ ਪ੍ਰਬੰਧ ਤੋਂ ਵੱਖ ਕਰ ਦਿੱਤਾ ਗਿਆ।

**ਪ੍ਰਸ਼ਨ:-** (2) ਪਹਿਲੇ ਐਂਗਲੋ-ਸਿੱਖ ਯੁੱਧ ਤੋਂ ਬਾਅਦ ਅੰਗਰੇਜਾਂ ਨੇ ਪੰਜਾਬ ਨੂੰ ਆਪਣੇ ਕਬਜ਼ੇ ਵਿੱਚ ਕਿਉਂ ਨਾ ਕੀਤਾ? ਕਾਰਨ ਦੱਸੋ।

ਉੱਤਰ:-ਇਸਦੇ ਕੁਝ ਖਾਸ ਕਾਰਨ ਸਨ ਜਿਵੇਂ:

(1) ਪਹਿਲਾ ਐਂਗਲੋ-ਸਿੱਖ ਯੁੱਧ ਭਾਵੇਂ ਸਿੱਖ ਹਾਰ ਗਏ ਸਨ, ਪਰ ਅਜੇ ਵੀ ਲਾਹੌਰ, ਅੰਮ੍ਰਿਤਸਰ, ਪਿਸ਼ਾਵਰ ਆਦਿ ਥਾਵਾਂ ਤੇ ਸਿੱਖ ਸੈਨਿਕ ਤੈਨਾਤ ਸਨ। ਅੰਗਰੇਜ਼ ਉਹਨਾਂ ਨਾਲ ਟੱਕਰ ਨਹੀਂ ਲੈਣਾ ਚਾਹੁੰਦੇ ਸਨ।

(2) ਪੰਜਾਬ ਵਿੱਚ ਸ਼ਾਂਤੀ ਵਿਵਸਥਾ ਸਥਾਪਿਤ ਕਰਨ ਲਈ ਆਮਦਨ ਤੋਂ ਵੱਧ ਖਰਚ ਕਰਨਾ ਪੈਣਾ ਸੀ।

(3) ਸਿੱਖ-ਰਾਜ ਅਫਗਾਨਿਸਤਾਨ ਅਤੇ ਅੰਗਰੇਜੀ ਰਾਜ ਵਿਚਾਲੇ ਢਾਲ ਦਾ ਕੰਮ ਕਰਦਾ ਸੀ।

(4) ਲਾਰਡ ਹਾਰਡਿੰਗ ਪੰਜਾਬੀਆਂ ਨਾਲ ਉਹਨਾਂ ਨੂੰ ਕਮਜੋਰ ਕਰਨ ਵਾਲੀ ਸੰਧੀ ਕਰਨੀ ਚਾਹੁੰਦਾ ਸੀ ਜੋ ਕਿ ਉਸਨੇ ਲਾਹੌਰ ਵਿਖੇ ਕੀਤੀ। ਜਿਸ ਨਾਲ ਪੰਜਾਬ ਆਰਥਿਕ ਅਤੇ ਸੈਨਿਕ ਪੱਖ ਤੋਂ ਕਮਜ਼ੋਰ ਹੋ ਗਿਆ।

**ਪ੍ਰਸ਼ਨ:-** (3) ਭੈਰੋਵਾਲ ਦੀ ਸੰਧੀ ਤੋਂ ਬਾਅਦ ਅੰਗਰੇਜਾਂ ਨੇ ਮਹਾਰਾਣੀ ਜਿੰਦਾਂ ਨਾਲ ਕਿਸ ਤਰ੍ਹਾਂ ਦਾ ਸਲੂਕ ਕੀਤਾ?

ਉੱਤਰ:-(1) ਭੈਰੋਵਾਲ ਦੀ ਸੰਧੀ ਨਾਲ ਅੰਗਰੇਜਾਂ ਨੇ ਮਹਾਰਾਣੀ ਜਿੰਦਾਂ ਨੂੰ ਸਾਰੇ ਰਾਜਨੀਤਿਕ ਅਧਿਕਾਰਾਂ ਤੋਂ ਵਾਂਝੇ ਕਰ ਦਿੱਤਾ।

(2) ਉਸਦਾ ਲਾਹੌਰ ਦੇ ਰਾਜ ਪ੍ਰਬੰਧ ਨਾਲ ਕੋਈ ਸੰਬੰਧ ਨਾ ਰਿਹਾ। ਸਗੋਂ ਉਸਨੂੰ ਗਲਤ ਢੰਗ ਨਾਲ ਕੈਦ ਕਰਕੇ ਸ਼ੇਖੂਪੁਰਾ ਦੇ ਕਿਲ੍ਹੇ ਵਿੱਚ ਭੇਜ ਦਿੱਤਾ ਗਿਆ।

(3) ਮਹਾਰਾਣੀ ਦੀ ਡੇਢ ਲੱਖ ਰੁਪਏ ਪੈਨਸ਼ਨ ਲਗਾ ਦਿੱਤੀ ਗਈ।

(4) ਉਸਨੂੰ ਦੇਸ਼ ਨਿਕਾਲਾ ਦੇ ਕੇ ਬਨਾਰਸ ਭੇਜ ਦਿੱਤਾ ਗਿਆ।

(5) ਇਸ ਤਰ੍ਹਾਂ ਮਹਾਰਾਣੀ ਜਿੰਦਾਂ ਦਾ ਬਹੁਤ ਅਪਮਾਨ ਕੀਤਾ ਗਿਆ। ਜਿਸਦਾ ਸਿੱਟਾ ਦੂਜੇ ਐਂਗਲੋ-ਸਿੱਖ ਯੁੱਧ ਦੇ ਰੂਪ ਵਿੱਚ ਨਿਕਲਿਆ।

**ਪ੍ਰਸ਼ਨ:-** (4) ਮਹਾਰਾਜਾ ਦਲੀਪ ਸਿੰਘ ਬਾਰੇ ਤੁਸੀਂ ਕੀ ਜਾਣਦੇ ਹੋ?

ਉੱਤਰ:- (1) ਮਹਾਰਾਜਾ ਦਲੀਪ ਸਿੰਘ ਲਾਹੌਰ ਰਾਜ ਦਾ ਆਖਰੀ ਸਿੱਖ ਹਾਕਮ ਸੀ।

(2) ਪਹਿਲੇ ਐਂਗਲੋ ਸਿੱਖ ਯੁੱਧ ਸਮੇਂ ਉਹ ਨਾਬਾਲਿਗ ਸੀ। ਇਸ ਲਈ 1846 ਈਸਵੀ ਵਿੱਚ ਹੋਈ ਭੈਰੋਵਾਲ ਦੀ ਸੰਧੀ ਅਨੁਸਾਰ ਲਾਹੌਰ ਦੇ ਰਾਜ ਪ੍ਰਬੰਧ ਲਈ ਅੱਠ ਸਰਦਾਰਾਂ ਦੀ ਕੌਂਸਲ ਸਥਾਪਿਤ ਕਰ ਦਿੱਤੀ ਗਈ ਸੀ।

(3) ਇਸ ਕੌਂਸਲ ਨੇ ਮਹਾਰਾਜੇ ਦੇ ਬਾਲਗ ਹੋਣ ਤੱਕ ਕੰਮ ਕਰਨਾ ਸੀ ਪਰ ਦੂਜੇ ਐਂਗਲੋ-ਸਿੱਖ ਯੁੱਧ ਵਿੱਚ ਸਿੱਖ ਦੁਬਾਰਾ ਹਾਰ ਗਏ।

(4) ਸਿੱਟੇ ਵਜੋਂ ਮਹਾਰਾਜਾ ਦਲੀਪ ਸਿੰਘ ਨੂੰ ਗੱਦੀ ਤੋਂ ਉਤਾਰ ਦਿੱਤਾ ਗਿਆ। ਉਸਦੀ 4-5 ਲੱਖ ਰੁਪਏ ਸਲਾਨਾ ਪੈਨਸ਼ਨ ਨਿਸ਼ਚਿਤ ਕਰ ਦਿੱਤੀ ਗਈ।

(5) ਪੰਜਾਬ ਅੰਗਰੇਜ਼ੀ ਰਾਜ ਦਾ ਅੰਗ ਬਣ ਗਿਆ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਇੰਗਲੈਂਡ ਭੇਜ ਦਿੱਤਾ ਗਿਆ।

**ਪ੍ਰਸ਼ਨ:-** (5) ਪੰਜਾਬ ਵਿੱਚ ਸਿੱਖ ਰਾਜ ਦੇ ਪਤਨ ਦੇ ਕੋਈ ਚਾਰ ਕਾਰਨ ਲਿਖੋ।

ਉੱਤਰ:- ਪੰਜਾਬ ਰਾਜ ਦੇ ਪਤਨ ਦੇ ਚਾਰ ਕਾਰਨ ਇਸ ਪ੍ਰਕਾਰ ਹਨ:-

(1) ਮਹਾਰਾਜਾ ਰਣਜੀਤ ਸਿੰਘ ਇੱਕ ਕੁਸ਼ਲ ਸ਼ਾਸਕ ਸੀ। ਇਸ ਪੰਜਾਬ (ਲਾਹੌਰ) ਰਾਜ ਨੂੰ ਚਲਾਉਣ ਲਈ ਮਹਾਰਾਜਾ ਰਣਜੀਤ ਸਿੰਘ ਦਾ ਕੋਈ ਵੀ ਉੱਤਰਾਧਿਕਾਰੀ ਉਸ ਵਰਗਾ ਯੋਗ ਨਹੀਂ ਸੀ।

(2) ਮਹਾਰਾਜਾ ਰਣਜੀਤ ਸਿੰਘ ਦੀ ਅੰਗਰੇਜ਼ਾਂ ਬਾਰੇ ਕਮਜੋਰ ਨੀਤੀ ਕਾਰਨ ਅੰਗਰੇਜਾਂ ਦਾ ਹੌਂਸਲਾ ਵਧਦਾ ਗਿਆ। ਇਸ ਲਈ ਅੰਗਰੇਜ ਹੌਲੀ-ਹੌਲੀ ਪੰਜਾਬ ਦੀ ਸਥਿਤੀ ਨੂੰ ਸਮਝਦੇ ਗਏ ਅਤੇ ਅੰਤ ਮੌਕਾ ਪਾ ਕੇ ਉਹਨਾਂ ਨੇ ਪੰਜਾਬ ਤੇ ਕਬਜਾ ਕਰ ਲਿਆ।

(3) ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਸਦੀ ਤਕੜੀ ਫੌਜ ਆਪਣਾ ਸਾਸਕ ਗੁਆ ਬੈਠੀ। ਫੌਜ ਆਪ ਹੀ ਸ਼ਾਸਕ ਬਣ ਬੈਠੀ ਅਤੇ ਸਵਾਰਥੀ ਸਿੱਖ ਅਤੇ ਡੋਗਰਾ ਸਰਦਾਰਾਂ ਨੇ ਇਸਨੂੰ ਖਤਮ ਕਰਨ ਲਈ ਅਨੇਕਾਂ ਯਤਨ ਕੀਤੇ।

(4) ਪਹਿਲੇ ਅਤੇ ਦੂਜੇ ਐਂਗਲੋ ਸਿੱਖ ਯੁੱਧ ਵਿੱਚ ਸਿੱਖਾਂ ਨੇ ਅੰਗਰੇਜ਼ਾਂ ਨੂੰ ਭਾਰੀ ਟੱਕਰ ਦਿੱਤੀ, ਪਰ ਆਪਣੇ ਲਾਲਚੀ ਅਤੇ ਗੱਦਾਰ ਸੈਨਾਪਤੀਆਂ ਕਾਰਨ ਉਹ ਹਾਰ ਗਏ।

**ਪ੍ਰਸ਼ਨ:-** (6) ਦੂਜੇ ਐਂਗਲੋ-ਸਿੱਖ ਯੁੱਧ ਦੇ ਕੀ ਸਿੱਟੇ ਨਿਕਲੇ?

ਉੱਤਰ:- ਇਸ ਯੁੱਧ ਦੇ ਹੇਠ ਲਿਖੇ ਸਿੱਟੇ ਨਿਕਲੇ:

(1) 29 ਮਾਰਚ 1849 ਈਸਵੀ ਨੂੰ ਪੰਜਾਬ ਨੂੰ ਅੰਗਰੇਜੀ ਸਾਮਰਾਜ ਵਿੱਚ ਮਿਲਾ ਲਿਆ ਗਿਆ।

(2) ਇਸਦੇ ਸ਼ਾਸਨ ਪ੍ਰਬੰਧ ਲਈ ਤਿੰਨ ਅਧਿਕਾਰੀਆਂ ਦਾ ਇੱਕ ਬੋਰਡ ਸਥਾਪਿਤ ਕਰ ਦਿੱਤਾ ਗਿਆ।

(3) ਦਲੀਪ ਸਿੰਘ ਦੀ ਪੰਜਾਹ ਹਜ਼ਾਰ ਪੌਂਡ ਸਲਾਨਾ ਪੈਨਸ਼ਨ ਨਿਯਤ ਕਰਕੇ ਉਸਨੂੰ ਇੰਗਲੈਂਡ ਭੇਜ ਦਿੱਤਾ ਗਿਆ।

(4) ਮੂਲ ਰਾਜ ਤੇ ਮੁਕੱਦਮਾ ਚਲਾ ਕੇ ਉਸਨੂੰ ਕਾਲੇ-ਪਾਣੀ ਭੇਜ ਦਿੱਤਾ ਗਿਆ।

(5) ਅੰਗਰੇਜਾਂ ਦਾ ਕੱਟੜ ਦੁਸ਼ਮਣ ਪੰਜਾਬ ਉਹਨਾਂ ਦੀਆਂ ਗੁਲਾਮੀ ਦੀਆਂ ਜੰਜੀਰਾਂ ਵਿੱਚ ਜਕੜਿਆ ਗਿਆ ਅਤੇ ਅੰਗਰੇਜਾਂ ਦਾ ਸਾਰੇ ਭਾਰਤ ਤੇ ਕਬਜਾ ਹੋ ਗਿਆ।

# ਆਜ਼ਾਦੀ ਦੇ ਸੰਘਰਸ਼ ਵਿੱਚ ਪੰਜਾਬ ਦੀ ਦੇਣ

**ਵਸਤੂਨਿਸ਼ਠ ਪ੍ਰਸ਼ਨ**

**I ਸਹੀ ਉੱਤਰ ਚੁਣੋ:**

**(ੳ) ਭਾਰਤੀਆਂ ਵੱਲੋਂ ਆਜ਼ਾਦੀ ਦੀ ਪਹਿਲੀ ਲੜਾਈ ਕਦੋਂ ਲੜੀ ਗਈ?**

(1) 1857 ਈਸਵੀ ਨੂੰ (2) 1764 ਈਸਵੀ ਨੂੰ

(3) 1919 ਈਸਵੀ ਨੂੰ (4) 1947 ਈਸਵੀ ਨੂੰ

**(ਅ) ਨਾਮਧਾਰੀ ਲਹਿਰ ਨੂੰ ਹੋਰ ਕਿਸ ਨਾਂਅ ਨਾਲ ਜਾਣਿਆ ਜਾਂਦਾ ਹੈ?**

(1) ਭਗਤੀ ਲਹਿਰ (2) ਕੂਕਾ ਲਹਿਰ

(3) ਗਦਰ ਲਹਿਰ (4) ਹਥਿਆਰਬੰਦ ਸ਼ਹਿਰ

**(ੲ) ਆਰੀਆ ਸਮਾਜ ਦੇ ਬਾਨੀ ਕੌਣ ਸਨ?**

(1) ਬਾਬਾ ਰਾਮ ਸਿੰਘ (2) ਸਵਾਮੀ ਵਿਵੇਕਾਨੰਦ

(3) ਸਵਾਮੀ ਦਯਾਨੰਦ ਸਰਸਵਤੀ (4) ਸ਼ਹੀਦ ਭਗਤ ਸਿੰਘ

**(ਸ) ਲਾਹੌਰ ਸਾਈਮਨ ਕਮਿਸ਼ਨ ਦੇ ਵਿਰੋਧ-ਪ੍ਰਦਰਸ਼ਨ ਵਿੱਚ ਕਿਸ ਭਾਰਤੀ ਨੇਤਾ ਨੂੰ ਆਪਣੀ ਜਾਨ ਗਵਾਉਣੀ ਪਈ?**

(1) ਊਧਮ ਸਿੰਘ (2) ਭਗਤ ਸਿੰਘ

(3) ਕਰਤਾਰ ਸਿੰਘ ਸਰਾਭਾ (4) ਲਾਲਾ ਲਾਜਪਤ ਰਾਏ

**(ਹ) ਤੁਸੀਂ ਮੈਨੂੰ ਖ਼ੂਨ ਦਿਓ ਮੈਂ ਤੁਹਾਨੂੰ ਆਜ਼ਾਦੀ ਦੇਵਾਂਗਾ ਦਾ ਨਾਅਰਾ ਕਿਸਨੇ ਦਿੱਤਾ?**

(1) ਸੁਭਾਸ਼ ਚੰਦਰ ਬੋਸ ਨੇ (2) ਮਹਾਤਮਾ ਗਾਂਧੀ ਨੇ

(3) ਜਵਾਹਰ ਲਾਲ ਨਹਿਰੂ ਨੇ (4) ਮੁਹੰਮਦ ਅਲੀ ਜਿਨਾਹ ਨੇ

**ਉੱਤਰ:-** (ੳ) (1) 1857 ਈਸਵੀ ਨੂੰ

(ਅ) (2) ਕੂਕਾ ਲਹਿਰ

(ੲ) (3) ਸਵਾਮੀ ਦਯਾਨੰਦ ਸਰਸਵਤੀ

(ਸ) (4) ਲਾਲਾ ਲਾਜਪਤ ਰਾਏ

(ਹ) (1) ਸੁਭਾਸ਼ ਚੰਦਰ ਬੋਸ ਨੇ

**II ਹੇਠ ਲਿਖੇ ਸ਼ਬਦਾਂ ਨੂੰ ਠੀਕ ਤਰ੍ਹਾਂ ਮਿਲਾਓ:**

| | |
|---|---|
| (1) (ੳ) ਗਦਰ ਪਾਰਟੀ ਦਾ ਪ੍ਰਧਾਨ | ਸੁਭਾਸ਼ ਚੰਦਰ ਬੋਸ |
| (ਅ) ਕੂਕਾ ਲਹਿਰ ਦੇ ਮੋਢੀ | ਸ਼ਹੀਦ ਭਗਤ ਸਿੰਘ |
| (ੲ) ਆਜ਼ਾਦ ਹਿੰਦ ਫ਼ੌਜ ਦੇ ਨੇਤਾ | ਬਾਬਾ ਸੋਹਣ ਸਿੰਘ ਭਕਨਾ |
| (ਸ) ਨੌਜਵਾਨ ਭਾਰਤ ਸਭਾ ਦਾ ਸੰਸਥਾਪਕ | ਬਾਬਾ ਰਾਮ ਸਿੰਘ ਜੀ |
| (2) (ੳ) ਜਲ੍ਹਿਆਂ ਵਾਲੇ ਬਾਗ ਦੀ ਦੁਰਘਟਨਾ ਦਾ ਸਾਲ | 1913 ਈਸਵੀ |
| (ਅ) ਆਰੀਆ ਸਮਾਜ ਦੀ ਸਥਾਪਨਾ ਦਾ ਸਾਲ | 1919 ਈਸਵੀ |
| (ੲ) ਗਦਰ ਪਾਰਟੀ ਦੀ ਸਥਾਪਨਾ ਦਾ ਸਾਲ | 1928 ਈਸਵੀ |
| (ਸ) ਸਾਈਮਨ ਕਮਿਸ਼ਨ ਦੇ ਭਾਰਤ ਆਉਣ ਦਾ ਸਾਲ | 1875 ਈਸਵੀ |
| (3) (ੳ) ਗਦਰ ਪਾਰਟੀ ਦਾ ਸ਼ਹੀਦ | ਸੇਵਾ ਸਿੰਘ ਠੀਕਰੀਵਾਲਾ |
| (ਅ) ਜਲ੍ਹਿਆ ਵਾਲੇ ਬਾਗ ਦੇ ਕਤਲੇਆਮ ਦਾ ਬਦਲਾ ਲੈਣ ਵਾਲਾ | ਸ਼ਹੀਦ ਭਗਤ ਸਿੰਘ |
| (ੲ) ਲਾਲਾ ਲਾਜਪਤਰਾਏ ਦੀ ਮੌਤ ਦਾ ਬਦਲਾ ਲੈਣ ਵਾਲਾ | ਸ਼ਹੀਦ ਊਧਮ ਸਿੰਘ |
| (ਸ) ਪਰਜਾ ਮੰਡਲ ਦਾ ਪ੍ਰਧਾਨ | ਸ਼ਹੀਦ ਕਰਤਾਰ ਸਿੰਘ ਸਰਾਭਾ |
| (4) (ੳ) ਕਾਮਾਗਾਟਾਮਾਰੂ ਘਟਨਾ | 192● ਈਸਵੀ |
| (ਅ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਦੀ ਸਥਾਪਨਾ | 1914 ਈਸਵੀ |
| (ੲ) ਆਜ਼ਾਦ ਹਿੰਦ ਫ਼ੌਜ ਦੀ ਸਥਾਪਨਾ | 1947 ਈਸਵੀ |
| (ਸ) ਭਾਰਤ ਦੀ ਵੰਡ | 1943 ਈਸਵੀ |
| (5) (ੳ) ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਨ | 17 ਨਵੰਬਰ 1928 ਈਸਵੀ |
| (ਅ) ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਨ | 23 ਮਾਰਚ 1931 ਈਸਵੀ |
| (ੲ) ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਨ | 17 ਨਵੰਬਰ 1915 ਈਸਵੀ |
| (ਸ) ਲਾਲਾ ਲਾਜਪਤ ਰਾਏ ਜੀ ਦਾ ਸ਼ਹੀਦੀ ਦਿਨ | 31 ਜੁਲਾਈ 194● ਈਸਵੀ |

**ਉੱਤਰ:-**

| | |
|---|---|
| (1) (ੳ) ਗਦਰ ਪਾਰਟੀ ਦਾ ਪ੍ਰਧਾਨ | ਬਾਬਾ ਸੋਹਣ ਸਿੰਘ ਭਕਨਾ |
| (ਅ) ਕੂਕਾ ਲਹਿਰ ਦੇ ਮੋਢੀ | ਬਾਬਾ ਰਾਮ ਸਿੰਘ |
| (ੲ) ਆਜ਼ਾਦ ਹਿੰਦ ਫ਼ੌਜ ਦੇ ਨੇਤਾ | ਸੁਭਾਸ਼ ਚੰਦਰ ਬੋਸ |
| (ਸ) ਨੌਜਵਾਨ ਭਾਰਤ ਸਭਾ ਦਾ ਸੰਸਥਾਪਕ | ਸ਼ਹੀਦ ਭਗਤ ਸਿੰਘ |

(2) (ੳ) ਜਲ੍ਹਿਆਂ ਵਾਲੇ ਬਾਗ ਦੀ ਦੁਰਘਟਨਾ ਦਾ ਸਾਲ 1919 ਈਸਵੀ

(ਅ) ਆਰੀਆ ਸਮਾਜ ਦੀ ਸਥਾਪਨਾ ਦਾ ਸਾਲ 1875 ਈਸਵੀ

(ੲ) ਗਦਰ ਪਾਰਟੀ ਦੀ ਸਥਾਪਨਾ ਦਾ ਸਾਲ 1913 ਈਸਵੀ

(ਸ) ਸਾਈਮਨ ਕਮਿਸ਼ਨ ਦੇ ਭਾਰਤ ਆਉਣ ਦਾ ਸਾਲ 1928 ਈਸਵੀ

(3) (ੳ) ਗਦਰ ਪਾਰਟੀ ਦਾ ਸ਼ਹੀਦ ਸ਼ਹੀਦ ਕਰਤਾਰ ਸਿੰਘ ਸਰਾਭਾ

(ਅ) ਜਲ੍ਹਿਆਂ ਵਾਲੇ ਬਾਗ ਦੇ ਕਤਲੇਆਮ ਦਾ ਬਦਲਾ ਲੈਣ ਵਾਲਾ ਸ਼ਹੀਦ ਊਧਮ ਸਿੰਘ

(ੲ) ਲਾਲਾ ਲਾਜਪਤ ਰਾਏ ਜੀ ਦੀ ਮੌਤ ਦਾ ਬਦਲਾ ਲੈਣ ਵਾਲਾ ਸ਼ਹੀਦ ਭਗਤ ਸਿੰਘ

(ਸ) ਪਰਜਾ ਮੰਡਲ ਦਾ ਪ੍ਰਧਾਨ ਸੇਵਾ ਸਿੰਘ ਠੀਕਰੀਵਾਲਾ

(4) (ੳ) ਕਾਮਾਗਾਟਾਮਾਰੂ ਘਟਨਾ 1914 ਈਸਵੀ

(ਅ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਦੀ ਸਥਾਪਨਾ 192● ਈਸਵੀ

(ੲ) ਆਜ਼ਾਦ ਹਿੰਦ ਫੌਜ ਦੀ ਸਥਾਪਨਾ 1943 ਈਸਵੀ

(ਸ) ਭਾਰਤ ਦੀ ਵੰਡ 1947 ਈਸਵੀ

(5) (ੳ) ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਨ 23 ਮਾਰਚ 1931 ਈਸਵੀ

(ਅ) ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਨ 17 ਨਵੰਬਰ 1915 ਈਸਵੀ

(ੲ) ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਨ 31 ਜੁਲਾਈ 194● ਈਸਵੀ

(ਸ) ਲਾਲਾ ਲਾਜਪਤ ਰਾਏ ਦਾ ਸ਼ਹੀਦੀ ਦਿਨ 17 ਨਵੰਬਰ 1928 ਈਸਵੀ

**III ਖਾਲੀ ਥਾਵਾਂ ਭਰੋ:**

(1) ਲੋਕਾਂ ਨੇ ਰੋਲਟ ਐਕਟ ਨੂੰ .................. ਨਾਂਅ ਨਾਲ ਸੱਦਿਆ। (ਕਾਲੇ ਕਾਨੂੰਨ, ਵਧੀਆ ਕਾਨੂੰਨ, ਘਟੀਆ ਕਾਨੂੰਨ)

(2) ਪੂਰਨ ਸਵਰਾਜ ਦਾ ਮਤਾ ...............ਈਸਵੀ ਨੂੰ ਲਾਹੌਰ ਦੇ ਕਾਂਗਰਸ ਇਜਲਾਸ ਵਿੱਚ ਪਾਸ ਹੋਇਆ। (19●9, 1929, 1942)

(3) ਸਾਈਮਨ ਕਮਿਸ਼ਨ ................. ਈਸਵੀ ਵਿੱਚ ਭਾਰਤ ਆਇਆ। (19●5, 1919, 1928)

(4) ਜਲ੍ਹਿਆਂ ਵਾਲੇ ਬਾਗ ਦੀ ਘਟਨਾ................. ਵਿਖੇ ਵਾਪਰੀ। (ਅੰਮ੍ਰਿਤਸਰ, ਲਾਹੌਰ, ਮੁਲਤਾਨ)

(5) .................... ਦੇਸ਼ ਭਗਤੀ ਦੇ ਪ੍ਰਸਿੱਧ ਗੀਤ ਪੱਗੜੀ ਸੰਭਾਲ ਜੱਟਾਂ ਦੇ ਲੇਖਕ ਸਨ। (ਲਾਲਾ ਲਾਜਪਤ ਰਾਏ, ਲਾਲਾ ਬਾਂਕੇ ਦਿਆਲ, ਲਾਲਾ ਪਿੰਡੀ ਦਾਸ)

**ਉੱਤਰ:- (1) ਕਾਲੇ ਕਾਨੂੰਨ (2) 1929 ਈਸਵੀ (3) 1928 ਈਸਵੀ (4) ਅੰਮ੍ਰਿਤਸਰ (5) ਲਾਲਾ ਬਾਂਕੇ ਦਿਆਲ**

**IV ਹੇਠ ਲਿਖੇ ਵਾਕਾਂ ਅੱਗੇ ਸਹੀ (3) ਜਾਂ ਗਲਤ (7) ਦਾ ਨਿਸ਼ਾਨ ਲਗਾਓ:-**

(1) ਬਾਬਾ ਰਾਮ ਸਿੰਘ ਜੀ ਨੇ ਆਪਣੇ ਪ੍ਰਚਾਰ ਦੀ ਸਹੂਲਤ ਲਈ ਪੰਜਾਬ ਨੂੰ 22 ਸੂਬਿਆਂ ਵਿੱਚ ਵੰਡਿਆ ਹੋਇਆ ਸੀ। (3)

(2) ਅਕਾਲੀ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਨਹੀਂ ਕਰਵਾਉਣਾ ਚਾਹੁੰਦੇ ਸਨ। (7)

(3) ਮਾਈਕਲ ਓਡਵਾਇਰ ਦੀ ਹੱਤਿਆ ਸ਼ਹੀਦ ਊਧਮ ਸਿੰਘ ਨੇ ਕੀਤੀ ਸੀ। (3)

(4) ਨਾਮਧਾਰੀਆਂ ਨੇ ਮਲੇਰਕੋਟਲੇ ਤੇ ਹਮਲਾ 1857 ਈਸਵੀ ਵਿੱਚ ਕੀਤਾ ਸੀ। (7)

(5) ਲਾਲਾ ਲਾਜਪਤਰਾਏ ਦੀ ਮੌਤ ਦਾ ਬਦਲਾ ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਲਿਆ ਸੀ। (7)

**V (a) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ:-**

**ਪ੍ਰਸ਼ਨ:-** (1) 1857 ਦੇ ਸੁਤੰਤਰਤਾ ਸੰਘਰਸ਼ ਦੀ ਪਹਿਲੀ ਲੜਾਈ ਕਦੋਂ ਅਤੇ ਕਿੱਥੇ ਸ਼ੁਰੂ ਹੋਈ ਸੀ?

ਉੱਤਰ:- (1) ਉੱਤਰ 1● ਮਈ ਨੂੰ ਮੇਰਠ ਤੋਂ।

**ਪ੍ਰਸ਼ਨ:-** (2) ਕਾਮਾਗਾਟਾਮਾਰੂ ਨਾਂਅ ਦਾ ਜਹਾਜ਼ ਕਿਸ ਨੇ ਕਿਰਾਏ ਤੇ ਲਿਆ ਸੀ?

ਉੱਤਰ:- ਬਾਬਾ ਗੁਰਦਿੱਤ ਸਿੰਘ ਨੇ।

**ਪ੍ਰਸ਼ਨ:-** (3) ਪੂਰਨ ਸਵਰਾਜ ਪ੍ਰਸਤਾਵ ਦੇ ਅਨੁਸਾਰ ਭਾਰਤ ਵਿੱਚ ਪਹਿਲੀ ਵਾਰ ਆਜ਼ਾਦੀ ਦਿਵਸ ਕਦੋਂ ਮਨਾਇਆ ਗਿਆ?

ਉੱਤਰ:- 26 ਜਨਵਰੀ 193● ਈਸਵੀ ਨੂੰ

**ਪ੍ਰਸ਼ਨ:-** (4) ਜਲ੍ਹਿਆਂ ਵਾਲੇ ਬਾਗ ਵਿੱਚ ਗੋਲੀਆਂ ਕਿਸ ਫੌਜੀ ਅਫਸਰ ਨੇ ਚਲਵਾਈਆਂ ਸਨ?

ਉੱਤਰ:- ਜਨਰਲ ਡਾਇਰ ਨੇ।

**ਪ੍ਰਸ਼ਨ:-** (5) ਜੈਤੋ ਦਾ ਮੋਰਚਾ ਕਿਹੜਾ ਐਕਟ ਪਾਸ ਹੋਣ ਮਗਰੋਂ ਖਤਮ ਹੋਇਆ ਸੀ?

ਉੱਤਰ:- 1925 ਈਸਵੀ ਦਾ ਗੁਰਦੁਆਰਾ ਐਕਟ।

**V (b) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਵਾਕਾਂ ਵਿੱਚ ਦਿਓ:-**

**ਪ੍ਰਸ਼ਨ:-** (1) ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ੀ ਸਰਕਾਰ ਖਿਲਾਫ ਨਾਮਿਲਵਰਤਨ ਨੀਤੀ ਕਿਉਂ ਅਪਨਾਈ?

ਉੱਤਰ:- ਕਿਉਂਕਿ ਬਾਬਾ ਰਾਮ ਸਿੰਘ ਜੀ ਵਿਦੇਸ਼ੀ ਸਰਕਾਰ, ਵਿਦੇਸ਼ੀ ਮਾਲ ਅਤੇ ਵਿਦੇਸ਼ੀ ਸੰਸਥਾਵਾਂ ਦੇ ਕੱਟੜ ਵਿਰੋਧੀ ਸਨ।

**ਪ੍ਰਸ਼ਨ:-** (2) ਕਿਨ੍ਹਾਂ ਕਾਰਨਾਂ ਕਰਕੇ ਗਦਰ ਲਹਿਰ ਹੋਂਦ ਵਿੱਚ ਆਈ?

ਉੱਤਰ:- ਗਦਰ ਲਹਿਰ ਹਥਿਆਰਬੰਦ ਵਿਦਰੋਹ ਦੁਆਰਾ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਹੋਂਦ ਵਿੱਚ ਆਈ ਸੀ।

**ਪ੍ਰਸ਼ਨ:-** (3) ਅਕਾਲੀ ਲਹਿਰ ਦੇ ਹੋਂਦ ਵਿੱਚ ਆਉਣ ਦੇ ਦੋ ਕਾਰਨ ਲਿਖੋ।

ਉੱਤਰ:- ਗੁਰਦੁਆਰਿਆਂ ਨੂੰ ਬਦਚਲਨ ਮਹੰਤਾਂ ਤੋਂ ਆਜਾਦ ਕਰਵਾਉਣਾ ਅਤੇ ਗੁਰਦੁਆਰਿਆਂ ਦੇ ਪ੍ਰਬੰਧ ਵਿੱਚ ਸੁਧਾਰ ਕਰਨਾ।

**ਪ੍ਰਸ਼ਨ:-** (4) ਚਾਬੀਆਂ ਵਾਲਾ ਮੋਰਚਾ ਕਿਉਂ ਲੱਗਾ?

ਉੱਤਰ:- ਅੰਗਰੇਜ਼ ਸਰਕਾਰ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਗੋਲਕ ਦੀਆਂ ਚਾਬੀਆਂ ਆਪਣੇ ਕੋਲ ਦਬਾ ਰੱਖੀਆਂ ਸਨ। ਇਹਨਾਂ ਨੂੰ ਪ੍ਰਾਪਤ ਕਰਨ ਲਈ ਸਿੱਖਾਂ ਨੇ ਚਾਬੀਆਂ ਵਾਲਾ ਮੋਰਚਾ ਲਗਾਇਆ।

**ਪ੍ਰਸ਼ਨ:-** (5) ਬੱਬਰ ਅਕਾਲੀਆਂ ਦਾ ਕੀ ਮੁੱਖ ਨਿਸ਼ਾਨਾ ਸੀ?

ਉੱਤਰ:- ਬੱਬਰ ਅਕਾਲੀਆਂ ਦਾ ਮੁੱਖ ਨਿਸ਼ਾਨਾ ਜਾਸੂਸਾਂ ਅਤੇ ਸਰਕਾਰੀ ਪਿੱਠੂਆਂ ਨੂੰ ਮਾਰ ਮੁਕਾਉਣਾ ਸੀ।

**VI ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਜਾਂ 5-6 ਲਾਈਨਾਂ ਵਿੱਚ ਦਿਓ:**

**ਪ੍ਰਸ਼ਨ:-** (1) 1857 ਈਸਵੀ ਦੀ ਆਜ਼ਾਦੀ ਦੀ ਜੰਗ ਕਿਉਂ ਫੇਲ੍ਹ ਹੋਈ?

ਉੱਤਰ:- (1) ਸਾਰੇ ਕ੍ਰਾਂਤੀਕਾਰੀ ਆਜ਼ਾਦੀ ਪ੍ਰਾਪਤੀ ਦੇ ਨਿਸ਼ਾਨੇ ਨਾਲ ਨਹੀਂ ਲੜੇ।

(2) ਕ੍ਰਾਂਤੀਕਾਰੀ ਸਿੱਖਿਅਤ ਸੈਨਿਕ ਨਹੀਂ ਸਨ। ਉਹਨਾਂ ਕੋਲ ਚੰਗੇ ਹਥਿਆਰਾਂ ਦੀ ਘਾਟ ਸੀ।

(3) ਇਸ ਸੰਘਰਸ਼ ਵਿੱਚ ਏਕਤਾ ਦੀ ਘਾਟ ਸੀ। ਇਹ ਮੁੱਖ ਤੌਰ ਤੇ ਉੱਤਰੀ ਭਾਰਤ ਵਿੱਚ ਹੀ ਫੈਲਿਆ।

(4) ਪੰਜਾਬ ਦੀਆਂ ਰਿਆਸਤਾਂ ਦੇ ਰਾਜਿਆਂ ਨੇ ਅੰਗਰੇਜਾਂ ਦਾ ਸਾਥ ਦਿੱਤਾ। ਇਸ ਲਈ ਇਹ ਗਦਰ ਪੰਜਾਬ ਵਿੱਚ ਅਸਫਲ ਰਿਹਾ।

**ਪ੍ਰਸ਼ਨ:-** (2) ਆਰੀਆ ਸਮਾਜ ਦੇ ਪੰਜਾਬ ਵਿਚਲੇ ਕਾਰਜਾਂ ਦਾ ਵਰਣਨ ਕਰੋ।

ਉੱਤਰ:- (2) ਉੱਤਰ ਆਰੀਆ ਸਮਾਜ ਨੇ ਪੰਜਾਬ ਵਿੱਚ ਹੇਠ ਲਿਖੇ ਕੰਮ ਕੀਤੇ:-

(1) ਇਸ ਨੇ ਪੰਜਾਬੀਆਂ ਵਿੱਚ ਰਾਸ਼ਟਰੀ ਭਾਵਨਾ ਨੂੰ ਪੈਦਾ ਕੀਤਾ।

(2) ਇਸ ਲਹਿਰ ਨੇ ਲਾਲਾ ਲਾਜਪਤ ਰਾਏ, ਸਰਦਾਰ ਅਜੀਤ ਸਿੰਘ ਅਤੇ ਲਾਲਾ ਹਰਦਿਆਲ ਵਰਗੇ ਮਹਾਨ ਦੇਸ਼ ਭਗਤਾਂ ਨੂੰ ਉਭਾਰਿਆ।

(3) ਇਸ ਨੇ ਪੰਜਾਬ ਵਿੱਚ ਸਵਦੇਸ਼ੀ ਲਹਿਰ ਨੂੰ ਉਤਸ਼ਾਹ ਦਿੱਤਾ।

(4) ਇਸ ਨੇ ਪੰਜਾਬ ਵਿੱਚ ਵਿੱਦਿਆ ਨੂੰ ਫੈਲਾਇਆ।

**ਪ੍ਰਸ਼ਨ:-** (3) ਜਲ੍ਹਿਆਂ ਵਾਲੇ ਬਾਗ ਦੀ ਘਟਨਾ ਤੇ ਸੰਖੇਪ ਨੋਟ ਲਿਖੋ।

ਉੱਤਰ:- (1) ਜਲ੍ਹਿਆਂਵਾਲੇ ਬਾਗ ਦਾ ਕਤਲੇਆਮ ਅੰਮ੍ਰਿਤਸਰ ਵਿਖੇ 13 ਅਪ੍ਰੈਲ 1919 ਈਸਵੀ ਨੂੰ ਵਾਪਰਿਆ।

(2) ਇਸ ਦਿਨ ਜਲ੍ਹਿਆਂਵਾਲੇ ਬਾਗ ਵਿੱਚ ਪੰਜਾਬੀਆਂ ਦੁਆਰਾ ਸ਼ਾਂਤਮਈ ਸਭਾ ਕੀਤੀ ਜਾ ਰਹੀ ਸੀ।

(3) ਇਹ ਸਭਾ ਅੰਮ੍ਰਿਤਸਰ ਵਿੱਚ ਚੁੱਪ-ਚਪੀਤੇ ਲਾਗੂ ਕੀਤੇ ਮਾਰਸ਼ਲ ਲਾਅ ਦੇ ਵਿਰੁੱਧ ਸੀ।

(4) ਜਨਰਲ ਡਾਇਰ ਨੇ ਆਪਣੇ 50 ਹਥਿਆਰਬੰਦ ਸਿਪਾਹੀਆਂ ਨੂੰ ਬਿਨਾਂ ਕਿਸੇ ਚੇਤਾਵਨੀ ਦੇ ਇਸ ਸਭਾ ਤੇ ਗੋਲੀਆਂ ਚਲਾਉਣ ਦਾ ਹੁਕਮ ਦੇ ਦਿੱਤਾ।

(5) ਇਸ ਕਾਰਨ ਸੈਂਕੜੇ ਨਿਰਦੋਸ਼ ਲੋਕ ਮਾਰੇ ਗਏ ਅਤੇ ਹਜ਼ਾਰਾਂ ਫੱਟੜ ਹੋਏ।

(6) ਇਹ ਅੰਦੋਲਨ ਭਾਰਤ ਦੀ ਆਜਾਦੀ ਦੀ ਲੜਾਈ ਦਾ ਵੱਡਾ ਮੋੜ ਸਿੱਧ ਹੋਇਆ। ਸਾਰੇ ਦੇਸ਼ਵਾਸੀ ਅੰਗਰੇਜ਼ਾਂ ਦੇ ਖਿਲਾਫ ਹੋ ਗਏ।

**ਪ੍ਰਸ਼ਨ:-** (4) ਸਰਦਾਰ ਊਧਮ ਸਿੰਘ ਨੇ ਜਲ੍ਹਿਆਂਵਾਲੇ ਬਾਗ ਦੀ ਦੁਰਘਟਨਾ ਦਾ ਬਦਲਾ ਕਿਵੇਂ ਲਿਆ?

ਉੱਤਰ:- (1) ਸਰਦਾਰ ਊਧਮ ਸਿੰਘ ਪੱਕਾ ਦੇਸ਼ ਭਗਤ ਸੀ। ਜਲ੍ਹਿਆਂਵਾਲੇ ਬਾਗ ਦਾ ਖੂਨੀ ਸਾਕਾ ਆਪਣੀਆਂ ਅੱਖਾਂ ਨਾਲ ਦੇਖ ਕੇ ਉਸਦਾ ਖੂਨ ਖੌਲ ਉੱਠਿਆ।

(2) ਇਸ 19 ਸਾਲ ਦੇ ਨੌਜਵਾਨ ਨੇ ਕਤਲੇਆਮ ਦਾ ਬਦਲਾ ਲੈਣ ਦਾ ਪੱਕਾ ਇਰਾਦਾ ਕਰ ਲਿਆ।

(3) ਇਹ ਮੌਕਾ ਉਸਨੂੰ 21 ਸਾਲ ਬਾਅਦ 40 ਸਾਲ ਦੀ ਉਮਰ ਵਿੱਚ ਮਿਲਿਆ। ਉਸ ਸਮੇਂ ਉਹ ਇੰਗਲੈਂਡ ਵਿੱਚ ਸੀ।

(4) ਉਸਨੇ ਲੰਡਨ ਵਿੱਚ ਜਲਿਆਂ ਵਾਲੇ ਕਾਂਡ ਦੇ ਮੁੱਖ ਦੋਸ਼ੀ ਸਰ ਮਾਈਕਲ ਓਡਵਾਇਰ ਨੂੰ ਗੋਲੀ ਨਾਲ ਉਡਾ ਦਿੱਤਾ।

**ਪ੍ਰਸ਼ਨ:-** (5) ਨੌਜਵਾਨ ਭਾਰਤ ਸਭਾ ਉੱਤੇ ਨੋਟ ਲਿਖੋ।

ਉੱਤਰ:- (1) ਨੌਜਵਾਨ ਭਾਰਤ ਸਭਾ ਦੀ ਸਥਾਪਨਾ 1925-26 ਈਸਵੀ ਵਿੱਚ ਸਰਦਾਰ ਭਗਤ ਸਿੰਘ ਨੇ ਲਾਹੌਰ ਵਿੱਚ ਕੀਤੀ।

(2) ਉਹ ਆਪ ਇਸ ਸਭਾ ਦਾ ਜਨਰਲ ਸਕੱਤਰ ਬਣਿਆ ਸੀ। ਇਸ ਸੰਸਥਾ ਨੇ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈਣ ਦਾ ਪ੍ਰਣ ਕੀਤਾ ਸੀ।

(3) ਇਸ ਸੰਸਥਾ ਨੂੰ ਗਰਮ ਧੜੇ ਦੇ ਕਾਂਗਰਸੀ ਨੇਤਾਵਾਂ ਦੀ ਹਮਾਇਤ ਪ੍ਰਾਪਤ ਸੀ। ਇਹ ਸੰਸਥਾ ਜਲਦੀ ਹੀ ਕ੍ਰਾਂਤੀਕਾਰੀਆਂ ਦਾ ਕੇਂਦਰ ਬਣ ਗਈ।

(4) ਇਹ ਸਭਾ ਲਾਹੌਰ ਵਿੱਚ ਮੀਟਿੰਗਾਂ ਕਰਕੇ ਮਾਰਕਸ ਅਤੇ ਲੈਨਿਨ ਦੇ ਵਿਚਾਰਾਂ ਅਤੇ ਹੋਰ ਦੇਸ਼ਾਂ ਵਿੱਚ ਆਏ ਇਨਕਲਾਬਾਂ ਤੇ ਵਿਚਾਰ ਕਰਦੀ ਸੀ।

**ਪ੍ਰਸ਼ਨ:-** (6) ਸਾਈਮਨ ਕਮਿਸ਼ਨ ਉੱਤੇ ਨੋਟ ਲਿਖੋ

ਉੱਤਰ:- (1) ਇਹ ਸੱਤ ਮੈਂਬਰੀ ਕਮਿਸ਼ਨ 1928 ਈਸਵੀ ਵਿੱਚ ਭਾਰਤ ਆਇਆ ਸੀ।

(2) ਇਸਦਾ ਪ੍ਰਧਾਨ ਸਰ ਜਾਨ ਸਾਈਮਨ ਸੀ ਅਤੇ ਸਾਰੇ ਸੱਤੇ ਮੈਂਬਰ ਅੰਗਰੇਜ਼ ਸਨ।

(3) ਇਸ ਕਮਿਸ਼ਨ ਦਾ ਸਾਰੇ ਭਾਰਤ ਵਿੱਚ ਥਾਂ-ਥਾਂ ਕਾਲੀਆਂ ਝੰਡੀਆਂ ਨਾਲ ਵਿਰੋਧ ਹੋਇਆ।

(4) ਸਾਈਮਨ ਕਮਿਸ਼ਨ ਵਾਪਸ ਜਾਓ ਦੇ ਨਾਅਰੇ ਲਾਏ ਗਏ। ਸਰਕਾਰ ਨੇ ਇਸ ਸ਼ਾਂਤ ਵਿਰੋਧ ਨੂੰ ਬੜੀ ਸਖਤੀ ਨਾਲ ਦਬਾਇਆ।

(5) ਲਾਹੌਰ ਵਿਖੇ ਇਸਦਾ ਵਿਰੋਧ ਕਰ ਰਹੇ ਲਾਲਾ ਲਾਜਪਤ ਰਾਏ ਉੱਤੇ ਲਾਠੀਆਂ ਵਰਸਾਈਆਂ ਗਈਆਂ, ਜਿਸ ਨਾਲ ਉਹ ਸ਼ਹੀਦ ਹੋ ਗਏ।

**(ਨਕਸ਼ੇ) (ਇਤਿਹਾਸ)**

**ਪਾਠ-5 (ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ, ਖਾਲਸੇ ਦੀ ਸਿਰਜਣਾ ਅਤੇ ਸ਼ਖਸੀਅਤ)**

ਗੁਰੂ ਗੋਬਿੰਦ ਸਿੰਘ ਜੀ ਦੀਆਂ ਲੜਾਈਆਂ ਦੇ ਨਕਸ਼ੇ ਉੱਪਰ ਦਰਸਾਏ ਗਏ ਪੰਜ ਬਿੰਦੂਆਂ ਤੇ ਸਥਾਨ (ਢੁੱਕਵੇਂ) ਲਿਖੋ। ਲੜਾਈਆਂ ਦਾ ਸਾਲ ਵੀ ਭਰੋ।

**(ਨਕਸ਼ੇ) (ਇਤਿਹਾਸ)**

**ਪਾਠ-6 (ਇਤਿਹਾਸ) ਬੰਦਾ ਸਿੰਘ ਬਹਾਦਰ ਅਤੇ ਸਿੱਖ ਮਿਸਲਾਂ**

ਬਾਬਾ ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ ਦੇ ਨਕਸ਼ੇ ਉੱਪਰ ਦਰਸਾਏ ਗਏ ਪੰਜ ਬਿੰਦੂਆਂ ਤੇ ਢੁੱਕਵੇਂ ਸਥਾਨ ਲਿਖੋ। ਲੜਾਈਆਂ ਦਾ ਸਾਲ ਵੀ ਭਰੋ।

ਜਾਂ

Visually Impaired ਲਈ : ਚੱਪੜਚਿੜੀ (ਸਰਹਿੰਦ) ਦੀ ਲੜਾਈ ਦਾ ਹਾਲ ਲਿਖੋ।

**(ਨਕਸ਼ੇ) (ਇਤਿਹਾਸ)**

**ਪਾਠ-8 (ਅੰਗਰੇਜ਼ਾਂ ਅਤੇ ਸਿੱਖਾਂ ਦੇ ਯੁੱਧ ਅਤੇ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜਾ।)**

ਪਹਿਲੇ ਐਂਗਲੋ-ਸਿੱਖ ਯੁੱਧ ਦੀਆਂ ਲੜਾਈਆਂ ਦੇ ਨਕਸ਼ੇ ਉੱਪਰ ਦਰਸਾਏ ਗਏ ਪੰਜ ਬਿੰਦੂਆਂ ਤੇ ਢੁੱਕਵੇਂ ਸਥਾਨ ਭਰੋ। ਲੜਾਈਆਂ ਦਾ ਸਾਲ ਵੀ ਲਿਖੋ।

ਜਾਂ

Visually Impaired ਲਈ : ਪਹਿਲੇ ਐਂਗਲੋ ਸਿੱਖ ਯੁੱਧ ਤੇ ਬਾਅਦ ਅੰਗਰੇਜਾਂ ਨੇ ਪੰਜਾਬ ਨੂੰ ਆਪਣੇ ਕਬਜ਼ੇ ਵਿੱਚ ਕਿਉਂ ਨਾ ਕੀਤਾ? ਕਾਰਨ ਦੱਸੋ।

**(ਨਕਸ਼ੇ) (ਇਤਿਹਾਸ)**

**ਪਾਠ-8 (ਅੰਗਰੇਜ਼ਾਂ ਅਤੇ ਸਿੱਖਾਂ ਦੇ ਯੁੱਧ ਅਤੇ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜਾ।)**

ਪਹਿਲੇ ਐਂਗਲੋ-ਸਿੱਖ ਯੁੱਧ ਦੀਆਂ ਲੜਾਈਆਂ ਦੇ ਨਕਸ਼ੇ ਉੱਪਰ ਦਰਸਾਏ ਗਏ ਪੰਜ ਬਿੰਦੂਆਂ ਤੇ ਢੁੱਕਵੇਂ ਸਥਾਨ ਭਰੋ। ਲੜਾਈਆਂ ਦਾ ਸਾਲ ਵੀ ਲਿਖੋ।

ਜਾਂ

Visually Impaired ਲਈ : ਪਹਿਲੇ ਐਂਗਲੋ ਸਿੱਖ ਯੁੱਧ ਤੇ ਬਾਅਦ ਅੰਗਰੇਜਾਂ ਨੇ ਪੰਜਾਬ ਨੂੰ ਆਪਣੇ ਕਬਜ਼ੇ ਵਿੱਚ ਕਿਉਂ ਨਾ ਕੀਤਾ? ਕਾਰਨ ਦੱਸੋ।

ਵਿਸ਼ਾ :- ਨਗਰਿਕ ਸ਼ਾਸਤਰ

ਲੜੀ ਨੰ

# ਪਾਠ-1● (ਭਾਰਤੀ ਸੰਵਿਧਾਨ ਦੀਆਂ ਵਿਸ਼ੇਸ਼ਤਾਵਾਂ)

## ਬਹੁ-ਵਿਕਲਪੀ ਪ੍ਰਸ਼ਨ

1. ਪ੍ਰਸ਼ਨ:-ਭਾਰਤੀ ਸਵਿਧਾਨ ਦੇ ਅਨੁਛੇਦ ਹਨ:-

   (ੳ) 11● (ਅ) 395

   (ੲ) 12● (ਸ) 9●

   ਉੱਤਰ:-395

2. ਪ੍ਰਸ਼ਨ:-ਰਾਸ਼ਟਰਪਤੀ ਦੀਆ ਸੰਕਟਕਾਲੀਨ ਸ਼ਕਤੀਆਂ ਕਿੰਨੀ ਤਰ੍ਹਾਂ ਦੀਆਂ ਹਨ?

   (ੳ) 3 (ਅ) 17

   (ੲ) 1● (ਸ) 12

   ਉੱਤਰ:-3

3. ਪ੍ਰਸ਼ਨ:-ਭਾਰਤੀ ਨਾਗਰਿਕਾਂ ਨੂੰ ਕਿਹੜਾ ਮੌਲਿਕ ਅਧਿਕਾਰ ਪ੍ਰਾਪਤ ਨਹੀਂ ਹੈ:-

   (ੳ) ਸੁਤੰਤਰਤਾਦਾ ਅਧਿਕਾਰ (ਅ) ਸਮਾਨਤਾ ਦਾ ਅਧਿਕਾਰ

   (ੲ) ਸ਼ੋਸ਼ਣ ਵਿਰੁੱਧ ਅਧਿਕਾਰ (ਸ) ਸੰਪਤੀ ਦਾ ਅਧਿਕਾਰ

   ਉੱਤਰ:-ਸੰਪਤੀ ਦਾ ਅਧਿਕਾਰ

4. ਪ੍ਰਸ਼ਨ:-ਹੇਠ ਲਿਖਿਆ ਵਿੱਚ ਕਿਹੜਾ ਮੌਲਿਕ ਕਰੱਤਵ ਹੈ:-

   (ੳ) ਸੰਵਿਧਾਨ ਦੀ ਪਾਲਨਾ ਕਰਨਾ (ਅ) ਰਾਸ਼ਟਰੀ ਗੀਤ ਦਾ ਸਨਮਾਨ ਕਰਨਾ

   (ੲ) ਰਾਸ਼ਟਰੀ ਝੰਡੇ ਦਾ ਸਨਮਾਨ ਕਰਨਾ (ਸ) ਉਪਰੋਕਤ ਸਾਰੇ

   ਉੱਤਰ:-ਉਪਰੋਕਤ ਸਾਰੇ।

5. ਪ੍ਰਸ਼ਨ:-ਹੇਠ ਲਿਖਿਆਂ ਵਿਚੋਂ ਕਿਹੜੀ ਭਾਰਤੀ ਸੰਵਿਧਾਨ ਦੀ ਵਿਸ਼ੇਸ਼ਤਾ ਹੈ:-

   (ੳ) ਲੰਬਾ ਤੇ ਵਿਸਤਰਿਤ (ਅ) ਲਚਕੀਲਾ ਤੇ ਕਠੋਰ

   (ੲ) ਮੋਲਿਕ ਅਧਿਕਾਰਾਂ ਦਾ ਪ੍ਰਬੰਧ (ਸ) ਉਪਰੋਕਤ ਸਾਰੇ

   ਉੱਤਰ:- ਉਪਰੋਕਤ ਸਾਰੇ।

## ਖਾਲੀ ਥਾਵਾਂ ਭਰੋ

6. ਪ੍ਰਸ਼ਨ:-ਭਾਰਤੀ ਸੰਵਿਧਾਨ ਵਿੱਚ ----ਅਨੁਛੇਦ ਹਨ।

   (ੳ) 395 (ਅ) 11●

   ਉੱਤਰ:-395

7. ਪ੍ਰਸ਼ਨ:-ਭਾਰਤੀ ਸੰਵਿਧਾਨ------ਨੂੰ ਲਾਗੂ ਹੋਇਆ।

   (ੳ) 26 ਜਨਵਰੀ 195● (ਅ) 15 ਅਗਸਤ 1947

   ਉੱਤਰ:-26 ਜਨਵਰੀ 195●

8. ਪ੍ਰਸ਼ਨ:---------- ਇੱਕ ਕਾਨੂੰਨੀ ਦਸਤਾਵੇਜ ਹੈ।

   (ੳ) ਸੰਵਿਧਾਨ (ਅ) ਹਰ ਕਿਤਾਬ

   ਉੱਤਰ:-ਸੰਵਿਧਾਨ

9. ਪ੍ਰਸ਼ਨ:-ਅਧਿਕਾਰ ਅਤੇ ਕਰਤੱਵ ਇਕ ਹੀ -------ਦੇ ਦੋ ਪਾਸੇ ਹਨ।

   (ੳ) ਸਿੱਕੇ (ਅ) ਕਿਤਾਬ

   ਉੱਤਰ:-ਸਿੱਕੇ।

10. ਪ੍ਰਸ਼ਨ:-ਭਾਰਤ ਨੇ -------ਨਾਗਰਿਕਤਾ ਨੂੰ ਅਪਨਾਇਆ ਹੈ।

    (ੳ) ਇਕਹਿਰੀ (ਅ) ਦੋਹਰੀ

    ਉੱਤਰ:-ਇਕਹਿਰੀ

11. ਪ੍ਰਸ਼ਨः-----------ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕੰਮ ਤੇ ਨਹੀਂ ਲਗਾਇਆ ਜਾ ਸਕਦਾ।

(ੳ) 14 ਸਾਲ (ਅ) 18 ਸਾਲ

ਉੱਤਰः-14 ਸਾਲ।

12. ਪ੍ਰਸ਼ਨः-ਭਾਰਤੀ ਸੰਵਿਧਾਨ ਵਿੱਚ----ਅਨੁਸੂਚੀਆਂ ਹਨ।

(ੳ) 15 (ਅ) 12

ਉੱਤਰः-12

## ਸਹੀ-ਗਲਤ

13. ਪ੍ਰਸ਼ਨः-ਭਾਰਤੀ ਸੰਵਿਧਾਨ 26 ਜਨਵਰੀ 195● ਨੂੰ ਲਾਗੂ ਹੋਇਆ।

ਉੱਤਰः-(✓)

14. ਪ੍ਰਸ਼ਨः-ਭਾਰਤੀ ਵਿੱਚ ਦੋਹਰੀ ਨਾਗਰਿਕਤਾ ਦਾ ਸਿਧਾਂਤ ਹੈ।

ਉੱਤਰः(×)

15. ਪ੍ਰਸ਼ਨः-ਰਾਜਪਾਲ ਦੀ ਨਿਯੁਕਤੀ ਪ੍ਰਧਾਨ ਮੰਤਰੀ ਕਰਦਾ ਹੈ।

ਉੱਤਰः-(×)

16. ਪ੍ਰਸ਼ਨः-ਭਾਰਤ ਇੱਕ ਧਰਮ ਨਿਰਪੱਖ ਰਾਜ ਹੈ।

ਉੱਤਰः-(✓)

17. ਪ੍ਰਸ਼ਨः-ਭਾਰਤ ਵਿੱਚ ਸੰਸਦੀ ਸ਼ਾਸ਼ਨ ਪ੍ਰਣਾਲੀ ਹੈ।

ਉੱਤਰः-(✓)

18. ਪ੍ਰਸ਼ਨः-ਮੌਲਿਕ ਅਧਿਕਾਰ ਨਿਆਂ ਯੋਗ ਹਨ।

ਉੱਤਰः-(✓)

19. ਪ੍ਰਸ਼ਨः-ਭਾਰਤ ਦਾ ਸਵਿਧਾਨ ਲਚਕੀਲਾ ਅਤੇ ਕਠੋਰ ਹੈ।

ਉੱਤਰः-(✓)

20. ਨਿਰਦੇਕ ਸਿਧਾਂਤ ਨਿਆਂ ਯੋਗ ਨਹੀ ਹਨ।

ਉੱਤਰः-(✓)

21. ਮਿਲਾਨ ਕਰੋ

| | |
|---|---|
| ਭਾਰਤੀ ਸੰਵਿਧਾਨ ਲਾਗੂ | 26 ਨਵੰਬਰ 195● |
| ਭਾਰਤੀ ਸੰਵਿਧਾਨ ਪਾਸ | 26 ਜਨਵਰੀ 1949 |
| ਮੋਲਿਕ ਅਧਿਕਾਰ | 11 |
| ਮੌਲਿਕ ਕਰੱਤਵ | ●6 |
| ਸੰਵਿਧਾਨ ਵਿੱਚ ਅਨੁਛੇਦ | 12 |
| ਸੰਵਿਧਾਨ ਵਿੱਚ ਅਨੁਸੂਚੀਆਂ | 395 |

ਉੱਤਰः-

| | |
|---|---|
| ਭਾਰਤੀ ਸੰਵਿਧਾਨ ਲਾਗੂ | 26 ਜਨਵਰੀ 195● |
| ਭਾਰਤੀ ਸੰਵਿਧਾਨ ਪਾਸ | 26 ਨਵੰਬਰ 1949 |
| ਮੋਲਿਕ ਅਧਿਕਾਰ | ●6 |
| ਮੌਲਿਕ ਕਰੱਤਵ | 11 |
| ਸੰਵਿਧਾਨ ਵਿੱਚ ਅਨੁਛੇਦ | 395 |
| ਸੰਵਿਧਾਨ ਵਿੱਚ ਅਨੁਸੂਚੀਆਂ | 12 |

## ਇੱਕ ਲਾਈਨ ਵਾਲੇ ਪ੍ਰਸ਼ਨ

22. ਪ੍ਰਸ਼ਨः-ਭਾਰਤੀ ਸੰਵਿਧਾਨ ਕਦੋਂ ਪਾਸ ਹੋਇਆ?

ਉੱਤਰः- 26 ਨਵੰਬਰ 1949

23. ਪ੍ਰਸ਼ਨः-ਭਾਰਤ ਨੇ ਕਿਸ ਕਿਸਮ ਦੀ ਨਾਗਰਿਕਤਾ ਨੂੰ ਅਪਨਾਇਆ ਹੈ?

ਉੱਤਰः- ਇਕਹਿਰੀ

24. ਪ੍ਰਸ਼ਨ:-ਸੰਵਿਧਾਨ ਤੋਂ ਕੀ ਭਾਵ ਹੈ?

ਉੱਤਰ:- ਕਾਨੂੰਨਾਂ ਦਾ ਸੰਗ੍ਰਹਿ

25. ਪ੍ਰਸ਼ਨ:-ਭਾਰਤੀ ਨਾਗਰਿਕਾਂ ਦਾ ਕੋਈ ਇੱਕ ਮੌਲਿਕ ਕਰਤੱਵ ਲਿਖੋ।

ਉੱਤਰ:- ਸੰਵਿਧਾਨ ਦੀ ਪਾਲਣਾ ਕਰਨਾ।

26. ਪ੍ਰਸ਼ਨ:-ਸੰਵਿਧਾਨ ਵਿੱਚ ਕਿੰਨੇ ਅਨੁਛੇਦ ਹਨ?

ਉੱਤਰ:- 395

27. ਪ੍ਰਸ਼ਨ:-ਸੰਵਿਧਾਨ ਵਿੱਚ ਕਿੰਨੀਆਂ ਅਨੁਸੂਚੀਆਂ ਹਨ?

ਉੱਤਰ:- 12

28. ਪ੍ਰਸ਼ਨ:-ਪ੍ਰਸਤਾਵਨਾ ਕਿਨ੍ਹਾ ਸ਼ਬਦਾ ਨਾਲ ਸ਼ੁਰੂ ਹੁੰਦੀ ਹੈ?

ਉੱਤਰ:- ਅਸੀ ਭਾਰਤ ਦੇ ਲੋਕ . . . . . . . . . . . . . . . . . . . . . . . . . . . . . .

## ਚਾਰ ਅੰਕਾਂ ਵਾਲੇ ਪ੍ਰਸ਼ਨ

29. ਪ੍ਰਸ਼ਨ:-ਭਾਰਤੀ ਸੰਵਿਧਾਨ ਦੀਆਂ ਤਿੰਨ ਮੌਲਿਕ ਵਿਸ਼ੇਸ਼ਤਾਵਾਂ ਲਿਖੋ?

ਉੱਤਰ:-1. ਲੰਮਾ ਤੇ ਵਿਸਤਰਿਤ ਸੰਵਿਧਾਨ:- ਭਾਰਤੀ ਸੰਵਿਧਾਨ ਦੁਨੀਆਂ ਦਾ ਸਭ ਤੋਂ ਵੱਡਾ ਤੇ ਵਿਸਤਰਿਤ ਸੰਵਿਧਾਨ ਹੈ। ਇਸ ਵਿਚ 395 ਅਨੁਛੇਦ, 12 ਅਨੁਸੂਚੀਆਂ, 22 ਤੋਂ 25 ਭਾਗ ਹਨ।

2. ਭਾਰਤੀ ਸੰਵਿਧਾਨ ਕਠੋਰ ਅਤੇ ਲਚਕੀਲਾ ਹੈ। ਸੰਵਿਧਾਨ ਦੇ ਕੁੱਝ ਭਾਗ ਨੂੰ ਬਦਲਣਾ ਔਖਾ ਹੈ ਜਦੋਂ ਕਿ ਕੁੱਝ ਭਾਗ ਅਸਾਨੀ ਨਾਲ ਬਦਲਿਆ ਜਾ ਸਕਦਾ ਹੈ।

3. ਭਾਰਤੀ ਸੰਵਿਧਾਨ ਅਧੀਨ ਸੁਤੰਤਰ ਅਤੇ ਨਿਰਪੱਖ ਨਿਆਂ ਪਾਲਿਕਾ ਦੀ ਵਿਵਸਥਾ ਹੈ। ਇਹ ਨਿਆਂਪਾਲਿਕਾ ਬਿਨਾਂ ਕਿਸੇ ਡਰ, ਲਾਲਚ, ਪੱਖਪਾਤ ਤੇ ਦਬਾਅ ਤੋਂ ਆਪਣਾ ਕੰਮ ਕਰਦੀ ਹੈ।

30. ਪ੍ਰਸ਼ਨ:-ਰਾਸ਼ਟਰਪਤੀ ਦੀਆਂ ਤਿੰਨ ਪ੍ਰਕਾਰ ਦੀਆਂ ਸੰਕਟਕਾਲੀਨ ਸ਼ਕਤੀਆਂ ਦਾ ਨਾਂ ਦੱਸੋ?

ਉੱਤਰ:-1. ਰਾਸ਼ਟਰੀ ਸੰਕਟ (ਅਨੁਛੇਦ 352) :- ਕਿਸੇ ਬਾਹਰੀ ਦੇਸ਼ ਵੱਲੋਂ ਹਮਲਾ, ਹਮਲਾ ਹੋਣ ਦਾ ਖਤਰਾ ਜਾਂ ਅੰਦਰੂਨੀ ਵਿਦਰੋਹ ਸਮੇਂ ਸੰਕਟਕਾਲ ਦੀ ਘੋਸ਼ਣਾ।

2. ਰਾਜ ਦਾ ਸੰਵਿਧਾਨ ਸੰਕਟ (ਅਨੁਛੇਦ 356):- ਰਾਜ ਪਾਲ ਦੀ ਰਿਪੋਰਟ ਤੇ ਜਦੋਂ ਪਤਾ ਲੱਗੇ ਕਿ ਉਸ ਰਾਜ ਦਾ ਕੰਮਕਾਜ ਸੰਵਿਧਾਨ ਅਨੁਸਾਰ ਨਾਂ ਚੱਲ ਰਿਹਾ ਹੋਵੇ।

3. ਵਿੱਤੀ ਸੰਕਟ( ਅਨੁਛੇਦ 36●) ਦੇਸ਼ ਵਿਚ ਵਿੱਤੀ ਸੰਕਟ ਆਉਣ ਤੇ ਵਿੱਤੀ ਸਥਿਤੀ ਖਰਾਬ ਹੋਣ ਤੇ ਸੰਕਟਕਾਲ ਦੀ ਘੋੱਣਾ।

## ਛੇ ਅੰਕਾਂ ਵਾਲੇ ਪ੍ਰਸ਼ਨ

31. ਪ੍ਰਸ਼ਨ:-ਸੋਸ਼ਣ ਵਿਰੁੱਧ ਅਧਿਕਾਰ ਦੀ ਵਿਆਖਿਆ ਕਰੋ।

ਉੱਤਰ:-ਸੰਵਿਧਾਨ ਦੇ ਅਨੁਛੇਦ 23 ਅਤੇ 24 ਵਿਚ ਸੋਸਣ ਦੇ ਵਿਰੁੱਧ ਅਧਿਕਾਰ ਸ਼ਾਮਲ ਹੈ। ਇਸ ਅਧਿਕਾਰ ਅਨੁਸਾਰ ਮਨੁੱਖਾਂ ਦਾ ਵਪਾਰ ਕਰਨ, ਬਿਨਾ ਵੇਤਨ ਕੰਮ ਕਰਾਉਣ, ਤੇ ਲੁਟ ਖੁਸਟ ਕਰਨ ਦੀ ਮਨਾਹੀ ਹੈ। 14 ਸਾਲ ਤੋਂ ਘੱਟ ਉਮਰ ਦੇ ਬੱਚਿਆ ਨੂੰ ਕਾਰਖਾਨੇ, ਖਾਨਾ ਜਾਂ ਕਿਸੇ ਅਜਿਹੇ ਕੰਮ ਤੇ ਨਹੀਂ ਲਗਾਇਆ ਜਾ ਸਕਦਾ ਜੋ ਉਹਨਾਂ ਦੀ ਸਿਹਤ ਲਈ ਨੁਕਸਾਨਦੇਹ ਹੋਵੇ।

32. ਪ੍ਰਸ਼ਨ:-ਸੰਵਿਧਾਨ ਬਣਤਰ ਵਿਚ ਸੰਘਾਤਮਕ, ਵਾਸਤਵ ਵਿੱਚ ਇਕਾਤਮਕ ਹੈ ਕਿਵੇ?

ਉੱਤਰ:-ਸੰਘਾਤਮਕ ਵਿਸ਼ੇਸ਼ਤਾਵਾਂ:-

1. ਦੋਹਰਾ ਸ਼ਾਸਨ- ਭਾਰਤ ਵਿਚ ਕੇਂਦਰ ਤੇ ਰਾਜਾਂ ਦਾ ਵੱਖਰਾ ਵੱਖਰਾ ਸ਼ਾਸਨ ਪ੍ਰਬੰਧ ਹੈ।

2. ਲਿਖਤੀ ਸੰਵਿਧਾਨ:- ਕੇਂਦਰ ਤੇ ਰਾਜ ਦੀਆਂ ਵੱਖਰੀਆਂ ਸ਼ਕਤੀਆਂ ਕਾਰਨ ਸੰਵਿਧਾਨ ਲਿਖਤੀ ਹੈ।

3. ਸ਼ਕਤੀਆਂ ਦੀ ਵੰਡ:- ਕੇਂਦਰ ਅਤੇ ਰਾਜਾਂ ਵਿੱਚ ਸੰਘ ਸੂਚੀ, ਰਾਜ ਸੂਚੀ ਤੇ ਸਮਵਰਤੀ ਸੂਚੀ ਅਧੀਨ ਕੇਂਦਰ ਤੇ ਰਾਜਾਂ ਵਿੱਚ ਸ਼ਕਤੀਆ ਵੰਡੀਆਂ ਹੋਈਆਂ ਹਨ।

ਇੱਕਾਤਮਕ ਵਿਸ਼ੇਸ਼ਤਾਵਾਂ:-

1. ਸ਼ਕਤੀਆਂ ਦੀ ਵੰਡ ਕੇਂਦਰ ਦੇ ਪੱਖ ਵਿੱਚ:- ਕੇਂਦਰ ਤੇ ਰਾਜਾਂ ਦੀਆਂ ਸ਼ਕਤੀਆ ਵਿੱਚ ਵਧੇਰੇ ਸ਼ਕਤੀਆਂ ਕੇਂਦਰ ਦੇ ਪੱਖ ਵਿੱਚ ਹਨ ਤੇ ਕੇਂਦਰੀ ਸਰਕਾਰ ਮਜਬੂਤ ਹੈ।

2. ਇਕਹਰੀ ਨਾਗਰਿਕਤਾ:- ਭਾਵੇਂ ਦੇਸ਼ ਵਿੱਚ ਦੋਹਰਾ ਸ਼ਾਸਨ ਹੈ, ਪਰ ਭਾਰਤ ਦੇ ਨਾਗਰਿਕਾਂ ਨੂੰ ਇਕਹਿਰੀ ਨਾਗਰਿਕਤਾ ਭਾਵ ਭਾਰਤ ਦੀ ਨਾਗਕਿਰਤਾ ਹੀ ਪ੍ਰਾਪਤ ਹੈ।

3. ਇਕਹਿਰਾ ਸੰਵਿਧਾਨ:- ਭਾਵੇਂ ਕੇਂਦਰ ਤੇ ਰਾਜਾਂ ਦਾ ਪ੍ਰਬੰਧ ਵੱਖਰਾ ਹੈ ਪਰ ਸਾਰੇ ਦੇਸ਼ ਦਾ ਇੱਕ ਸੰਵਿਧਾਨ ਹੈ ਜਿਸ ਅਨੁਸਾਰ ਦੇਸ਼ ਦਾ ਪ੍ਰਬੰਧ ਚਲਾਇਆ ਜਾਂਦਾ ਹੈ। ਕੇਵਲ ਜੰਮੂ ਕਸ਼ਮੀਰ ਦਾ ਸੰਵਿਧਾਨ ਵੱਖਰਾ ਹੈ।

# ਪਾਠ-11

# ਕੇਂਦਰੀ ਸਰਕਾਰ

## ਬਹੁ-ਵਿਕਲਪੀ ਪ੍ਰਸ਼ਨ

1. ਪ੍ਰਸ਼ਨਃ-ਦੇਸ਼ ਦਾ ਨਾਂਮਾਤਰ ਮੁੱਖੀ ਹੈ।
   (1) ਰਾਜਪਾਲ (2)ਰਾਸ਼ਟਰਪਤੀ (3) ਪ੍ਰਧਾਨਮੰਤਰੀ (4) ਮੰਤਰੀ ਮੰਡਲ
   ਉੱਤਰਃ-ਰਾਸ਼ਟਰਪਤੀ
2. ਪ੍ਰਸ਼ਨਃ-ਰਾਜ ਸਭਾ ਦੇ ਮੈਂਬਰਾਂ ਦਾ ਕਾਰਜਕਾਲ ਹੁੰਦਾ ਹੈ।
   (1) 6 ਸਾਲ (2) 5 ਸਾਲ (3) 2 ਸਾਲ (4)12 ਮਹੀਨੇ
   ਉੱਤਰਃ- 6 ਸਾਲ
3. ਪ੍ਰਸ਼ਨਃ-ਲੋਕ ਸਭਾ ਦੀਆਂ ਬੈਠਕਾਂ ਦੀ ਪ੍ਰਧਾਨਗੀ ਕੌਣ ਕਰਦਾ ਹੈ ?
   (1) ਰਾਸ਼ਟਰਪਤੀ (2) ਪ੍ਰਧਾਨਮੰਤਰੀ (3) ਉਪ ਰਾਸ਼ਟਰਪਤੀ (4)ਸਪੀਕਰ
   ਉੱਤਰਃ-ਸਪੀਕਰ
4. ਪ੍ਰਸ਼ਨਃ-ਸੁਪਰੀਮ ਕੋਰਟ ਦੇ ਜੱਜ ਕਿੰਨੀ ਉਮਰ ਤੱਕ ਕੰਮ ਕਰ ਸਕਦੇ ਹਨ।
   (1)65 ਸਾਲ (2) 5 ਸਾਲ (3) 6 ਸਾਲ (4) ਕੋਈ ਨਹੀਂ
   ਉੱਤਰਃ-65 ਸਾਲ
5. ਪ੍ôਨਃ-ਰਾਸ਼ਟਰਪਤੀ ਦੀਆਂ ਸੰਕਟਕਾਲੀਨ ôਕਤੀਆ ਹਨ।
   (1) 1● (2) 3 (3) 12 (4) 14
   ਉੱਤਰਃ-3
6. ਰਾਸ਼ਟਰਪਤੀ ਦੇ ਅਹੁਦੇ ਲਈ ਘੱਟੋ ਘੱਟ ਉਮਰਃ-
   (ੳ) 25 ਸਾਲ (ਅ) 3● ਸਾਲ (ੲ) 35 ਸਾਲ (ਸ) ਕੋਈ ਨਹੀ
   ਉੱਤਰਃ- 35 ਸਾਲ
7. ਬਜਟ ਨੂੰ ਅੰਤਿਮ ਪ੍ਰਵਾਨਗੀ ਕੌਣ ਦਿੰਦਾ ਹੈਃ-
   ਜ) ਸੰਸਦ (ਅ) ਰਾਸ਼ਟਰਪਤੀ (ੲ) ਪ੍ਰਧਾਨ ਮੰਤਰੀ (ਸ) ਮੰਤਰੀ ਮੰਡਲ
   ਉੱਤਰਃ- ਰਾੱਟਰਪਤੀ

### ਖਾਲੀ ਥਾਂ ਭਰੋ

8. ਪ੍ਰਸ਼ਨਃ-ਭਾਰਤੀ ਸੰਸਦ ਦੇ --------ਸਦਨ ਹਨ।
   (ੳ) 2 (ਅ) 1●
   ਉੱਤਰਃ-2
9. ਪ੍ਰਸ਼ਨਃ-ਦੇਸ਼ ਦਾ ਨਾਮਾਤਰ ਮੁਖੀ ------ਹੁੰਦਾ ਹੈ।
   (ੳ) ਪ੍ਰਧਾਨਮੰਤਰੀ (ਅ) ਰਾਸ਼ਟਰਪਤੀ
   ਉੱਤਰਃ-ਰਾਸ਼ਟਰਪਤੀ
10. ਪ੍ਰਸ਼ਨਃ-ਲੋਕ ਸਭਾ ਦਾ ਕਾਰਜਕਾਲ -----ਹੈ।
    (ੳ) 2 ਸਾਲ (ਅ) 5 ਸਾਲ
    ਉੱਤਰਃ-5 ਸਾਲ
11. ਪ੍ਰਸ਼ਨਃ ਤਿੰਨ ਸੈਨਾਵਾਂ ਥਲ ਸੈਨਾ, ਜਲ ਸੈਨਾ ਅਤੇ ਹਵਾਈ ਸੈਨਾ ਦਾ ਸਰਵ ਉੱਚ ਸੈਨਾਪਤੀ------ ਹੁੰਦਾ ਹੈ।
    (ੳ) ਪ੍ਰਧਾਨਮੰਤਰੀ (ਅ) ਰਾਸ਼ਟਰਪਤੀ
    ਉੱਤਰਃ-ਰਾਸ਼ਟਰਪਤੀ
12. ਪ੍ਰਸ਼ਨਃ-ਰਾਸ਼ਟਰਪਤੀ ਦਾ ਕਾਰਜਕਾਲ ------- ਹੈ।
    (ੳ) 5 ਸਾਲ (ਅ) 1●ਸਾਲ
    ਉੱਤਰਃ-5 ਸਾਲ

13. ਪ੍ਰਸ਼ਨ:-ਰਾਜ ਸਭਾ ਦੀਆਂ ਬੈਠਕਾਂ ਦੀ ਪ੍ਰਧਾਨਗੀ--------ਕਰਦਾ ਹੈ।

(ੳ) ਸਭਾਪਤੀ (ਅ) ਉਪਰਾਸ਼ਟਰਪਤੀ

ਉੱਤਰ:-ਉਪਰਾਸ਼ਟਰਪਤੀ

**ਸਹੀ-ਗਲਤ**

14. ਪ੍ਰਸ਼ਨ:-ਲੋਕ ਸਭਾ ਦਾ ਕਾਰਜਕਾਲ 6 ਸਾਲ ਹੁੰਦਾ ਹੈ।

ਉੱਤਰ:-(×)

15. ਪ੍ਰਸ਼ਨ:-ਬਿੱਲ ਦੋ ਪ੍ਰਕਾਰ ਦੇ ਹੁੰਦੇ ਹਨ।

ਉੱਤਰ:-(✓)

16. ਪ੍ਰਸ਼ਨ:-ਰਾਜ ਸਭਾ ਸੰਸਦ ਦਾ ਉਪਰਲਾ ਸਦਨ ਹੈ।

ਉੱਤਰ:-(✓)

17. ਪ੍ਰਸ਼ਨ:- ਰਾਜ ਸਭਾ ਦੇ 12 ਮੈਂਬਰ ਰਾਸ਼ਟਰਪਤੀ ਨਾਮਜਦ ਕਰਦਾ ਹੈ।

ਉੱਤਰ:- (✓)

18. ਪ੍ਰਸ਼ਨ:- ਪ੍ਰਧਾਨ ਮੰਤਰੀ ਸੈਨਾ ਦਾ ਮੁੱਖੀ ਹੁੰਦਾ ਹੈ।

ਉੱਤਰ:- (×)

19. ਪ੍ਰਸ਼ਨ:- ਪ੍ਰਧਾਨਮੰਤਰੀ ਮੰਤਰੀ ਮੰਡਲ ਦਾ ਮੁੱਖੀ ਹੁੰਦਾ ਹੈ।

ਉੱਤਰ:- (✓)

20. ਸਹੀ ਮਿਲਾਨ ਕਰੋ:-

| | |
|---|---|
| 1.ਰਾਜ ਸਭਾ ਦੇ ਮੈਂਬਰਾਂ ਦਾ ਕਾਰਜਕਾਲ | 25● |
| 2. ਲੋਕ ਸਭਾ ਦਾ ਕਾਰਜਕਾਲ | 6 ਸਾਲ |
| 3. ਰਾਜ ਸਭਾ ਦੇ ਮੈਂਬਰ | ਸਪੀਕਰ |
| 4. ਲੋਕ ਸਭਾ ਦੀਆਂ ਬੈਠਕਾਂ ਦੀ ਪ੍ਰਧਾਨਗੀ | 5 ਸਾਲ |

ਉੱਤਰ:-

| | |
|---|---|
| 1.ਰਾਜ ਸਭਾ ਦੇ ਮੈਂਬਰਾਂ ਦਾ ਕਾਰਜਕਾਲ | 6ਸਾਲ |
| 2. ਲੋਕ ਸਭਾ ਦਾ ਕਾਰਜਕਾਲ | 5 ਸਾਲ |
| 3. ਰਾਜ ਸਭਾ ਦੇ ਮੈਂਬਰ | 25● |
| 4. ਲੋਕ ਸਭਾ ਦੀਆਂ ਬੈਠਕਾਂ ਦੀ ਪ੍ਰਧਾਨਗੀ | ਸਪੀਕਰ |

**ਇੱਕ ਲਾਈਨ ਵਿੱਚ ਉੱਤਰ**

21. ਪ੍ਰਸ਼ਨ:-ਸੰਸਦ ਦੇ ਹੇਠਲੇ ਸਦਨ ਦਾ ਨਾਂ ਲਿਖੋ

ਉੱਤਰ:- ਲੋਕ ਸਭਾ

22. ਪ੍ਰਸ਼ਨ:- ਸੰਸਦ ਦੇ ਉਪਰਲੇ ਸਦਨ ਦਾ ਨਾ ਲਿਖੋ।

ਉੱਤਰ:- ਰਾਜ ਸਭਾ।

23. ਪ੍ਰਸ਼ਨ:- ਰਾਜ ਸਭਾ ਦੀਆ ਬੈਠਕਾਂ ਦੀ ਪ੍ਰਧਾਨਗੀ ਕੌਣ ਕਰਦਾ ਹੈ?

ਉੱਤਰ:- ਉੱਪ ਰਾਸ਼ਟਰਪਤੀ

24. ਪ੍ਰਸ਼ਨ:- ਪੰਜਾਬ ਵਿੱਚੋਂ ਲੋਕ ਸਭਾ ਦੇ ਕਿੰਨੇ ਮੈਂਬਰ ਚੁਣੇ ਜਾਂਦੇ ਹਨ?

ਉੱਤਰ:- 13 ਮੈਂਬਰ

25. ਪ੍ਰਸ਼ਨ:- ਰਾਸ਼ਟਰਪਤੀ ਲੋਕ ਸਭਾ ਦੇ ਕਿੰਨੇ ਮੈਂਬਰ ਨਾਮਜ਼ਦ ਕਰਦਾ ਹੈ?

ਉੱਤਰ:- 2 ਮੈਬਰ।

26. ਪ੍ਰਸ਼ਨ:- ਸੁਪਰੀਮ ਕੋਰਟ ਦੇ ਮੁੱਖ ਜੱਜ ਦੀ ਨਿਯੁਕਤੀ ਕੌਣ ਕਰਦਾ ਹੈ?

ਉੱਤਰ:-ਰਾਸ਼ਟਰਪਤੀ

**4 ਅੰਕਾਂ ਵਾਲੇ ਪ੍ਰਸ਼ਨ**

27. ਪ੍ਰਸ਼ਨ:-ਲੋਕ ਸਭਾ ਦੇ ਮੈਬਰਾਂ ਲਈ ਯੋਗਤਾਵਾਂ ਲਿਖੋ?

ਉੱਤਰ:- 1. ਉਹ ਭਾਰਤ ਦਾ ਨਾਗਰਿਕ ਹੋਵੇ 2. ਉਸ ਦੀ ਉਮਰ ਘੱਟ ਤੋਂ ਘੱਟ 25 ਸਾਲ ਹੋਵੇ 3. ਉਹ ਪਾਗਲ ਜਾਂ ਦੀਵਾਲੀਆਂ ਨਾ ਹੋਵੇ। 4. ਉਹ ਸਰਕਾਰੀ ਪੱਦਵੀਂ ਤੇ ਨਾ ਲੱਗਾ ਹੋਵੇ।

28. ਪ੍ਰਸ਼ਨ:- ਰਾਸ਼ਟਰਪਤੀ ਦੀਆਂ ਵਿਧਾਨਕ ਸ਼ਕਤੀਆਂ ਲਿਖੋ।

ਉੱਤਰ:- 1. ਉਸ ਦੀ ਮਨਜ਼ੂਰੀ ਬਿਨਾਂ ਕੋਈ ਬਿੱਲ ਕਾਨੂੰਨ ਨਹੀਂ ਬਣ ਸਕਦਾ।

2. ਉਹ ਪ੍ਰਧਾਨ ਮੰਤਰੀ ਦੀ ਸਲਾਹ ਨਾਲ ਲੋਕ ਸਭਾ ਨੂੰ ਨਿਸ਼ਚਿਤ ਸਮੇਂ ਤੋਂ ਪਹਿਲਾ ਭੰਗ ਕਰ ਸਕਦਾ ਹੈ।

29. ਪ੍ਰਸ਼ਨ:- ਸੰਸਦ ਦੀਆ ਚਾਰ ਸ਼ਕਤੀਆ ਲਿਖੋ?

ਉੱਤਰ:- 1. ਸੰਸਦ ਸੰਘ ਸੂਚੀ ਤੇ ਸਮਵਰਤੀ ਸੂਚੀ ਦੇ ਵਿਸ਼ਿਆ ਤੇ ਕਾਨੂੰਨ ਬਣਾਉਦੀ ਹੈ।

2. ਸੰਸਦ ਦਾ ਕਾਰਜਪਾਲਿਕਾ ਭਾਵ ਪ੍ਰਧਾਨ ਮੰਤਰੀ ਤੇ ਮੰਤਰੀ ਪਰਿਸ਼ਦ ਤੇ ਪੂਰਾ ਕੰਟਰੋਲ ਹੁੰਦਾ ਹੈ।

3. ਸੰਸਦ ਦਾ ਦੇਸ਼ ਦੇ ਧਨ ਤੇ ਪੂਰਾ ਕੰਟਰੋਲ ਹੁੰਦਾ ਹੈ।

4. ਸੰਸਦ ਰਾਸ਼ਟਰਪਤੀ ਅਤੇ ਸਰਵ ਉੱਚ ਅਦਾਲਤ ਦੇ ਜੱਜ ਵਿਰੁੱਧ ਮਹਾਂਦੋਸ਼ ਦਾ ਮੁਕਦਮਾ ਚਲਾ ਕੇ ਉਸਨੂੰ ਪਦਵੀਂ ਤੋਂ ਹਟਾ ਸਕਦੀ ਹੈ।

30. ਪ੍ਰਸ਼ਨ:- ਸੁਪਰੀਮਕੋਰਟ ਦੇ ਮੁੱਢਲੇ ਅਧਿਕਾਰ ਖੇਤਰ ਦਾ ਵਰਣਨ ਕਰੋ।

ਉੱਤਰ:- ਸੁਪਰੀਮ ਕੋਰਟ ਦੇ ਮੁੱਢਲੇ ਅਧਿਕਾਰ ਖੇਤਰ ਤੋਂ ਭਾਵ ਹੈ ਕਿ ਜੋ ਮਸਲੇ ਸਿੱਧੇ ਸੁਪਰੀਮ ਕੋਰਟ ਵਿੱਚ ਸ਼ੁਰੂ ਹੋ ਸਕਦੇ ਹਨ ਜਿਵੇਂ ਕਿ:-

1. ਭਾਰਤ ਸਰਕਾਰ ਅਤੇ ਇੱਕ ਜਾਂ ਇੱਕ ਤੋਂ ਵੱਧ ਰਾਜਾਂ ਦਾ ਮਸਲਾ।

2. ਦੋ ਜਾਂ ਦੋਂ ਤੋਂ ਵੱਧ ਰਾਜਾਂ ਵਿਚਕਾਰ ਆਪਸੀ ਮਸਲਾ ਮੌਲਿਕ ਅਧਿਕਾਰਾਂ ਸੰਬੰਧੀ ਮੁਕਦਮੇ।

3.ਰਾਸ਼ਟਰਪਤੀ ਤੇ ਉਪਰਾਸ਼ਟਰਪਤੀ ਦੀਆਂ ਚੋਣਾਂ ਸੰਬੰਧੀ ਝਗੜੇ

# ਪਾਠ 12 ( ਰਾਜ ਸਰਕਾਰ)

## ਬਹੁ-ਵਿਕਲਪੀ ਪ੍ਰਸ਼ਨ

1. ਪ੍ਰਸ਼ਨ:- ਰਾਜ ਵਿਧਾਨ ਪਰਿਸ਼ਦ ਧਨ ਬਿਲ ਨੂੰ ਕਿੰਨੇ ਦਿਨਾਂ ਤਕ ਰੋਕ ਸਕਦੀ ਹੈ?
   (ੳ) 12 ਦਿਨਾਂ ਲਈ (ਅ) 13 ਦਿਨਾਂ ਲਈ (ੲ) 14 ਦਿਨਾਂ ਲਈ (ਸ) 15 ਦਿਨਾਂ ਲਈ
   ਉੱਤਰ:- 14 ਦਿਨਾਂ ਲਈ
2. ਪ੍ਰਸ਼ਨ:-ਜਿਲ੍ਹਾ ਪੱਧਰ ਤੇ ਸਭ ਤੋਂ ਵੱਡੀ ਅਦਾਲਤ ਦਾ ਨਾਂ ਦੱਸੋ।
   (ੳ) ਉੱਚ ਅਦਾਲਤ (ਅ)ਸਰਵ ਉੱਚ ਅਦਾਲਤ (ੲ)ਲੋਕ ਅਦਾਲਤ (ਸ)ਸ਼ੈਸ਼ਨ ਜੱਜ ਦੀ ਅਦਾਲਤ
   ਉੱਤਰ:ਸ਼ੈਸ਼ਨ ਜੱਜ ਦੀ ਅਦਾਲਤ।
3. ਪ੍ਰਸ਼ਨ:-ਹੇਠ ਲਿਖੇ ਰਾਜਾਂ ਵਿੱਚੋਂ ਕਿਹੜੇ ਰਾਜਾਂ ਵਿੱਚ ਦੋ ਸਦਨੀ ਵਿਧਾਨਮੰਡਲ ਹੈ?
   (ੳ) ਝਾਰਖੰਡ (ਅ) ਜੰਮੂ ਕਸ਼ਮੀਰ (ੲ) ਕਰਨਾਟਕ (ਸ) ਉਪਰੋਕਤ ਸਾਰੇ
   ਉੱਤਰ:-ਉਪਰੋਕਤ ਸਾਰੇ।
4. ਪ੍ਰਸ਼ਨ:- ਭਾਰਤ ਵਿੱਚ ਕਿੰਨੇ ਰਾਜ ਅਤੇ ਕਿੰਨੇ ਸੰਘੀ ਖੇਤਰ ਹਨ?
   ਉੱਤਰ:-29 ਰਾਜ, 7 ਕੇਂਦਰੀ ਪ੍ਰਦੇਸ਼

**ਖਾਲੀ ਥਾਂ ਭਰੋ**

5. ਪ੍ਰਸ਼ਨ:-ਵਰਤਮਾਨ ਸਮੇਂ ਭਾਰਤ ਵਿੱਚ ਰਾਜਾਂ ਦੀ ਗਿਣਤੀ ----------ਹੈ।
   (ੳ) 29 (ਅ)7
   ਉੱਤਰ:-29
6. ਪ੍ਰਸ਼ਨ:-ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਦੀ ਗਿਣਤੀ ---------ਹੈ।
   (ੳ) 117 (ਅ) 25●
   ਉੱਤਰ:-117
7. ਪ੍ਰਸ਼ਨ:-ਰਾਜਪਾਲ ------ਦਾ ਮੁੱਖੀ ਹੁੰਦਾ ਹੈ।
   (ੳ) ਰਾਜ (ਅ) ਕੇਂਦਰ
   ਉੱਤਰ:-ਰਾਜ
8. ਪ੍ਰਸ਼ਨ:-ਰਾਜ ਸੂਚੀ ਵਿੱਚ ਵਿਸ਼ਿਆਂ ਦੀ ਗਿਣਤੀ ---- ਹੈ।
   (ੳ) 61 (ਅ) 97
   ਉੱਤਰ:-61
9. ਪ੍ਰਸ਼ਨ:-ਹਾਈ ਕੋਰਟ ਦੇ ਜੱਜਾ ਦੀ ਨਿਯੁਕਤੀ----------- ਦੁਆਰਾ ਕੀਤੀ ਜਾਂਦੀ ਹੈ।
   (ੳ) ਰਾਸ਼ਟਰਪਤੀ (ਅ) ਮੁੱਖ ਮੰਤਰੀ
   ਉੱਤਰ:-ਰਾਸ਼ਟਰਪਤੀ
10. ਪ੍ਰਸ਼ਨ:-ਰਾਜ ਦਾ ਸੰਵਿਧਾਨਿਕ ਮੁਖੀ -------ਹੈ।
    (ੳ) ਰਾਸ਼ਟਰਪਤੀ (ਅ) ਰਾਜਪਾਲ
    ਉੱਤਰ:-ਰਾਜਪਾਲ

**ਖਾਲੀ ਥਾਂ ਭਰੋ**

11. ਪ੍ਰਸ਼ਨ:-ਵਰਤਮਾਨ ਸਮੇਂ ਭਾਰਤ ਵਿੱਚ ਰਾਜਾਂ ਦੀ ਗਿਣਤੀ ----------ਹੈ।
    (ੳ) 29 (ਅ)7
    ਉੱਤਰ:-29
12. ਪ੍ਰਸ਼ਨ:- ਵਿਧਾਨ ਸਭਾ ਦੀ ਕਾਰਵਾਈ ਕੌਣ ਚਲਾਉਂਦਾ ਹੈ।
    (ੳ) ਵਿਧਾਨ ਸਭਾ ਦਾ ਸਪੀਕਰ (ਅ) ਮੁੱਖ ਮੰਤਰੀ
    ਉੱਤਰ: ਵਿਧਾਨ ਸਭਾ ਦਾ ਸਪੀਕਰ
13. ਪ੍ਰਸ਼ਨ:-ਰਾਜਪਾਲ ------ਦਾ ਮੁੱਖੀ ਹੁੰਦਾ ਹੈ।
    (ੳ) ਰਾਜ (ਅ) ਕੇਂਦਰ
    ਉੱਤਰ:-ਰਾਜ

14. ਪ੍ਰਸ਼ਨ:-ਰਾਜ ਸੂਚੀ ਵਿੱਚ ਵਿਸ਼ਿਆਂ ਦੀ ਗਿਣਤੀ ---- ਹੈ।
(ੳ) 61 (ਅ) 97
ਉੱਤਰ:-61

15. ਪ੍ਰਸ਼ਨ:-ਹਾਈ ਕੋਰਟ ਦੇ ਜੱਜਾ ਦੀ ਨਿਯੁਕਤੀ -ਦੁਆਰਾ ਕੀਤੀ ਜਾਂਦੀ ਹੈ।
(ੳ) ਰਾਸ਼ਟਰਪਤੀ (ਅ) ਮੁੱਖ ਮੰਤਰੀ
ਉੱਤਰ:-ਰਾਸ਼ਟਰਪਤੀ

16. ਪ੍ਰਸ਼ਨ:-ਰਾਜ ਦਾ ਸੰਵਿਧਾਨਿਕ ਮੁਖੀ ---ਹੈ।
(ੳ) ਰਾਸ਼ਟਰਪਤੀ (ਅ) ਰਾਜਪਾਲ
ਉੱਤਰ:-ਰਾਜਪਾਲ

## ਸਹੀ-ਗਲਤ

17. ਪ੍ਰਸ਼ਨ:-ਭਾਰਤ ਵਿੱਚ ਇਸ ਸਮੇਂ ਰਾਜਾਂ ਦੀ ਗਿਣਤੀ 29 ਹੈ?
ਉੱਤਰ:-(✓)

18. ਪ੍ਰਸ਼ਨ:-ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਹੈ।
ਉੱਤਰ:-(✓)

19. ਪ੍ਰਸ਼ਨ:-ਪੰਜਾਬ ਅਤੇ ਹਰਿਆਣਾ ਕੇਂਦਰ ਸ਼ਾਸ਼ਿਤ ਪ੍ਰਦੇਸ਼ ਹਨ।
ਉੱਤਰ:-(×)

20. ਪ੍ਰਸ਼ਨ:-ਵਿਧਾਨ ਪਰਿਸ਼ਦ ਇੱਕ ਅਸਥਾਈ ਸਦਨ ਹੈ।
ਉੱਤਰ:-(×)

21. ਪ੍ਰਸ਼ਨ:- ਰਾਜ ਦਾ ਸੰਵਿਧਾਨਿਕ ਮੁੱਖੀ ਰਾਸ਼ਟਰਪਤੀ ਹੈ।
ਉੱਤਰ:-(×)

22. ਪ੍ਰਸ਼ਨ:-ਰਾਜਪਾਲ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ।
ਉੱਤਰ:- (✓)

23. ਪ੍ਰਸ਼ਨ:- ਹਾਈਕੋਰਟ ਦੇ ਜੱਜ ਦਾ ਕਾਰਜਕਾਲ 65 ਸਾਲ ਦੀ ਉਮਰ ਤਕ ਹੁੰਦਾ ਹੈ।
ਉੱਤਰ:-(×)

24. ਪ੍ਰਸ਼ਨ:- ਰਾਜ ਦੇ ਹੇਠਲੇ ਸਦਨ ਨੂੰ ਵਿਧਾਨ ਪਰੀਸ਼ਦ ਕਿਹਾ ਜਾਂਦਾ ਹੈ।
ਉੱਤਰ:- (×)

25. ਪ੍ਰਸ਼ਨ:-ਮਿਲਾਨ ਕਰੋ

| | |
|---|---|
| ਵਿਧਾਨ ਸਭਾ ਦੇ ਮੈਂਬਰ ਦਾ ਕਾਰਜਕਾਲ | 6 ਸਾਲ |
| ਵਿਧਾਨ ਪਰਿਸ਼ਦ ਦੇ ਮੈਂਬਰ ਦਾ ਕਾਰਜਕਾਲ | 5 ਸਾਲ |
| ਭਾਰਤ ਵਿਚ ਰਾਜਾ ਦੀ ਗਿਣਤੀ | ਰਾਜਪਾਲ |
| ਰਾਜ ਦਾ ਸੰਵਿਧਾਨਿਕ ਮੁੱਖੀ | 29 |

ਉੱਤਰ:-

| | |
|---|---|
| ਵਿਧਾਨ ਸਭਾ ਦੇ ਮੈਂਬਰ ਦਾ ਕਾਰਜਕਾਲ | 5 ਸਾਲ |
| ਵਿਧਾਨ ਪਰਿਸ਼ਦ ਦੇ ਮੈਂਬਰ ਦਾ ਕਾਰਜਕਾਲ | 6 ਸਾਲ |
| ਭਾਰਤ ਵਿਚ ਰਾਜਾ ਦੀ ਗਿਣਤੀ | 29 |
| ਰਾਜ ਦਾ ਸੰਵਿਧਾਨਿਕ ਮੁੱਖੀ | ਰਾਜਪਾਲ |

## ਇੱਕ ਲਾਈਨ ਵਾਲੇ ਪ੍ਰਸ਼ਨ

26. ਪ੍ਰਸ਼ਨ:-ਰਾਜ ਦੇ ਹੇਠਲੇ ਸਦਨ ਨੂੰ ਕੀ ਕਿਹਾ ਜਾਂਦਾ ਹੈ?
ਉੱਤਰ:-ਰਾਜ ਵਿਧਾਨ ਸਭਾ

27. ਪ੍ਰਸ਼ਨ:-ਪੰਜਾਬ ਵਿਧਾਨ ਸਭਾ ਦੇ ਕਿੰਨੇ ਮੈਂਬਰ ਹਨ?
ਉੱਤਰ:-117

28. ਪ੍ਰਸ਼ਨ:-ਵਿਧਾਨ ਸਭਾ ਦਾ ਕਾਰਜਕਾਲ ਦੱਸੋ।
ਉੱਤਰ:-5 ਸਾਲ

29. ਪ੍ਰਸ਼ਨ:-ਵਿਧਾਨ ਪਰਿਸ਼ਦ ਧਨ ਬਿਲ ਨੂੰ ਕਿੰਨੇ ਦਿਨ ਤੱਕ ਰੋਕ ਸਕਦਾ ਹੈ?

ਉੱਤਰ:-ਕੇਵਲ 14 ਦਿਨਾਂ ਤੱਕ

30. ਪ੍ਰਸ਼ਨ:-ਰਾਜਪਾਲ ਦੀ ਨਿਯੁਕਤੀ ਕਿਸ ਦਆਰਾ ਕੀਤੀ ਜਾਂਦੀ ਹੈ?

ਉੱਤਰ:- ਰਾਸ਼ਟਰਪਤੀ ਰਾਹੀਂ

31. ਪ੍ਰਸ਼ਨ:-ਹਾਈ ਕੋਰਟ ਦੇ ਜੱਜਾ ਦਾ ਕਾਰਜਕਾਲ ਕਿੰਨਾ ਹੁੰਦਾਹੈ?

ਉੱਤਰ:- 62 ਸਾਲ ਦੀ ਉਮਰ ਤੱਕ

## ਚਾਰ ਅੰਕਾਂ ਵਾਲੇ ਪ੍ਰਸ਼ਨ

32. ਪ੍ਰਸ਼ਨ:-ਹਾਈਕੋਰਟ ਦੇ ਜੱਜ ਬਨਣ ਦੀਆਂ ਯੋਗਤਾਵਾਂ ਦਾ ਵਰਣਨ ਕਰੋ?

ਉੱਤਰ:-1. ਭਾਰਤ ਦਾ ਨਾਗਰਿਕ ਹੋਵੇ।

2. ਦਸ ਸਾਲ ਤਕ ਕਿਸੇ ਅਧੀਨ ਅਦਾਲਤ ਵਿੱਚ ਜੱਜ ਰਿਹਾ ਹੋਵੇ।

3. ਕਿਸੇ ਹਾਈ ਕੋਰਟ ਵਿਚ ਦੱਸ ਸਾਲ ਤੱਕ ਵਕਾਲਤ ਕਰ ਚੁੱਕਿਆ ਹੋਵੇ।

33. ਪ੍ਰਸ਼ਨ:-ਰਾਜਪਾਲ ਦੀ ਨਿਯੁਕਤੀ ਤੇ ਨੋਟ ਲਿਖੋ।

ਉੱਤਰ:-ਰਾਜਪਾਲ, ਰਾਜ ਦਾ ਸੰਵਿਧਾਨਕ ਮੁੱਖੀ ਹੈ। ਰਾਜਪਾਲ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਪੰਜ ਸਾਲਾਂ ਲਈ ਕੀਤੀ ਜਾਂਦੀ ਹੈ। ਰਾਜਪਾਲ ਸੰਵਿਧਾਨ ਅਨੁਸਾਰ ਰਾਸ਼ਟਰਪਤੀ ਦੀ ਖੁਸ਼ੀ ਤੱਕ ਅਹੁਦੇ ਤੇ ਰਹਿੰਦਾ ਹੈ।

## ਛੇ ਅੰਕਾਂ ਵਾਲੇ ਪ੍ਰਸ਼ਨ

34. ਪ੍ਰਸ਼ਨ:-ਮੁੱਖ ਮੰਤਰੀ ਦੀ ਨਿਯੁਕਤੀ ਕਿਵੇਂ ਹੁੰਦੀ ਹੈ? ਮੁੱਖ ਮੰਤਰੀ ਦ ਤਿੰਨ ਕਾਰਜ ਦੱਸੋ?

ਉੱਤਰ:-ਮੁੱਖ ਮੰਤਰੀ ਦੀ ਨਿਯੁਕਤੀ ਰਾਜਪਾਲ ਰਾਹੀਂ ਕੀਤੀ ਜਾਂਦੀ ਹੈ। ਰਾਜ ਵਿਧਾਨ ਸਭਾ ਵਿੱਚ ਚੋਣਾ ਤੋਂ ਬਾਅਦ ਸਭ ਤੋਂ ਵੱਡੀ ਪਾਰਟੀ ਦੇ ਨੇਤਾ ਨੂੰ ਰਾਜਪਾਲ ਵੱਲੋਂ ਮੁੱਖ ਮੰਤਰੀ ਬਨਣ ਦਾ ਸੱਦਾ ਦਿੱਤਾ ਜਾਂਦਾ ਹੈ।

ਕਾਰਜ:-1 ਮੁੱਖ ਮੰਤਰੀ, ਮੰਤਰੀ ਪਰਿਸ਼ਦ ਦਾ ਨਿਰਮਾਣ ਕਰਦਾ ਹੈ।

2. ਮੁੱਖ ਮੰਤਰੀ ਮੰਤਰੀਆਂ ਵਿੱਚ ਵਿਭਾਗਾਂ ਦੀ ਵੰਡ ਕਰਦਾ ਹੈ ਅਤੇ ਵਿਭਾਗਾ ਦਾ ਪੁਨਰਗਠਨ ਕਰ ਸਕਦਾ ਹੈ।

3. ਮੁੱਖ ਮੰਤਰੀ ਰਾਜਪਾਲ ਅਤੇ ਮੰਤਰੀ ਪਰਿਸ਼ਦ ਵਿੱਚ ਕੜੀ ਦਾ ਕੰਮ ਕਰਦਾ ਹੈ।

35. ਪ੍ਰਸ਼ਨ:-ਵਿਧਾਨ ਸਭਾ ਦੀ ਬਣਤਰ ਦੱਸੋ। ਵਿਧਾਨ ਸਭਾ ਦੇ 2 ਕਾਰਜਾਂ ਦਾ ਵਰਣਨ ਕਰੋ

ਉੱਤਰ:-ਵਿਧਾਨ ਸਭਾ ਦੇ ਘੱਟੋ ਤੋਂ ਘੱਟ 6● ਅਤੇ ਵੱਧ ਤੋਂ ਵੱਧ 5●● ਮੈਂਬਰ ਹੋ ਸਕਦੇ ਹਨ। ਪੰਜਾਬ ਵਿਧਾਨ ਸਭਾ ਦੇ 117 ਮੈਂਬਰ ਹਨ। ਵਿਧਾਨ ਸਭਾ ਦੇ ਮੈਂਬਰਾਂ ਦੀ ਚੋਣ ਪ੍ਰਤੱਖ ਰੂਪ ਵਿੱਚ ਲੋਕਾਂ ਦੁਆਰਾ ਕੀਤੀ ਜਾਂਦੀ ਹੈ।

ਕਾਰਜ :- 1. ਕਾਨੂੰਨ ਬਣਾਉਣਾ:- ਰਾਜ ਵਿਧਾਨ ਸਭਾ ,ਰਾਜ ਸੂਚੀ ਦੇ ਵਿਸ਼ਿਆਂ ਤੇ ਕਾਨੂੰਨ ਬਣਾਉਂਦੀ ਹੈ। ਇਹ ਸਮਵਰਤੀ ਸੂਚੀ ਤੇ ਵੀ ਕਾਨੂੰਨ ਬਣਾ ਸਕਦੀ ਹੈ।

2. ਵਿਤੀ ਕਾਰਜ:- ਰਾਜ ਵਿਧਾਨ ਸਭਾ ਦਾ ਰਾਜ ਦੇ ਵਿਤ ਤੇ ਪੂਰਾ ਕੰਟਰੋਲ ਹੁੰਦਾਹੈ। ਨਵੇਂ ਕਰ ਲਗਾਉਣੇ, ਘਟਾਉਣੇ ਜਾਂ ਸਮਾਪਤ ਕਰਨ ਦੀ ਪ੍ਰਵਾਨਗੀ ਰਾਜ ਵਿਧਾਨ ਸਭਾ ਦਿੰਦੀ ਹੈ। ਇਹ ਬਜਟ ਨੂੰ ਪ੍ਰਵਾਨਗੀ ਦਿੰਦੀ ਹੈ।

# ਪਾਠ-13 ਭਾਰਤੀ ਲੋਕਤੰਤਰ ਦਾ ਸਰੂਪ

## ਬਹੁ-ਵਿਕਲਪੀ ਪ੍ਰਸ਼ਨ

1. ਪ੍ਰਸ਼ਨः-ਲੋਕਤੰਤਰ ਦੀ ਸਥਾਪਨਾ ਦੇ ਸਿਧਾਂਤ ਹਨः-
(ੳ) ਸਮਾਨਤਾ (ਅ) ਸੁਤੰਤਰਤਾ (ੲ) ਭਾਈਚਾਰਾ (ਹ) ਉਪਰੋਕਤ ਸਾਰੇ
ਉੱਤਰः-ਉਪਰੋਕਤ ਸਾਰੇ
2. ਪ੍ਰਸ਼ਨः-ਲੋਕਮਤ ਦੇ ਨਿਰਮਾਣ ਦੇ ਸਾਧਨ ਹਨः-
(ੳ) ਰਾਜਨੀਤਿਕ ਦਲ (ਅ) ਅਖਬਾਰਾਂ (ੲ) ਰੇਡੀਓ ਅਤੇ ਟੈਲੀਵਿਜਨ (ਸ) ਉਪਰੋਕਤ ਸਾਰੇ।
ਉੱਤਰः-ਉਪਰੋਕਤ ਸਾਰੇ
3. ਪ੍ਰਸ਼ਨः-ਹੇਠ ਲਿਖਿਆ ਦਲ ਰਾਸ਼ਟਰੀ ਦਲ ਹੈः-
(ੳ) ਭਾਰਤੀ ਜਨਤਾ ਪਾਰਟੀ (ਬੀ.ਜੇ.ਪੀ.)
(ਅ) ਇੰਡੀਅਨ ਨੈਸ਼ਨਲ ਕਾਂਗਰਸ ( ਆਈ.ਐਨ. ਸੀ.)
(ੲ) ਮਾਰਕਸਵਾਦ (ਭਾਰਤੀ ਕਮਿਉਨਿਸਟ ਪਾਰਟੀ)
(ਸ) ਉਪਰੋਕਤ ਸਾਰੇ।
ਉੱਤਰः-ਉਪਰੋਕਤ ਸਾਰੇ।
4. ਪ੍ਰਸ਼ਨः-ਰਾਜਨੀਤਿਕ ਦਲਾ ਦੇ ਕਾਰਜ ਹਨः-
(ੳ) ਚੋਣ ਲੜਨਾ।
(ਅ) ਸਰਕਾਰ ਦੀ ਆਲੋਚਨਾ ਕਰਨਾ।
(ੲ) ਲੋਕਾਂ ਨੂੰ ਰਾਜਨੀਤਿਕ ਸਿੱਖਿਆ ਦੇਣਾ।
(ਸ) ਉਪਰੋਕਤ ਸਾਰੇ
ਉੱਤਰः-ਉਪਰੋਕਤ ਸਾਰੇ
5. ਪ੍ਰਸ਼ਨः-ਚੰਗੇ ਲੋਕਮਤ ਦੇ ਨਿਰਮਾਣ ਵਿਚ ਰੁਕਾਵਟਾः-
(ੳ) ਗਰੀਬੀ
(ਅ) ਅਨਪੜ੍ਹਤਾ
(ੲ) ਬੇਰੁਜਗਾਰੀ
(ਸ) ਉਪਰੋਕਤ ਸਾਰੇ
ਉੱਤਰः-ਉਪਰੋਕਤ ਸਾਰੇ।
6. ਪ੍ਰਸ਼ਨः- ਇਨ੍ਹਾਂ ਵਿੱਚ ਖੇਤਰੀ ਦਲ ਹੈः-
(ੳ) ਭਾਰਤੀ ਰਾਸ਼ਟਰੀ ਕਾਂਗਰਸ
(ਅ) ਭਾਰਤੀ ਜਨਤਾ ਪਾਰਟੀ
(ੲ) ਭਾਰਤੀ ਕਮਿਊਨਿਸ਼ਟ ਪਾਰਟੀ
(ਸ)ਸ਼੍ਰੋਮਣੀ ਅਕਾਲੀ ਦਲ।
ਉੱਤਰः-ਸ਼੍ਰੋਮਣੀ ਅਕਾਲੀ ਦਲ।
7. ਪ੍ਰਸ਼ਨः-ਲੋਕਤੰਤਰ ਦੀ ਸਫ਼ਲਤਾ ਲਈ ਜਰੂਰੀ ਹੈः-
(ੳ) ਨਿਰਪੱਖ ਨਿਆਪਾਲਿਕਾਂ
(ਅ) ਸੁਤੰਤਰ ਤੇ ਇਮਾਨਦਾਰ ਪ੍ਰੈੱਸ
(ੲ) ਜਾਗੂਰਿਕ ਨਾਗਰਿਕ
(ਸ) ਉਪਰੋਕਤ ਸਾਰੇ।
ਉੱਤਰः-ਉੱਪਰੋਕਤ ਸਾਰੇ।

8. ਪ੍ਰਸ਼ਨ:-ਭਾਰਤ ਵਿੱਚ ਨਾਗਰਿਕਾਂ ਨੂੰ ਵੋਟ ਪਾਉਣ ਦਾ ਅਧਿਕਾਰ ਮਿਲਦਾ ਹੈ:-
(ੳ) 18 ਸਾਲ ਦੀ ਉਮਰ ਪੂਰੀ ਹੋਣ ਤੇ
(ਅ) 21 ਸਾਲ ਦੀ ਉਮਰ ਪੂਰੀ ਹੋਣ ਤੇ
(ੲ) 23 ਸਾਲ ਦੀ ਉਮਰ ਪੂਰੀ ਹੋਣ ਤੇ
(ਸ)25 ਸਾਲ ਦੀ ਉਮਰ ਪੂਰੀ ਹੋਣ ਤੇ
ਉੱਤਰ:-18 ਸਾਲ ਦੀ ਉਮਰ ਪੂਰੀ ਹੋਣ ਤੇ

**ਖਾਲੀ ਥਾਂ ਭਰੋ**

9. ਪ੍ਰਸ਼ਨ:-ਭਾਰਤ ਦਾ ਰਾਸ਼ਟਰਪਤੀ ਲੋਕਾਂ ਦੁਆਰਾ------ਰੂਪ ਨਾਲ ਚੁਣਿਆ ਜਾਂਦਾ ਹੈ।
(ੳ) ਪ੍ਰਤੱਖ (ਅ) ਅਪ੍ਰਤੱਖ
ਉੱਤਰ:-ਅਪ੍ਰਤੱਖ

10. ਪ੍ਰਸ਼ਨ:-ਭਾਰਤ ਵਿੱਚ-ਚੋਣ ਪ੍ਰਣਾਲੀ ਦੀ ਵਿਵਸਥਾ ਕੀਤੀ ਗਈ ਹੈ।
(ੳ) ਸੰਯੁਕਤ (ਅ) ਸੰਪਰਦਾਇਕ
ਉੱਤਰ:-ਸੰਯੁਕਤ

11. ਪ੍ਰਸ਼ਨ:-ਚੋਣ ਘੋਸ਼ਣਾ ਪੱਤਰ-------ਵਲੋਂ ਤਿਆਰ ਕੀਤੇ ਜਾਂਦੇ ਹਨ।
(ੳ) ਚੋਣ ਆਯੋਗ (ਅ) ਰਾਜਨੀਤਿਕ ਦਲਾਂ
ਉੱਤਰ:-ਰਾਜਨੀਤਿਕ ਦਲਾਂ

12. ਪ੍ਰਸ਼ਨ:-ਚੋਣ ਮੁਹਿੰਮ------------- ਵਲੋਂ ਚਲਾਈ ਜਾਂਦੀ ਹੈ।
(ੳ) ਰਾਜਨੀਤਿਕ ਦਲਾਂ (ਅ) ਚੋਣ ਆਯੋਗ
ਉੱਤਰ:-ਰਾਜਨੀਤਿਕ ਦਲਾਂ

13. ਪ੍ਰਸ਼ਨ:-ਭਾਰਤ ਵਿੱਚ------ਸ਼ਾਸਨ ਪ੍ਰਣਾਲੀ ਪਾਈ ਜਾਂਦੀ ਹੈ।
(ੳ) ਲੋਕਤੰਤਰੀ (ਅ) ਤਾਨਾਸ਼ਾਹੀ
ਉੱਤਰ:-ਲੋਕਤੰਤਰੀ

**ਸਹੀ-ਗਲਤ**

14. ਪ੍ਰਸ਼ਨ:-ਲੋਕਤੰਤਰ ਲੋਕਾਂ ਦਾ, ਲੋਕਾ ਲਈ ਅਤੇ ਲੋਕਾ ਦੁਆਰਾ ਸ਼ਾਸ਼ਨ ਹੁੰਦਾ ਹੈ।
ਉੱਤਰ:-(✓ )

15. ਪ੍ਰਸ਼ਨ:- ਲੋਕਤੰਤਰੀ ਰਾਜ ਨਾਗਰਿਕਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖਲ ਦਿੰਦਾ ਹੈ।
ਉੱਤਰ:-( × )

16. ਪ੍ਰਸ਼ਨ:- ਲੋਕਤੰਤਰੀ ਰਾਜ ਵਿਚ ਚੋਣਾਂ ਨਹੀਂ ਕਰਵਾਈਆਂ ਜਾਂਦੀਆ।
ਉੱਤਰ:(×)

17. ਪ੍ਰਸ਼ਨ:- ਲੋਕਮਤ ਵਿਚ ਲੋਕ ਭਲਾਈ ਦੀ ਭਾਵਨਾ ਛੁਪੀ ਹੁੰਦੀ ਹੈ?
ਉੱਤਰ:-(✓)

18. ਪ੍ਰਸ਼ਨ:- ਰਾਜਨੀਤਿਕ ਦਲ ਲੋਕਾਂ ਨੂੰ ਰਾਜਨੀਤਿਕ ਸਿੱਖਿਆ ਦੇਣ ਦਾ ਕੰਮ ਕਰਦੇ ਹਨ।
ਉੱਤਰ:- (✓)

19. ਪ੍ਰਸ਼ਨ:- ਵਰਤਮਾਨ ਸਮੇਂ ਸੰਸਾਰ ਦੇ ਬਹੁਤ ਦੇਸ਼ਾਂ ਨੇ ਲੋਕਤੰਤਤਰੀ ਸ਼ਾਸ਼ਨ ਪ੍ਰਣਾਲੀ ਨੂੰ ਅਪਣਾਇਆ ਹੈ।
ਉੱਤਰ:-( ✓)

20. ਪ੍ਰਸ਼ਨ:-ਸੰਵਿਧਾਨ ਦੀ ਪ੍ਰਸਤਾਵਨਾ ਅਨੁਸਾਰ ਭਾਰਤ ਨੂੰ ਲੋਕਤੰਤਰੀ ਗਣਰਾਜ ਬਣਾਇਆ ਗਿਆ ਹੈ?
ਉੱਤਰ:-(✓)

21. ਪ੍ਰਸ਼ਨ:-ਸ਼੍ਰੋਮਣੀ ਅਕਾਲੀ ਦਲ ਇੱਕ ਰਾਸ਼ਟਰੀ ਰਾਜਨੀਤਿਕ ਦਲ ਹੈ।
ਉੱਤਰ:-(×)

22. ਪ੍ਰਸ਼ਨ:-ਲੋਕਤੰਤਰੀ ਰਾਜਾਂ ਵਿੱਚ ਵਿਰੋਧੀ ਦਲ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਂਉਂਦੇ ਹਨ?
ਉੱਤਰ:-(✓)

23. ਪ੍ਰਸ਼ਨ:-ਭਾਰਤ ਵਿੱਚ ਚੋਣ: ਦਾ ਪ੍ਰਬੰਧ ਚੋਣ ਕਮਿਸ਼ਨ ਜਾਂ ਭਾਰਤੀ ਚੋਣ ਆਯੋਗ ਕਰਦਾ ਹੈ?
ਉੱਤਰ:-(✓)

24. ਪ੍ਰਸ਼ਨ:-ਲੋਕਮਤ ਵਿੱਚ ਲੋਕਾਂ ਦੀ ਕੋਈ ਭੂਮਿਕਾ ਨਹੀਂ ਹੁੰਦੀ ਹੈ।
ਉੱਤਰ:-(×)
25. ਪ੍ਰਸ਼ਨ:-ਭਾਰਤ ਵਿੱਚ ਗੁਪਤ ਮਤਦਾਨ ਪ੍ਰਕਿਰਿਆ ਨੂੰ ਅਪਣਾਇਆ ਗਿਆ ਹੈ।
ਉੱਤਰ:-(✓)
26. ਪ੍ਰਸ਼ਨ:-ਸੁਤੰਤਰਤਾ ਤੇ ਸਮਾਨਤਾ ਲੋਕਤੰਤਰ ਦੇ ਦੋ ਮਹੱਤਵਪੂਰਨ ਸਿਧਾਂਤ ਹਨ।
ਉੱਤਰ:-(✓)
27. ਸਹੀ ਮਿਲਾਨ ਕਰੋ
ਪ੍ਰਸ਼ਨ:-

| ਰਾਜਨੀਤਿਕ ਦਲ | ਚੋਣ ਨਿਸ਼ਾਨ |
|---|---|
| 1) ਭਾਰਤੀ ਜਨਤਾ ਪਾਰਟੀ | ਹਾਥੀ |
| 2) ਭਾਰਤੀ ਰਾਸ਼ਟਰੀ ਕਾਂਗਰਸ | ਕਮਲ ਦਾ ਫੁੱਲ |
| 3) ਬਹੁਜਨ ਸਮਾਜ ਪਾਰਟੀ | ਹੱਥ (ਪੰਜਾ) |

ਉੱਤਰ:-

| ਰਾਜਨੀਤਿਕ ਦਲ | ਚੋਣ ਨਿਸ਼ਾਨ |
|---|---|
| 1) ਭਾਰਤੀ ਜਨਤਾ ਪਾਰਟੀ | ਕਮਲ ਦਾ ਫੁੱਲ |
| 2) ਭਾਰਤੀ ਰਾਸ਼ਟਰੀ ਕਾਂਗਰਸ | ਹੱਥ (ਪੰਜਾ) |
| 3) ਬਹੁਜਨ ਸਮਾਜ ਪਾਰਟੀ | ਹਾਥੀ |

## ਇੱਕ ਲਾਈਨ ਵਾਲੇ ਪ੍ਰਸ਼ਨ

28. ਪ੍ਰਸ਼ਨ:-ਰਾਜਨੀਤਿਕ ਦਲਾਂ ਨੂੰ ਚੋਣ ਨਿਸ਼ਾਨ ਕੌਣ ਅਲਾਟ ਕਰਦਾ ਹੈ?
ਉੱਤਰ:-ਮੁੱਖ ਚੋਣ ਆਯੋਗ
29. ਪ੍ਰਸ਼ਨ:-ਕਿਸੇ ਇੱਕ ਰਾਸ਼ਟਰੀ ਰਾਜਨੀਤਿਕ ਦਲ ਦਾ ਨਾਂ ਲਿਖੋ।
ਉੱਤਰ:-ਬਹੁਜਨ ਸਮਾਜ ਪਾਰਟੀ
30. ਪ੍ਰਸ਼ਨ:-ਕਿਸੇ ਇਕ ਖੇਤਰੀ ਰਾਜਨੀਤਿਕ ਦਲ ਦਾ ਨਾਂ ਲਿਖੋ।
ਉੱਤਰ:-ਨੈਸ਼ਨਲ ਕਾਨਫਰੰਸ
31. ਪ੍ਰਸ਼ਨ:-ਇੰਡੀਅਨ ਨੈਸ਼ਨਲ ਕਾਂਗਰਸ ਦਾ ਚੋਣ ਨਿਸ਼ਾਨ ਕੀ ਹੈ?
ਉੱਤਰ:-ਹੱਥ (ਪੰਜਾ)
32. ਪ੍ਰਸ਼ਨ:-ਭਾਰਤ ਵਿੱਚ ਚੋਣਾਂ ਦਾ ਪ੍ਰਬੰਧ ਕੌਣ ਕਰਦਾ ਹੈ?
ਉੱਤਰ:-ਚੋਣ ਕਮਿਸ਼ਨ
33. ਪ੍ਰਸ਼ਨ:-ਪ੍ਰਤੱਖ ਚੋਣ ਦਾ ਕੋਈ ਇੱਕ ਉਦਾਹਰਨ ਦਿਓ।
ਉੱਤਰ:-ਗ੍ਰਾਮ ਪੰਚਾਇਤ ਦੀ ਚੋਣ।

## ਚਾਰ ਅੰਕਾਂ ਵਾਲੇ ਪ੍ਰਸ਼ਨ

34. ਪ੍ਰਸ਼ਨ:-ਲੋਕਤੰਤਰ ਦਾ ਅਰਥ ਅਤੇ ਦੋ ਰੂਪਾਂ ਦਾ ਵਰਨਣ ਕਰੋ?
ਉੱਤਰ:-ਲੋਕਤੰਤਰ ਨੂੰ ਅੰਗਰੇਜ਼ੀ ਵਿੱਚ ਡੇਮੋਕ੍ਰੇਸੀ ਕਿਹਾ ਜਾਂਦਾ ਹੈ । ਡ੍ਰੇਮੋਕੇਸੀ ਗਰੀਕ ਭਾਸ਼ਾ ਦੇ ਦੋ ਸ਼ਬਦਾਂ- ਡੈਮੋਸ ਅਤੇ ਕ੍ਰੇਤੀਆਂ ਤੋਂ ਮਿਲ ਕੇ ਬਣਿਆ ਹੈ। ਡਿਮੋਸ ਦਾ ਅਰਥ ਲੋਕ ਅਤੇ ਕ੍ਰੇਤੀਆਂ ਦਾ ਭਾਵ ਸ਼ਾਸ਼ਨ- ਇਸ ਲਈ ਡੈਮੋਕ੍ਰੇਸੀ ਤੋਂ ਭਾਵ ਪਰਜਾ ਦਾ ਸ਼ਾਸਨ ਹੈ।
ਲੋਕਤੰਤਰ ਦੇ ਦੋ ਰੂਪ ਹਨ:-
(1) ਪ੍ਰਤੱਖ ਲੋਕਤੰਤਰ :- ਪ੍ਰਤੱਖ ਲੋਕਤੰਤਰ ਵਿਚ ਜਨਤਾ ਆਪ ਸ਼ਾਸ਼ਨ ਕਰਦੀ ਹੈ ਤੇ ਸਾਰੀ ਸ਼ਕਤੀ ਜਨਤਾ ਦੇ ਹੱਥ ਵਿਚ ਹੈ।
(2) ਅਪ੍ਰੱਤਖ ਲੋਕਤੰਤਰ:- ਅਪ੍ਰੱਤਖ ਲੋਕਤੰਤਰ ਵਿਚ ਜਨਤਾ ਆਪਣੇ ਨੁਮਾਇੰਦੇ ਚੁਣਦੀ ਹੈ ਤੇ ਉਹ ਨੁਮਾਇੰਦੇ ਅੱਗੇ ਸ਼ਾਸ਼ਨ ਕਰਦੇ ਹਨ।

35. ਪ੍ਰਸ਼ਨ:-ਬਾਲਗ ਮਤ ਅਧਿਕਾਰ ਦਾ ਅਰਥ ਦੱਸੋ ਤੇ ਇਸਦੀ ਮਹੱਤਤਾ ਦੱਸੋ।

ਉੱਤਰ:-ਇੱਕ ਨਿਸ਼ਚਤ ਉਮਰ ਤੇ ਪਹੁੰਚਣ ਵਾਲੇ ਹਰੇਕ ਪੁਰਖ ਅਤੇ ਇਸਤਰੀ ਨੂੰ ਬਿਨ੍ਹਾਂ ਕਿਸੇ ਭੇਦ ਭਾਵ ਦੇ ਵੋਟ ਦੇਣ ਦਾ ਸਮਾਨ ਅਧਿਕਾਰ ਹੋਵੇ ਤਾਂ ਉਸਨੂੰ ਬਾਲਗ ਮਤ ਅਧਿਕਾਰ ਕਿਹਾ ਜਾਂਦਾ ਹੈ। ਭਾਰਤ ਵਿਚ ਬਾਲਗ ਮਤ ਅਧਿਕਾਰ ਦੀ ਉਮਰ 18 ਸਾਲ ਨਿਸ਼ਚਤ ਕੀਤੀ ਗਈ ਹੈ।

ਬਾਲਗ ਮਤ ਅਧਿਕਾਰ ਰਾਹੀਂ ਨਾਗਰਿਕਾਂ ਵਿੱਚ ਸਵੈ ਮਾਨ ਦੀ ਭਾਵਨਾ ਪੈਦਾ ਹੁੰਦੀ ਹੈ। ਕਾਨੂੰਨ ਸਾਰੇ ਨਾਗਰਿਕਾਂ ਤੇ ਸਮਾਨ ਲਾਗੂ ਹੁੰਦੇ ਹਨ। ਇਸ ਲਈ ਕਾਨੂੰਨ ਬਨਾਉਣ ਵਾਲਿਆਂ ਨੂੰ ਚੁਨਣ ਦਾ ਅਧਿਕਾਰ ਵੀ ਸਾਰੇ ਨਾਗਰਿਕਾਂ ਨੂੰ ਦੇਣਾ ਚਾਹੀਦਾ ਹੈ। ਬਾਲਗ ਮਤ ਅਧਿਕਾਰ ਰਾਹੀਂ ਨੁਮਾਇੰਦੇ ਚੁਣ ਕੇ ਸ਼ਾਸ਼ਨ ਵਿੱਚ ਭਾਗ ਲੈਣ ਦਾ ਅਧਿਕਾਰ ਸਭ ਨੂੰ ਸਮਾਨ ਮਿਲਦਾ ਹੈ ਤੇ ਰਾਸ਼ਟਰੀ ਏਕਤਾ ਵੱਧਦੀ ਹੈ।

## ਛੇ ਅੰਕਾਂ ਵਾਲੇ ਪ੍ਰਸ਼ਨ

36. ਪ੍ਰਸ਼ਨ:- ਭਾਰਤੀ ਜਨਤਾ ਪਾਰਟੀ ਤੇ ਨੋਟ ਲਿਖੋ ਅਤੇ ਇਸਦੇ ਵਰਤਮਾਨ ਪ੍ਰਧਾਨ ਅਤੇ ਚੋਣ ਨਿਸ਼ਾਨ ਬਾਰੇ ਜਾਣਕਾਰੀ ਦਿਉ।

ਉੱਤਰ:- ਭਾਰਤੀ ਜਨਤਾ ਪਾਰਟੀ ਨੂੰ ਜਨ ਸੰਘ ਦਾ ਦੂਜਾ ਰੂਪ ਮੰਨਿਆ ਜਾਂਦਾ ਹੈ ਜਨਸੰਘ ਪਾਰਟੀ ਦੇ ਜਨਮਦਾਤਾ ਹਿੰਦੂ ਮਹਾਂ ਸਭਾ ਦੇ ਪ੍ਰਸਿੱਧ ਨੇਤਾ ਡਾ. ਸਿਆਮਾ ਪ੍ਰਸਾਦ ਮੁਖਰਜੀ ਸਨ। 6 ਅਪ੍ਰੈਲ 1980 ਨੂੰ ਭਾਰਤੀ ਜਨਤਾ ਪਾਰਟੀ ਨਾਂ ਦਾ ਵੱਖਰਾ ਦਲ ਹੋਂਦ ਵਿੱਚ ਆਇਆ ਜਿਸਦੇ ਪ੍ਰਧਾਨ ਸ੍ਰੀ ਅਟਲ ਬਿਹਾਰੀ ਵਾਜਪਾਈ ਸਨ। ਭਾਰਤੀ ਜਨਤਾ ਪਾਰਟੀ ਦਾ ਝੰਡਾ ਹਰੇ ਅਤੇ ਸੰਤਰੀ ਰੰਗ ਵਿੱਚ ਹੈ ਤੇ ਝੰਡੇ ਦੇ ਉਪਰੀ ਹਿੱਸੇ ਵਿੱਚ ਪਾਰਟੀ ਦਾ ਚੋਣ ਨਿਸ਼ਾਨ ਕਮਲ ਦਾ ਫੁੱਲ ਹੈ। ਪਾਰਟੀ ਭਾਰਤ ਦੇ ਲੋਕਤੰਤਰ,ਧਰਮ ਨਿਰਪੱਖਤਾ, ਗਾਂਧੀਵਾਦੀ, ਸਮਾਜਿਕ ਸਿਧਾਂਤ, ਸ਼ਕਤੀਆਂ ਦੇ ਵਿਕੇਂਦਰੀਕਰਣ ਤੇ ਲੋਕਤੰਤਰੀ ਸੰਸਥਾਵਾਂ ਦੇ ਵਿਕਾਸ ਤੇ ਜੋਰ ਦਿੰਦੀ ਹੈ। ਸਾਲ 2014 ਦੀਆਂ 16ਵੀਂ ਲੋਕ ਸਭਾ ਚੋਣਾ ਵਿੱਚ ਸ੍ਰੀ ਨਰਿੰਦਰ ਮੋਦੀ ਜੀ ਦੀ ਅਗਵਾਈ ਵਿੱਚ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ, ਬਹੁਮੱਤ ਨਾਲ ਕੇਂਦਰ ਵਿਚ ਸਰਕਾਰ ਇਸ ਪਾਰਟੀ ਵਲੋਂ ਬਣਾਈ ਗਈ। ਇਸ ਦੇ ਵਰਤਮਾਨ ਪ੍ਰਧਾਨ ਸ੍ਰੀ ਅਮਿਤ ਸ਼ਾਹ ਹਨ।

37. ਪ੍ਰਸ਼ਨ:-ਚੋਣ ਪ੍ਰਕ੍ਰਿਆਂ ਦੇ ਪੜਾਵਾਂ ਦਾ ਵਰਨਣ ਕਰੋ?

ਉੱਤਰ:- ਚੋਣਾ ਦੀ ਮਿਤੀ ਦੀ ਘੋਸ਼ਣਾ ਤੋ. ਲੈ ਕੇ ਨਤੀਜੇ ਘੋਸ਼ਿਤ ਕਰਨ ਤੱਕ ਜਿਸ ਢੰਗ ਨਾਲ ਦੇਸ਼ ਵਿੱਚ ਚੋਣਾ ਕਾਰਵਾਈਆਂ ਜਾਂਦੀਆਂ ਹਨ ਉਸ ਨੂੰ ਚੋਣ ਪ੍ਰਕ੍ਰਿਆ ਕਿਹਾ ਜਾਂਦਾ ਹੈ।

ਪੜਾਅ(1) ਚੋਣ ਖੇਤਰ ਨਿਸ਼ਚਿਤ ਕਰਨਾ

(2) ਮਤਦਾਤਾ ਸੂਚੀਆਂ ਤਿਆਰ ਕਰਨਾ

(3) ਚੋਣ ਮਿਤੀ ਦਾ ਐਲਾਨ

(4) ਨਾਮਜਦਗੀ ਪੱਤਰ ਦਾਖਿਲ ਕਰਨੇ ਅਤੇ ਵਾਪਸ ਲੈਣੇ।

(5) ਚੋਣ ਨਿਸ਼ਾਨ ਅਲਾਟ ਕਰਨੇ

(6) ਚੋਣ ਮੁਹਿੰਮ ਜਾਂ ਚੋਣ ਪ੍ਰਚਾਰ

(7) ਮਤਦਾਨ ਕੇਂਦਰ ਤੇ ਵੋਟਾ ਪੈਣੀਆਂ

(8) ਨਤੀਜੇ ਘੋਸ਼ਿਤ ਕਰਨੇ

(9) ਚੋਣਾ ਸੰਬੰਧੀ ਉਜਰਦਾਰੀਆਂ

# ਪਾਠ-14 (ਭਾਰਤ ਦੀ ਵਿਦੇਸ਼ ਨੀਤੀ ਅਤੇ ਸਯੁੰਕਤ ਰਾਸ਼ਟਰ)

## ਬਹੁ-ਵਿਕਲਪੀ ਪ੍ਰਸ਼ਨ

1. ਪ੍ਰਸ਼ਨ:-ਸੰਯੁਕਤ ਰਾਸ਼ਟਰ ਦੀ ਸਥਾਪਨਾ ਸਮੇਂ ਮੁਢਲੇ ਦੇਸ਼ਾਂ ਦੀ ਗਿਣਤੀ ਕਿੰਨੀ ਸੀ?
(ੳ)54 (ਅ)15 (ੲ)51 (ਸ)193
ਉੱਤਰ:-51
2. ਪ੍ਰਸ਼ਨ:-ਵਰਤਮਾਨ ਸਮੇਂ ਸੰਯੁਕਤ ਰਾਸ਼ਟਰ ਦੇ ਕਿੰਨੇ ਮੈਂਬਰ ਹਨ?
(ੳ)5 (ਅ)193 (ੲ)51 (ਸ)1●
ਉੱਤਰ:- 193
3. ਪ੍ਰਸ਼ਨ:-ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪ੍ਰੀਸ਼ਦ ਦ ਸਥਾਈ ਮੈਂਬਰ ਦੀ ਗਿਣਤੀ ਕਿੰਨੀ ਹੈ?
(ੳ)193 (ਅ)1● (ੲ)15 (ਸ)5
ਉੱਤਰ:-5
4. ਪ੍ਰਸ਼ਨ:-ਸੰਯੁਕਤ ਰਾਸ਼ਟਰ ਦੀ ਸੰਸਦ, ਇਸ ਦੇ ਕਿਸ ਅੰਗ ਨੂੰ ਮੰਨਿਆ ਗਿਆ ਹੈ?
(ੳ)ਆਰਥਿਕ ਤੇ ਸਮਾਜਿਕ ਪ੍ਰੀਸ਼ਦ (ਅ)ਸੁਰੱਖਿਆ ਪ੍ਰੀਸ਼ਦ
(ੲ) ਸਕੱਤਰੇਤ (ਸ) ਮਹਾਂਸਭਾ
ਉੱਤਰ:-ਮਹਾਂਸਭਾ
5. ਪ੍ਰਸ਼ਨ:-ਭਾਰਤ ਦੀ ਵਿਦੇਸ਼ ਨੀਤੀ ਦੇ ਸਿਧਾਂਤ ਹਨ:-
(ੳ)ਗੁਟਨਿਰਲੇਪਤਾ (ਅ)ਪੰਚਸ਼ੀਲ ਵਿੱਚ ਵਿਸ਼ਵਾਸ (ੲ) ਸੰਯੁਕਤ ਰਾਸ਼ਟਰ ਵਿੱਚ ਵਿਸ਼ਵਾਸ
(ਸ)ਉਪਰੋਕਤ ਸਾਰੇ
ਉੱਤਰ:- ਉਪਰੋਕਤ ਸਾਰੇ।
6. ਪ੍ਰਸ਼ਨ:-ਭਾਰਤ ਦੀ ਵਿਦੇਸ਼ੀ ਨੀਤੀ ਦਾ ਨਿਰਮਾਤਾ ਕਿਸਨੂੰ ਮੰਨਿਆ ਗਿਆ ਹੈ?
(ੳ) ਅਟਲ ਬਿਹਾਰੀ ਬਾਜਪਾਈ (ਅ) ਮਨਮੋਹਨ ਸਿੰਘ (ੲ) ਰਾਜੀਵ ਗਾਂਧੀ (ਸ) ਜਵਾਹਰ ਲਾਲ ਨਹਿਰੂ
ਉੱਤਰ:-ਜਵਾਹਰ ਲਾਲ ਨਹਿਰੂ

## ਖਾਲੀ ਥਾਂ ਭਰੋ

7. ਪ੍ਰਸ਼ਨ:-ਸੰਯੁਕਤ ਰਾਸ਼ਟਰ ਦੇ ਕੁੱਲ -----ਮੈਂਬਰ ਹਨ।
(ੳ) 193 (ਅ)51
ਉੱਤਰ:-193
8. ਪ੍ਰਸ਼ਨ:-ਸੰਯੁਕਤ ਰਾਸ਼ਟਰ ਇਕ-----ਸੰਸਥਾ ਹੈ।
(ੳ) ਅੰਤਰਰਾਸ਼ਟਰੀ (ਅ)ਖੇਤਰੀ
ਉੱਤਰ:-ਅੰਤਰਰਾਸ਼ਟਰੀ
9. ਪ੍ਰਸ਼ਨ:- ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਦੀ ----------ਲਈ ਕੰਮ ਕਰ ਰਿਹਾ ਹੈ।
(ੳ) ਉਲੰਘਣਾ (ਅ)ਰੱਖਿਆ
ਉੱਤਰ:- ਰੱਖਿਆ
10. ਪ੍ਰਸ਼ਨ:- ਪੰਚਸ਼ੀਲ ਭਾਰਤ ਅਤੇ ------ਵਿਚਕਾਰ ਅਪਣਾਏ ਗਏ।
(ੳ) ਚੀਨ (ਅ)ਅਰਮੀਕਾ
ਉੱਤਰ:- ਚੀਨ

## ਸਹੀ-ਗਲਤ

11. ਪ੍ਰਸ਼ਨ:-ਭਾਰਤ ਦੀ ਪ੍ਰਮਾਣੂ ਨੀਤੀ ਵਿਨਾਸ਼ਕਾਰੀ ਮੰਤਵਾ ਵਾਲੀ ਨੀਤੀ ਹੈ।
ਉੱਤਰ:-(×)
12. ਪ੍ਰਸ਼ਨ:-ਭਾਰਤ ਉਪਨਿਵੇਸ਼ਵਾਦ ਦਾ ਵਿਰੋਧ ਕਰਦਾ ਹੈ?
ਉੱਤਰ:-(✓)

13. ਪ੍ਸ਼ਨ:–ਭਾਰਤ ਮਨੁੱਖੀ ਅਧਿਕਾਰਾਂ ਅਤੇ ਸੁਤੰਤਰਤਾਵਾਂ ਦੀ ਰੱਖਿਆ ਵਿੱਚ ਵਿਸ਼ਵਾਸ਼ ਕਰਦਾ ਹੈ?
ਉੱਤਰ:–(✓)

14. ਪ੍ਸ਼ਨ:–ਚੀਨ ਨੇ ਭਾਰਤ ਉੱਪਰ ਹਮਲਾ ਕਰਕੇ ਪੰਚਸ਼ੀਲ ਸਿਧਾਂਤਾਂ ਦੀ ਭਾਵਨਾ ਦ ਉਲਟ ਕੰਮ ਕੀਤਾ।
ਉੱਤਰ:–(✓)

15. ਪ੍ਸ਼ਨ:–ਭਾਰਤ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪ੍ਰੀਸ਼ਦ ਦਾ ਸਥਾਈ ਮੈਂਬਰ ਹੈ।
ਉੱਤਰ:–(×)

16. ਪ੍ਸ਼ਨ:–ਭਾਰਤ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪ੍ਰੀਸ਼ਦ ਦਾ ਸਥਾਈ ਮੈਂਬਰ ਬਣਨ ਦੀ ਕੋਸ਼ਿਸ਼ ਕਰ ਰਿਹਾ ਹੈ।
ਉੱਤਰ:–(✓)

17. ਪ੍ਸ਼ਨ:–ਭਾਰਤ ਅੰਤਰ ਰਾਸ਼ਟਰੀ ਝਗੜਿਆਂ ਨੂੰ ਲੜਾਈ ਦੁਆਰਾ ਖਤਮ ਕਰਨ ਦੇ ਹੱਕ ਵਿੱਚ ਹੈ।
ਉੱਤਰ:–(×)

18. ਪ੍ਸ਼ਨ:–ਭਾਰਤ ਰਾਸ਼ਟਰਮੰਡਲ ਦਾ ਮੈਂਬਰ ਹੈ।
ਉੱਤਰ:–(✓)

19. ਪ੍ਸ਼ਨ:–ਭਾਰਤ ਅਕਸਰ ਹੀ ਆਪਣੇ ਗੁਆਂਢੀ ਦੇਸ਼ਾਂ ਨਾਲ ਲੜਦਾ ਰਹਿੰਦਾ ਹੈ।
ਉੱਤਰ:–(×)

20. ਪ੍ਸ਼ਨ:–ਭਾਰਤ ਵਿਸ਼ਵਸ਼ਾਤੀ ਦੀ ਸਥਾਪਨਾ ਲਈ ਕੋਈ ਕੰਮ ਨਹੀਂ ਕਰ ਰਿਹਾ ਹੈ।
ਉੱਤਰ:–(×)

21. ਪ੍ਸ਼ਨ:–ਹੇਠ ਲਿਖੇ ਤੱਥਾਂ ਦਾ ਮਿਲਾਨ ਉਨ੍ਹਾਂ ਦੇ ਘਟਿਤ ਹੋਣ ਦੇ ਸਾਲ ਨਾਲ ਮਿਲਾਨ ਕਰੋ:–

| ਤੱਥ | ਘਟਿਤ ਹੋਣ ਦਾ ਸਾਲ ਈ.ਵਿੱਚ |
|---|---|
| 1. ਭਾਰਤ ਉੱਪਰ ਪਾਕਿਸਤਾਨ ਦਾ ਹਮਲਾ | 1954 |
| 2. ਭਾਰਤ ਉੱਪਰ ਚੀਨ ਦਾ ਹਮਲਾ | 1965 |
| 3. ਸੰਯੁਕਤ ਰਾôਟਰ ਦੀ ਸਥਾਪਨਾ | 1952 |
| 4. ਪੰਚਸ਼ੀਲ | 1945 |
| 5. ਭਾਰਤੀ ਰਾਸ਼ਟਰੀ ਕਾਂਗਰਸ ਦੀ ਸਥਾਪਨਾ | 1962 |
| 6. ਪਹਿਲੀਆਂ ਆਮ ਚੋਣਾ | 198● |
| 7. ਭਾਰਤੀ ਜਨਤਾ ਪਾਰਟੀ ਦਾ ਜਨਮ | 1885 |

ਉੱਤਰ:–

| **ਤੱਥ** | **ਘਟਿਤ ਹੋਣ ਦਾ ਸਾਲ ਈ.ਵਿੱਚ** |
|---|---|
| 1. ਭਾਰਤ ਉੱਪਰ ਪਾਕਿਸਤਾਨ ਦਾ ਹਮਲਾ | 1965 |
| 2. ਭਾਰਤ ਉੱਪਰ ਚੀਨ ਦਾ ਹਮਲਾ | 1962 |
| 3. ਸੰਯੁਕਤ ਰਾਸ਼ਟਰ ਦੀ ਸਥਾਪਨਾ | 1945 |
| 4. ਪੰਚਸ਼ੀਲ | 1954 |
| 5. ਭਾਰਤੀ ਰਾਸ਼ਟਰੀ ਕਾਂਗਰਸ ਦੀ ਸਥਾਪਨਾ | 1885 |
| 6. ਪਹਿਲੀਆਂ ਆਮ ਚੋਣਾ | 1952 |
| 7. ਭਾਰਤੀ ਜਨਤਾ ਪਾਰਟੀ ਦਾ ਜਨਮ | 198● |

## ਇੱਕ ਲਾਈਨ ਵਾਲੇ ਪ੍ਸ਼ਨ

22. ਪ੍ਸ਼ਨ:–ਪੰਚਸ਼ੀਲ ਸਿਧਾਂਤ ਕਿੰਨਾ ਦੋ ਦੇਸ਼ਾ ਵਿਚਕਾਰ ਅਪਨਾਏ ਗਏ?
ਉੱਤਰ:–ਚੀਨ ਅਤੇ ਭਾਰਤ

23. ਪ੍ਸ਼ਨ:–ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪ੍ਰੀਸ਼ਦ ਦੇ ਸਥਾਈ ਮੈਂਬਰਾਂ ਦੀ ਗਿਣਤੀ ਕਿੰਨੀ ਹੈ?
ਉੱਤਰ:–ਪੰਜ

24. ਪ੍ਸ਼ਨ:–ਸੰਯੁਕਤ ਰਾਸ਼ਟਰ ਦਾ ਮੁੱਖ ਦਫ਼ਤਰ ਕਿੱਥੇ ਹੈ?
ਉੱਤਰ:–ਅਮਰੀਕਾ ਦੇ ਸ਼ਹਿਰ ਨਿਊਯਾਰਕ ਵਿਖੇ

25. ਪ੍ਸ਼ਨ:–ਸੰਯੁਕਤ ਰਾਸ਼ਟਰ ਦੀ ਸਥਾਪਨਾ ਕਦੋਂ ਹੋਈ ?
ਉੱਤਰ:–24 ਅਕਤੂਬਰ 1945

## ਚਾਰ ਅੰਕਾਂ ਵਾਲੇ ਪ੍ਸ਼ਨ

26. ਪ੍ਰਸ਼ਨਃ- ਭਾਰਤੀ ਵਿਦੇਸ਼ੀ ਨੀਤੀ ਦੀਆ ਵਿਸ਼ੇਸ਼ਤਾਵਾਂ ਲਿਖੋ।

ਉੱਤਰਃ- 1. ਗੁੱਟ ਨਿਰਪੇਖਤਾ ਦੀ ਨੀਤੀਃ- ਭਾਰਤ ਨੂੰ ਅਜਾਦੀ ਤੋਂ ਬਾਅਦ ਗੁੱਟ ਨਿਰਪੇਖਤਾ ਨੀਤੀ ਨੂੰ ਅਪਣਾਇਆ ਭਾਵ ਭਾਰਤ ਨੂੰ ਸ਼ਕਤੀ ਗੁੱਟਾ ਤੋਂ ਅਲੱਗ ਰਹਿਣ ਦੀ ਨੀਤੀ ਅਪਣਾਈ।

2. ਸਮਰਾਜਵਾਦ ਤੇ ਬਸ਼ਤੀਵਾਦ ਤੇ ਨਕਸਲਵਾਦ ਦਾ ਵਿਰੋਧਃ- ਭਾਰਤ ਇਨਾਂ ਬੁਰਾਈਆਂ ਦਾ ਹਮੇਸ਼ਾ ਵਿਰੋਧ ਕਰਦਾ ਹੈ। ਭਾਰਤ ਨੂੰ ਬਸਤੀਵਾਦ ਨੂੰ ਖਤਮ ਕਰਨ ਲਈ ਅੰਤਰ ਰਾਸ਼ਟਰੀ ਪੱਧਰ ਕਈ ਯਤਨ ਕੀਤੇ ਹਨ।

## ਛੇ ਅੰਕਾਂ ਵਾਲੇ ਪ੍ਰਸ਼ਨ

27. ਪ੍ਰਸ਼ਨਃ- ਭਾਰਤ ਪਾਕਿਸਤਾਨ ਵਿਚਕਾਰ ਤਨਾਂਅ ਦੇ ਕਾਰਣਾ ਤੇ ਨੋਟ ਲਿਖੋ?

ਉੱਤਰ;- 14 ਅਗਸਤ 1947 ਨੂੰ ਭਾਰਤੀ ਉਪ ਮਹਾਂਦੀਪ ਦੀ ਵੰਡ ਕਾਰਣ ਨਵੇਂ ਰਾਜ ਪਾਕਿਸਤਾਨ ਦਾ ਜਨਮ ਹੋਇਆ। ਅੰਗਰੇਜ਼ੀ ਨੀਤੀਆਂ ਕਾਰਨ ਭਾਰਤ ਪਾਕਿਸਤਾਨ ਵੰਡ ਵਿੱਚ ਬਹੁਤ ਕੁੜੱਤਣ ਤੇ ਦੁਸ਼ਮਨੀ ਦਾ ਮਹੌਲ ਪੈਦਾ ਹੋ ਗਿਆ। 1947 ਤੋਂ ਲੈ ਕੇ ਅੱਜ ਤੱਕ ਦੋਵੇ ਦੇਸ਼ਾਂ ਵਿੱਚ ਤਣਾਅ ਲਗਾਤਾਰ ਜਾਰੀ ਰਿਹਾ ਹੈ ਅਤੇ ਵੱਧਦਾ ਹੀ ਜਾ ਰਿਹਾਃ-

ਤਣਾਅ ਤੇ ਦੁਸ਼ਮਨੀ ਦੇ ਕਈ ਕਾਰਣ ਹਨਃ-

1) ਭਾਰਤ ਪਾਕਿਸਤਾਨ ਵਿਚਕਾਰ ਸਭ ਤੋਂ ਵੱਡਾ ਤਨਾਅ ਦਾ ਕਾਰਣ ਕਸ਼ਮੀਰ ਹੈ। ਕਸ਼ਮੀਰ ਨੂੰ ਦੋਵੇ ਦੇਸ਼ ਆਪਣਾ ਹਿੱਸਾ ਮੰਨਦੇ ਹੋਏ, ਪ੍ਰਾਪਤ ਕਰਨਾ ਚਾਹੁੰਦੇ ਹਨ। ਪਰ ਕਸ਼ਮੀਰ ਸਮੱਸਿਆ ਦਾ ਕੋਈ ਹੱਲ ਨਾਂ ਮਿਲਣ ਕਾਰਣ ਦੋਨਾ ਦੇਸ਼ਾਂ ਵਿਚ ਤਨਾਅ ਬਣਿਆ ਹੋਇਆ ਹੈ।

2) ਪਾਕਿਸਤਾਨ ਅਕਸਰ ਸੀਮਾ ਰੇਖਾ ਦਾ ਉਲੰਘਣਾ ਕਰਦੇ ਹੋਏ,ਭਾਰਤ ਦੀ ਸੀਮਾ ਅੰਦਰ ਕਈ ਵਾਰ ਘੁਸਪੈਠ ਕਰਦਾ ਹੈ। ਇਸ ਘੁਸਪੈਠ ਵਿੱਚ ਦੋਵੇਂ ਦੇਸ਼ਾਂ ਦੇ ਸੈਨਿਕ ਲਗਾਤਾਰ ਮਾਰੇ ਜਾ ਰਹੇ ਹਨ।

3) ਪਾਕਿਸਤਾਨ ਲੰਮੇ ਸਮੇਂ ਤੋਂ ਅੱਤਵਾਦੀ ਸੰਗਠਨਾਂ ਨੂੰ ਸਿਖਲਾਈ ਅਤੇ ਨਾਜ਼ਾਇਜ ਹਥਿਆਰ ਦੇ ਕੇ ਭਾਰਤ ਵਿਰੁੱਧ ਅੱਤਵਾਦੀ ਕਾਰਵਾਈਆਂ ਲਈ ਵਰਤਦਾ ਹੈ। ਜਿਸ ਨਾਲ ਭਾਰਤ ਦੀ ਸ਼ਾਤੀ ਭੰਗ ਹੁੰਦੀ ਹੈ। ਦੋਵੇਂ ਦੇਸ਼ ਦੀਆਂ ਸੇਨਾਵਾਂ ਦਾ ਨੂੰ ਭਾਰੀ ਜਾਨੀ ਨੁਕਸਾਨ ਉਠਾਉਣਾ ਪੈ ਰਿਹਾ ਹ।

4) ਸਾਈਚਨ ਗਲੇਸ਼ੀਅਰ ਵੀ ਝਗੜੇ ਦਾ ਕਾਰਣ ਹੈ, ਦੋਵੇਂ ਹੀ ਦੇਸ਼ ਇਸਤੇ ਅਧਿਕਾਰ ਜਮਾਉਣਾ ਚਾਹੁੰਦੇ ਹਨ।

5) ਕਾਰਗਿਲ ਸਮੱਸਿਆ, ਪਾਣੀ ਦਾ ਝਗੜਾ, ਭਾਰਤੀ ਸੰਸਦ ਤੇ ਹਮਲਾ ,ਭਾਰਤ ਪਾਕਿਸਤਾਨ ਵਿਚਕਾਰ 1965, 1971 ਦੇ ਯੁੱਧ ਆਦਿ ਤਣਾਅ ਦੇ ਕਈ ਕਾਰਣ ਹਨ। ਦੋਵੇਂ ਦੇਸ਼ਾਂ ਵਿਚਕਾਰ ਦੁਸ਼ਮਨੀ ਦਾ ਇੱਕ ਲੰਬਾ ਇਤਿਹਾਸ ਹੈ।